1933 ਤੋਂ


ਪ੍ਰੀਤ ਲੜੀ

THE OLDEST LITERARY PUNJABI MAGAZINE IN THE WORLD

90ਵਾਂ ਸਾਲ

ਅੰਕ 6

ਜੂਨ 2023 | ₹ 50



Sri Satguru Jagjit Singh Ji eLibrary NamdhariElibrary@gmail.com



www.markfedpunjab.com

Sri Satguru Jagjit Singh Ji eLibrary NamdhariElibrary@gmail.com

Western Propaganda—The Greatest Trick The Devil Ever Played

Good propaganda doesn't make you think, it makes you feel

Harold De Gauche



A Russian is on a flight heading to the US when an American in the seat next to him enquires: 'So what brings you to the US?' 'I'm studying the American approach to propaganda', the Russian replies. ' What propaganda?', the American exclaims. 'That's what I mean.' ...

Western propaganda and ideology are just like the Devil: the greatest trick they ever played was to make us think they don't exist. The very moment you believe they're not there is the very moment you're in the eye of the storm.

Repeat until it becomes real

Propaganda takes many forms. One of them is to supersaturate the public space with certain repeating phrases ad infinitum. When you stand back and take a broad view of news media, you will easily spot these phrases and will from then on not be able to unsee them. That being said, this is an amazingly effective technique for planting notions and connections in people's minds and generally herding them towards the sort of vantage points you want them to view events from.

The 'unprovoked and unjustified invasion of Ukraine' mantra, which Noam Chomsky draws attention to, is a good example of this sort of practice and it has metastasised across the internet. There are two interesting features of this sort of device. The first is that even if the invasion were 100% irrefutably unprovoked, this still would be beside the point. There is 0% attempt to weigh up the evidence and engage in an open and honest appraisal. In fact, the exact opposite is the goal — to say something so many times that no piece of evidence nor sound argument will ever neutralise the feeling that it was genuinely unprovoked and unjustified. Once the phrase is said enough, it becomes self-propelling and self-propagating. The second interesting feature is that many, but most certainly not all, of the people repeating the phrase are not propagandists as such. Once the phrase is said enough, it becomes self-propelling and self-propagating. Journalists and commentators pick up on it and simply keep the ball rolling. For this, all that is required is the right people in the right places repeating the phrase enough times for it to embed itself....

The eyes and ears of society

Western nations are awash with think tanks, special interest groups, advisory committees, PACs, NGOs of one kind or another and generally a whole welter of organisations floating about the public sphere doing; some doing eminently good work and some doing anything but. This helps to engender a diverse ecosystem for ideas, which is a good thing. It also makes it seem like there is far more diversity of thought than there actually is, which is bad thing. One such organisation swimming about doing anything but noble work is the think tank and research group the Institute for the Study of War (ISW). The ISW was founded in 2007 and has received funding from 2 of the world's 5 biggest military contractors, General Dynamics and Raytheon, and even companies like General Motors. ....One of ISW's activities is to compile daily battlefield reports on the war in Ukraine in which information is cropped and manicured to spin the war according to the views and values of the think tank. These reports are then used by such papers as the New York Times, the Wall Street Journal and the Washington Post as their ears and eyes on the ground in Ukraine....

Whipping up a storm

In fact, US ideologues and propagandists have been too successful at whipping up the sort of blind, bilious hate that (anti-imperialist journalist) John Pilger called 'a tsunami of jingoism', of a like that, even after covering up to ten wars, he has never seen. This is evidenced by the never-ending stream of vilification across the Western World: all roads lead to Russia,whether any evidence exists or not. ...

SEE PAGE 18

Sri Satguru Jagjit Singh Ji eLibrary NamdhariElibrary@gmail.com

“ਉਹ ਆਏ, ਜਿਨ੍ਹਾਂ ਢਾਕੇ ਬੰਬ ਚਲਾਏ!”– ਪਾਕਿਸਤਾਨੋਂ ਇੱਕ ਹੋਰ ਟਿੱਪਣੀ

ਕੁਝ ਦਿਨ ਪਹਿਲਾਂ ਇਹ ਵ੍ਹੱਟਸਐਪ ਵੀਡੀਓ ਟਿੱਪਣੀ ਇੱਕ ਜ਼ਹੀਨ ਪਾਠਕਾਂ ਨੇ ਕੈਨੇਡਾ ਤੋਂ ਭੇਜੀ। ਬੋਲਣ ਵਾਲੇ ਦਾ ਨਾਂ ਨਹੀਂ ਪਤਾ ਲੱਗਾ ਪਰ ਗੱਲ, ਅਤੇ ਗੱਲ ਆਖਣ ਦੀ ਜਾਚ ਦੇ ਕਿਆ ਕਹਿਣੇ! ਤੁਸੀਂ ਵੀ ਜਾਣੋ-

“ਬਾਜ਼ ਗੱਲਾਂ, ਸੁਣੀਆਂ ਬਚਪਨ ਵਿਚ ਨੇ, ਪਰ ਉਨ੍ਹਾਂ ਦਾ ਮਤਲਬ ਵੱਡੇ ਹੋ ਕੇ ਸਮਝ ਆਉਂਦਾ ਹੈ! ਸਾਡੀ ਬੈਠਕ ਵਿਚ ਕਿਸੇ ਨਿਕੰਮੇ ਬੰਦੇ ਨੇ ਆਉਣਾ ਤੇ ਕਿਸੇ ਨਾਅਰਾ ਲਾ ਛੱਡਣਾ, ਬਈ “ਉਹ ਆਏ, ਜਿਨ੍ਹਾਂ ਢਾਕੇ ਬੰਬ ਚਲਾਏ!” ਅਸੀਂ ਬੱਚਿਆਂ ਨੇ ਸੋਚਣਾ, ਬਈ ਇਹ ਬੰਦਾ ਤਾਂ ਪਿੰਡ ਵਿਚ ਹੀ ਵਿਹਲਾ ਫਿਰਦਾ ਰਹਿੰਦੈ, ਇਹ ਢਾਕੇ ਕਿੱਥੋਂ ਗਿਆ? ਤੇ ਇਹਨੇ ਬੰਬ ਕਿੱਥੋਂ ਚਲਾ ਛੱਡੇ? ਥੋੜ੍ਹੇ ਵੱਡੇ ਹੋਏ ਤੇ ਪਤਾ ਲੱਗਾ ਕਿ “ਢਾਕਾ ਪਾਕਿਸਤਾਨ ਵਿਚ ਹੀ ਹੁੰਦਾ ਸੀ, ਫੇਰ ਸਾਡੇ ਵੈਰੀਆਂ ਨੇ ‘ਸਕੂਤੇ ਢਾਕਾ’ ਕਰ ਛੱਡਿਆ।” ਫੇਰ ਸਕੂਲੇ ਪੜ੍ਹਨੇ ਪੈ ਗਏ। ਓਥੇ ਪੜ੍ਹਾਇਆ ਗਿਆ ਕਿ ਸਾਡੇ ਨਾਲ ਇੱਕ “ਸਾਨੀਹਾਏ” ਮਸ਼ਰਕੀ ਪਾਕਿਸਤਾਨ ਹੋ ਗਿਆ ਸੀ। ਫੇਰ ਹੋਰ ਵੱਡੇ ਹੋ ਗਏ। ਮੁਲਕੋਂ ਬਾਹਰ ਗਏ। ਤੇ ਪਹਿਲੀ ਦਫ਼ਾ ਬੰਗਲਾਦੇਸੀ ਭੈਣ ਭਰਾਵਾਂ ਨਾਲ ਗੱਲਬਾਤ ਹੋਈ, ਉਨ੍ਹਾਂ ਨੇ ਤਬੀਅਤ ਸਾਫ਼ ਕਰ ਛੱਡੀ! ਉਨ੍ਹਾਂ ਨੇ ਕਿਹਾ, “ਕਿਹੜਾ ਸਕੂਤ? ਤੇ ਕਿਹੜਾ ਸਾਨੀਹਾ? ਅਸੀਂ ਤੇ ਤੁਹਾਡੇ ਨਾਲ ਲੜ ਕੇ ਤੁਹਾਡੇ ਤੋਂ ਜਾਨ ਛੁਡਾਈ ਸੀ, ਤੇ ਆਪਣੀ ਅਜ਼ਾਦੀ ਲਈ ਸੀ! ਇਹ ਵੀ ਦੱਸਿਆ ਕਿ ਅਸੀਂ ਆਪਣੇ ਬੱਚੇ ਵੀ ਕੁਹਾਏ, ਤੁਸੀਂ ਸਾਡੇ ਲਿਖਾਰੀਆਂ ਤੇ ਉਸਤਾਦਾਂ ਨੂੰ ਚੁਣ ਚੁਣ ਕੇ ਮਾਰਿਆ, ਤੇ ਬੰਗਾਲੀਆਂ ਦੀ ਨਸਲ ਬਦਲਣ ਦਾ ਨਾਅਰਾ ਮਾਰ ਕੇ ਲੱਖਾਂ ਔਰਤਾਂ ਦਾ ਰੇਪ ਵੀ ਹੋਇਆ। ਹੁਣ ਬੰਗਲਾਦੇਸ਼ ਪੰਜਾਹ ਵਰ੍ਹਿਆਂ ਦਾ ਹੋ ਗਿਐ, ਸਾਡੇ ਪਾਕਿਸਤਾਨੀ ਸੇਠਾਂ ਨੇ ਓਥੇ ਟੈਕਸ ਫ੍ਰੀ ਜ਼ੋਨਾਂ ਵਿਚ ਆਪਣੇ ਕਾਰਖਾਨੇ ਵੀ ਲਾ ਲਏ ਨੇ, ਅਸੀਂ ਪਹਿਲੇ ‘ਬੰਗਲਾਦੇਸ਼ ਨਾ-ਮਨਜ਼ੂਰ ਨਾ-ਮਨਜ਼ੂਰ’ ਕਹਿੰਦੇ ਹੁੰਦੇ ਸਾਂ, ਹੁਣ ਉਹਨੂੰ ਅਸੀਂ ਆਪਣਾ ਬਿਰਾਦਰ ਇਸਲਾਮੀ ਮੁਲਕ ਮੰਨ ਲਿਆ।

ਲੇਕਿਨ ਇਹ ਅੱਜ ਤੱਕ ਕਿਸੇ ਨਹੀਂ ਦੱਸਿਆ ਕਿ ਢਾਕੇ ਬੰਬ ਕਿਹਨੇ ਚਲਾਏ ਸਨ ਤੇ ਕਿਉਂ ਚਲਾਏ ਸਨ!ਅੱਜ ਤੱਕ ਅਸੀਂ ਆਪਣੀਆਂ ਅਗਲੀਆਂ ਨਸਲਾਂ ਨੂੰ ਇਹੀ ਪੜ੍ਹਾਈ ਜਾ ਰਹੇ ਹਾਂ ਕਿ ਹਿੰਦੋਸਤਾਨ ਨੇ ਸਾਜ਼ਿਸ਼ ਕੀਤੀ, ਬੰਗਾਲੀ ਵੀ ਕੁਝ ਕੱਚੇ ਪੱਕੇ ਹੀ ਮੁਸਲਮਾਨ ਸਨ, ਗੱਦਾਰ ਸਨ, ਅਸੀਂ ਰੱਜੇ ਸਾਂ, ਉਹ ਭੁੱਖੇ ਸਨ। ‘ਭੁਖਾ ਬੰਗਾਲੀ’ ਅੱਜ ਵੀ ਉਰਦੂ ਦੇ ਵਿਚ ਮੁਹਾਵਰੇ ਦੇ ਤੌਰ ‘ਤੇ ਇਸਤੇਮਾਲ ਹੁੰਦੈ! ਕਦੇ ਕਿਸੇ ਨੇ ਇਹ ਨਹੀਂ ਦੱਸਿਆ ਕਿ ਅਸੀਂ ਰੱਜੇ ਏਸ ਲਈ ਸਾਂ ਬਈ ਕਮਾਉਂਦੇ ਉਹ ਸਨ- ਤੇ ਖਾਂਦੇ ਅਸੀਂ ਸਾਂ। ਨਾ ਕੋਈ ਉਸਤਾਦ ਜਾਂ ਟੀਵੀ ਚੈਨਲ ਸਾਨੂੰ ਇਹ ਦੱਸਦੈ ਕਿ ਸਾਡਾ ਓਥੇ ਬੰਬ ਚਲਾਉਣ ਵਾਲਾ ਇੱਕ ਜਰਨੈਲ ਨਿਆਜ਼ੀ ਸੀ, ਜਿਹਨੇ ਇੱਕ ਦਿਨ ਕਿਹਾ ਕਿ- ‘ਹਿੰਦੋਸਤਾਨੀ ਟੈਂਕ ਮੇਰੇ ਜੁੱਸੇ ਤੋਂ ਲੰਘ ਕੇ ਢਾਕੇ ਵੜੇਗਾ’, ਫੇਰ ਅਗਲੇ ਦਿਨ ਹੀ ਪਿਸਤੌਲ ਲਾਹ ਕੇ ਹਿੰਦੋਸਤਾਨੀ ਫ਼ੌਜ ਦੇ ਅੱਗੇ ਲੰਮਾ ਪੈ ਗਿਆ, ਤੇ ਉਹਦੇ ਪਿੱਛੇ ਸਾਡੀ ਵਿਚਾਰੀ ਬਾਕੀ ਫ਼ੌਜ ਦਾ ਵੀ ਇਹੀ ਹਸ਼ਰ ਹੋਇਆ।

ਅਸੀਂ ਅੱਜ ਤੱਕ ਇਹ ਰੌਲ਼ਾ ਪਾਈ ਜਾ ਰਹੇ ਹਾਂ ਕਿ ਸਾਡੀ ਅੱਵਲ ਤੇ ਬੇਇੱਜ਼ਤੀ ਹੋਈ ਨਹੀਂ, ਜੇ ਹੋਈ ਤੇ ਥੋੜ੍ਹੀ ਜਿਹੀ ਹੋਈ, ਕਿਓਂਕਿ ਸਾਜ਼ਿਸ਼ ਵੱਡੀ ਸੀ, ਹਥਿਆਰ ਸੁੱਟਣ ਆਲੇ ਫ਼ੌਜੀਨੱਬੇ ਹਜ਼ਾਰ ਨਹੀਂ ਬੱਸ ਕੋਈ 20-30 ਹਜ਼ਾਰ ਸਨ, ਤੇ ਰੇਪ ਵੀ ਲੱਖਾਂ ਦੇ ਨਹੀਂ ਹੋਏ, ਬੱਸ ਐਵੇਂ ਉਹ ਵੀ 20-30 ਹਜ਼ਾਰ ਸਨ। ਉਸਤਾਦ ਲੋਕ ਮਾਰੇ ਗਏ, ਦਾਨਿਸ਼ਵਰ ਮਾਰੇ ਗਏ- ਉਹਦੇ ਬਾਰੇ ਵੀ ਸਾਡਾ ਰਵੱਈਆ ਕੁਝ ਇੰਝ ਹੀ ਹੈ ਕਿ- ‘ਇਸ ਤਰ੍ਹਾ ਤੋ ਹੋਤਾ ਹੈ, ਇਸ ਤਰ੍ਹਾ ਕੇ ਕਾਮੋਂ ਮੇਂ’।

ਸਾਡੇ ਪੰਜਾਬ ਵਿਚ ਬੰਗਲਾਦੇਸ਼ ਦੀ ਅਜ਼ਾਦੀ ਦੀ ਖ਼ਬਰ ਕਾਫ਼ੀ ਲੇਟ ਪਹੁੰਚੀ! ਬਲਕਿ ਬਾਜ਼ ਦਫ਼ਾ ਤੇ ਇੰਝ ਲੱਗਦੈ ਕਿ ਅਜੇ ਤੱਕ ਵੀ ਨਹੀਂ ਪਹੁੰਚੀ! ਸਾਨੂੰ ਇਹ ਵੀ ਕੋਈ ਨਹੀਂ ਸਮਝਾਉਂਦਾ ਕਿ ਢਾਕੇ ਵਿਚ ਦੋਵ੍ਹਾਂ ਪਾਸਿਓਂ ਪੰਜਾਬੀ ਫ਼ੌਜੀ ਹੀ ਲੜ ਰਹੇ ਸਨ , ਜਾਂ ਕਮ ਜ਼ ਕਮ ਉਨ੍ਹਾਂ ਵਿਚੋਂ ਜ਼ਿਆਦਾ ਪੰਜਾਬੀ ਸਨ। ਪਾਕਿਸਤਾਨੀ ਪੰਜਾਬੀ ਬੰਗਲਾਦੇਸ਼ੀਆਂ ਨੂੰ ਹਿੰਦੋਸਤਾਨ ਤੋਂ ਬਚਾਉਣ ਦੇ ਲਈ ਆਏ ਸਨ, ਤੇ ਹਿੰਦੋਸਤਾਨੀ ਪੰਜਾਬੀ ਉਨ੍ਹਾਂ ਨੂੰ ਸਾਡੇ ਤੋਂ ਬਚਾਉਣ ਲਈ। ਬੰਗਲਾਦੇਸ਼ੀ ਸਿਆਣੇ ਨਿੱਕਲੇ- ਉਨ੍ਹਾਂ ਨੇ ਦੋਹਾਂ ਕੋਲੋਂ ਹੀ ਜਾਨ ਛੁਡਾਅ ਲਈ!



ਜਿਹੜੇ ਬੰਬ ਸਾਡੇ ਕੋਲੋਂ ਢਾਕੇ ਨਾ ਚੱਲੇ, ਉਹ ਅਸੀਂ ਘਰੋ ਘਰੀ ਲੈ ਕੇ ਵਾਪਸ ਆ ਗਏ। ਤੇ ਫੇਰ ਕਦੀ ਕਸ਼ਮੀਰ, ਕਦੇ ਬਲੋਚਸਤਾਨ, ਕਦੇ ਫ਼ਾਟਾ ਜਿੱਥੇ ਦਿਲ ਕਰੇ ਚਲਾਈ ਰੱਖਣੇ ਹਾਂ।

ਇੱਕ ਬੰਗਲਾਦੇਸ਼ੀ ਬਜ਼ੁਰਗ ਨੇ ਸਮਝਾਇਆ ਸੀ ਕਿ ‘ਪਾਕਿਸਤਾਨੀਆਂ ਤੇ ਹਿੰਦੋਸਤਾਨੀਆਂ ਨੂੰ ਅਜ਼ਾਦੀ ਦੀ ਕੋਈ ਕਦਰ ਨਹੀਂ ਕਿਓਂਕਿ ਤੁਹਾਨੂੰ ਅਜ਼ਾਦੀ ਘਰ ਬੈਠਿਆਂ ਮਿਲ ਗਈ ਏ, ਤੇ ਅਸੀਂ ਏਸ ਲਈ ਕਦਰ ਕਰਦੇ ਹਾਂ ਕਿਓਂਕਿ ਅਸੀਂ ਲੜ ਕੇ ਲਈ ਹੈ। ਫੇਰ ਇੱਕ ਬੰਗਲਾਦੇਸ਼ੀ ਮੁੰਡਾ ਵੀ ਸੀ, ਉਹ ਵੀ ਮੇਰੇ ਖਹਿੜੇ ਪੈ ਗਿਆ, ਕਹਿੰਦਾ, “ਭਾਈ ਜਾਨ ਆਪ ਲੋਗ ਏਕ ਦਫ਼ਾ ਬੱਸ ਮੁਆਫ਼ੀ ਮਾਂਗ ਲੇਂ, ਔਰ ਉਸ ਕੇ ਬਾਅਦ ਹਮ ਲੋਗ ਹੰਸੀ ਖ਼ੁਸ਼ੀ ਰਹਿ ਸਕਤੇ ਹੈਂ”। ਮੈਂ ਹੱਥ ਬੰਨ੍ਹ ਕੇ ਆਖਿਆ ਕਿ ‘ਚੱਲ ਮੁੰਡਿਆ, ਮੈਂ ਤੇ ਮੁਆਫ਼ੀ ਮੰਗ ਲੈਂਦਾਂ, ਲੇਕਿਨ ਤੁਸੀਂ ਵੀ ਸਾਡੇ ਕੋਲੋਂ ਥੋੜ੍ਹੀ ਜਿਹੀ ਮੁਆਫ਼ੀ ਮੰਗੋ! ਬਈ ਅਜ਼ਾਦੀ ਲੈਣ ਲਈ ਲੜੇ ਸਉ, ਫੇਰ ਅਜ਼ਾਦੀ ਲਈ ਹੈ, ਤੇ ਸਾਨੂੰ ਭਰਾਵਾਂ ਨੂੰ ਪਿੱਛੇ ਕਿਉਂ ਛੱਡ ਗਏ?! ਕਿਓਂਕਿ ਅਸੀਂ ਤੇ ਅੱਜ ਵੀ ਓਥੇ ਈ ਬੈਠੇ ਹਾਂ! ਤੇ ਓਹੀ ਨਾਅਰੇ ਮਾਰਦੇ ਹਾਂ, ਕਿ - “ਉਹ ਆਏ ਜਿਨ੍ਹਾਂ ਢਾਕੇ ਬੰਬ ਚਲਾਏ!”

ਬੰਗਲਾਦੇਸ਼ ਨੂੰ ਅਜ਼ਾਦੀ ਮੁਬਾਰਕ! ਅੱਲ੍ਹਾ ਸਾਡੇ ਨਸੀਬ ਵਿਚ ਵੀ ਕਰੇ! ਰੱਬ ਰਾਖਾ!”

ਪ੍ਰੀਤ ਲੜੀ

THE OLDEST
LITERARY
PUNJABI MAGAZINE
IN THE WORLD

ਅੰਕ # 6
ਜੂਨ 2023
ਸਾਲ 90ਵਾਂ

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ
ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਤੇ ਸ੍ਰੀ ਵੈਸ਼ਨਵ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

₹ 50	ਮੁੱਲ
₹ 600	ਸਾਲਾਨਾ ਚੰਦਾ
₹ 25,000	ਜੀਵਨ ਸਾਥ (ਭਾਰਤ)
₹ 3,500	ਬਾਇ ਏਅਰ ਸਾਲ
₹ 7,000	ਸੰਸਥਾਵਾਂ ਬਾਇ ਏਅਰ

www.preetlari2.wordpress.com;
preetlari.wordpress.com;
#preetlari1;

@preetlarimagazine on Instagram

facebook.com/groups/preetlari

preetlarhi@gmail.com

PUBLISHED BY:
PREET LARI TRUST
PREET NAGAR,
DISTT. AMRITSAR
PUNJAB 143109

CONTACT:

PREET LARI,
VILLAGE PREET NAGAR
(DISTT AMRITSAR)PUNJAB,
INDIA 143109
PREET LARI,
81, 10 A,
CHANDIGARH 160011

PUBLISHER
+91 98762 63725

EDITOR
+9173476 42206

ਦਿਲ ਦੀ ਚੰਗਿਆਈ ਹੀ ਸਾਡੀ ਆਤਮਾ ਦਾ ਘਰ ਹੈ। ਐ ਇਨਸਾਨ, ਮੁੜ ਕੇ ਇਹ ਲੱਭ ਲੈ ਅਤੇ ਇਸ ਘਰ ਵਿਚ ਆ ਕੇ ਹਮੇਸ਼ਾ ਦੇ ਲਈ ਖ਼ੁਸ਼ ਅਤੇ ਨਿਹਾਲ ਹੋ ਜਾ।

(ਜੌਇ ਸਿਖਰ ਕਾਨਫ਼ਰੰਸ ਵਿਚ ਪੇਸ਼ ਵਿਚਾਰ)

FOR BANK TO BANK TRANSFER ,
OUR BANK ACCOUNT : "Preet Lari Trust";
PNB (134810) 6379002100000349
IFSC: PUNB0134810 SWIFT: PUNBINBBAHB

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਮੁੱਖ ਸਫ਼ਾ- ਸਦੀ ਤੋਂ ਵੱਧ ਪੁਰਾਣਾ ਪਹਾੜੀ ਘਰ, ਪੁਰਾਣੇ ਪੰਜਾਬ ਦੇ ਦੁਰੇਡੇ ਪਹਾੜੀ ਪਿੰਡ ਦਾ, ਦਹਾਕਿਆਂ ਤੋਂ ਖ਼ਾਲੀ ਪਿਆ- ਅਜੇ ਖਲੋਤਾ, ਸਾਰੀ ਦੁਨੀਆ ਵਿਚ ਖਿਲਰੇ ਆਪਣੇ ਲਾਡਲਿਆਂ ਦੀਆਂ ਪੀੜ੍ਹੀਆਂ ਦੀ ਸੁੱਖ ਮੰਗਦਾ। ਫ਼ੋਟੋ: ਰਤਿਕਾ ਸਿੰਘ

ਕਹਾਣੀਆਂ

ਨਿੱਕਿਆਂ ਦੀ ਨੁੱਕਰ




ਸੰਪਾਦਕਾ, ਪ੍ਰੀਤ ਲੜੀ

Sri Satguru Jagjit Singh Ji eLibrary NamdhariElibrary@gmail.com

ਉਹ ਵਾਲਾ ਮੈਂ ਰਬੀਂਦ੍ਰ ਨਾਥ ਟੈਗੋਰ 162ਵਾਂ ਜਨਮਦਿਨ

ਉਹ ਜਿਸਨੂੰ ਮੈਂ ਆਪਣਾ ਨਾਂ ਦੇ ਕੇ ਢਕੀ ਰੱਖਦਾਂ
ਮਰ ਰਿਹੈ ਇਸ ਨਾਂ ਦੀ ਕੈਦ ਵਿਚ
ਜਿੰਨਾ ਹੀ ਮੈਂ ਸਭ ਕੁਝ ਭੁੱਲ ਕੇ ਕਰਦਾਂ ਕੋਸ਼ਿਸ਼
ਦਿਨ ਰਾਤ ਇਸ ਨਾਂ ਨੂੰ ਅਸਮਾਨੀਂ ਚਾੜ੍ਹਨ ਦੀ,
ਓਨਾ ਹੀ ਵੱਧ ਮੇਰੇ ਨਾਂ ਦੇ ਹਨੇਰੇ ਵਿਚ
ਮੈਂ ਗੁਆ ਦੇਂਦਾਂ ਆਪਣਾ ਸਹੀ ਆਪਾ।

ਤਹਿ ਦਰ ਤਹਿ
ਘੱਟੇ ਉਤੇ ਜੰਮੀ ਜਾਂਦੇ ਘੱਟੇ 'ਤੇ
ਮੈਂ ਆਪਣਾ ਨਾਂ ਕਰੀ ਜਾਂਦਾ ਉੱਚਾ।
ਕਿਤੇ ਕੋਈ ਤਰੇੜ ਨਾ ਹੋਵੇ ਕਿਤੇ
ਇਸ ਖ਼ੌਫ਼ ਨਾਲ
ਮੇਰਾ ਦਿਲ ਕਰਦਾ ਨਾ ਅਰਾਮ ਰਤਾ।
ਜਿੰਨਾ ਹੀ ਵੱਧ ਕਰਦਾਂ ਮੈਂ ਸਾਂਭ ਇਸ ਝੂਠ ਦੀ
ਓਨਾ ਹੀ ਵੱਧ ਗੁਆਵਾਂ ਆਪਾ।



ਬੈਠ ਮੁਸਕਾਵੇਂ

ਲੋਕਾਂ ਵਿਚ ਮੈਂ ਸ਼ੇਖੀ ਮਾਰੀ ਕਿ ਮੈਂ
ਤੈਨੂੰ ਜਾਣਿਐ।
ਉਹ ਤੇਰੀ ਤਸਵੀਰ ਦੇਖਦੇ ਸਾਰੇ ਕੰਮ ਵਿਚ
ਮੇਰੇ।
ਉਹ ਆ ਆ ਮੈਨੂੰ ਪੁੱਛਦੇ, "ਇਹ ਕੌਣ ਹੈ?"
ਮੈਂ ਨਾ ਜਾਣਾਂ ਉਨ੍ਹਾਂ ਨੂੰ ਕੀ ਜੁਆਬ ਹੈ ਦੇਣਾ।
ਮੈਂ ਕਹਿੰਦਾਂ, 'ਸੱਚੀਂ, ਮੈਨੂੰ ਨਹੀਂ ਪਤਾ।'
ਉਹ ਮੇਰੇ 'ਤੇ ਇਲਜ਼ਾਮ ਲਾਉਂਦੇ ਅਤੇ ਚਲੇ ਜਾਂਦੇ ਹਨ
ਥੂ ਥੂ ਕਰਦੇ।
ਅਤੇ ਤੂੰ ਓਥੇ ਬੈਠ ਮੁਸਕਾਵੇਂ।
ਮੈਂ ਤੇਰੇ ਬਾਰੇ ਆਪਣੇ ਕਿੱਸੇ ਪਰੋਵਾਂ
ਅਣ-ਮਰਨੇ ਗੀਤਾਂ ਵਿਚ।
ਸਾਰਾ ਭੇਤ ਭੱਜ ਭੱਜ ਡੁੱਲ੍ਹੀ ਆਵੇ
ਦਿਲ ਮੇਰੇ 'ਚੋਂ।

ਉਹ ਆ ਆ ਮੈਨੂੰ ਪੁੱਛਦੇ, 'ਦੱਸ ਮੈਨੂੰ ਸਾਰੇ ਆਪਣੇ
ਮਤਲਬ।'
ਮੈਂ ਨਾ ਜਾਣਾਂ ਉਨ੍ਹਾਂ ਨੂੰ ਕੀ ਜੁਆਬ ਹੈ ਦੇਣਾ।
ਮੈਂ ਕਹਿੰਦਾਂ, 'ਹਾਇ, ਕੀ ਪਤਾ ਕੀ ਹਨ ਇਨ੍ਹਾਂ ਦੇ
ਮਤਲਬ!'
ਉਹ ਮੁਸਕਾਵਣ ਅਤੇ ਚਲੇ ਜਾਵਣ
ਥੂ ਥੂ ਕਰਦੇ ਪੂਰਾ।

ਅਤੇ ਤੂੰ ਓਥੇ ਬੈਠ ਮੁਸਕਾਵੇਂ।

ਉਲਥਾ: ਪੂਨਮ ਸਿੰਘ

ਹੱਥਾਂ 'ਚੋ ਕਿਰਦੀ ਰੇਤ

ਰਵਿੰਦਰ ਸਿੰਘ ਸੋਢੀ



ਗੁਰੀ ਅਤੇ ਨਤਾਲੀਆ ਘਰ ਤੋਂ ਬਾਹਰ ਆ ਕੇ ਕਾਰ ਵਿਚ ਬੈਠਣ ਹੀ ਲੱਗੇ ਸੀ ਕਿ ਗੁਰੀ ਦੀ ਛੋਟੀ ਭੈਣ ਸੈਮੀ ਘਰ ਆਉਂਦੀ ਦਿੱਖੀ।

ਉਸ ਨੇ ਦੂਰੋਂ ਹੀ ਆਪਣੇ ਭਰਾ ਨੂੰ ਨਤਾਲੀਆ ਨਾਲ ਦੇਖ ਕੇ ਨੱਕ ਜਿਹਾ ਚੜ੍ਹਾਇਆ। ਜਦੋਂ ਨਤਾਲੀਆ ਦੀ ਨਜਰ ਸੈਮੀ ਤੇ ਪਈ ਤਾਂ ਉਸ ਨੇ ਹੱਥ ਹਿਲਾ ਕੇ ਉਸ ਨੂੰ ਹਾਏ ਕੀਤਾ, ਪਰ ਸੈਮੀ ਬਿਨਾ ਕੋਈ ਜੁਆਬ ਦਿੱਤੇ ਮੂੰਹ ਜਿਹਾ ਬਣਾਅ ਕੇ ਘਰ ਦੇ ਅੰਦਰ ਚਲੀ ਗਈ।

ਉਸ ਦੇ ਅਜਿਹਾ ਕਰਨ 'ਤੇ ਨਤਾਲੀਆ ਨੂੰ ਬਹੁਤ ਹੈਰਾਨੀ ਹੋਈ ਅਤੇ ਉਸ ਨੇ ਗੁਰੀ ਨੂੰ ਪੁੱਛਿਆ, "ਗੁਰੀ, ਵੱਟ ਹੈਪੰਡ ਟੂ ਯੂਅਰ ਸਿਸਟਰ? ਆਈ ਵੇਵਡ ਟੂ ਹਰ ਐਂਡ ਸ਼ੀ ਇਗਨੋਰਡ!"

"ਫ਼ਾਰਗੈਟ ਅਬਾਊਟ ਹਰ। ਸ਼ੀ ਇਜ਼ ਮੈਡ।" ਗੁਰੀ ਨੇ ਨਤਾਲੀਆ ਲਈ ਕਾਰ ਦਾ ਦਰਵਾਜ਼ਾ ਖੋਲ੍ਹਦੇ ਹੋਏ ਕਿਹਾ।

ਸੈਮੀ ਅਜੇ ਘਰ ਦੇ ਅੰਦਰ ਵੜੀ ਹੀ ਸੀ ਕਿ ਉਸ ਦੀ ਮਾਂ ਨੇ ਉਸ ਨੂੰ ਦੇਖਦੇ ਹੀ ਗੁੱਸੇ ਵਿਚ ਕਿਹਾ, "ਅੱਜ ਫੇਰ ਲੇਟ ਆਈ ਹੈਂ? ਤੇਰੇ ਕੋਲੋਂ ਟੈਮ ਨਾਲ ਨੀ ਆ ਹੁੰਦਾ?"

ਸੈਮੀ ਜਿਹੜੀ ਪਹਿਲਾਂ ਹੀ ਗੁਰੀ ਅਤੇ ਨਤਾਲੀਆ ਨੂੰ ਇਕੱਠੇ ਦੇਖ ਕੇ ਭਰੀ-ਪੀਤੀ ਹੋਈ ਸੀ, ਗੁੱਸੇ ਵਿਚ ਬੋਲੀ, "ਮੈਨੂੰ ਗੁਰੀ ਵਾਂਗ ਕਾਰ ਨਹੀਂ ਲੈ ਕੇ ਦਿੱਤੀ। ਬੱਸਾਂ ਵਿਚ ਧੱਕੇ ਖਾਂਦੀ ਆਉਂਦੀ ਹਾਂ। ਦਸ ਪੰਦਰਾਂ ਮਿੰਟ ਲੇਟ ਕੀ ਹੋ ਜਾਓ, ਪੁੱਛ-ਗਿਛ ਸ਼ੁਰੂ ਹੋ ਜਾਂਦੀ ਹੈ।"

ਅਜਿਹਾ ਉੱਤਰ ਸੁਣ ਕੇ ਮਾਂ ਦਾ ਪਾਰਾ ਹੋਰ ਚੜ੍ਹ ਗਿਆ। ਉਹ ਸੈਮੀ ਵੱਲ ਵਧਦੀ ਬੋਲੀ, "ਨਾਲੇ ਚੋਰ ਨਾਲੇ ਚਤੁਰਾਈ, ਜਦੋਂ ਕਮਾਈ ਕਰੇਂਗੀ, ਲੈ ਲਈਂ ਕਾਰ। ਅਜੇ ਤਾਂ ਮਾਂ-ਪਿਉ ਦੇ ਸਿਰ ਤੇ ਐਸ਼ ਕਰ ਰਹੀ ਐਂ।"

"ਐਸ਼ ਮੈਂ ਨਹੀਂ, ਗੁਰੀ ਕਰ ਰਿਹੈ। ਉਹ ਕਿਹੜੀ ਟਿਕ ਕੇ ਨੌਕਰੀ ਕਰਦੈ। ਕਦੇ ਸੌ, ਕਦੇ ਦੋ ਸੌ ਡਾਲਰ ਮੰਗਦਾ ਹੀ ਰਹਿੰਦੇ, ਗੋਰੀ ਨਾਲ ਘੁੰਮਣ ਫਿਰਨ ਨੂੰ।" ਉਸ ਨੇ ਆਪਣਾ ਬੈਗ ਸੋਫ਼ੇ ਤੇ ਵਗਾਹ ਕੇ ਮਾਰਦੇ ਕਿਹਾ।

"ਨੀ ਅੱਜ ਕਿਸੇ ਨਾਲ ਲੜ ਕੇ ਆਈ ਹੈਂ, ਘਰ ਆਉਂਦੇ ਹੀ ਕਲੇਸ਼ ਪਾ ਲਿਆ, ਕਲੇਸ਼ਣ ਕਿਸੇ ਥਾਂ ਦੀ! ਭਰਾ ਨੂੰ ਦੇਖ ਕੇ ਸੜਦੀ ਐ।" ਮਾਂ, ਸੈਮੀ ਦੇ ਰੰਗ-ਢੰਗ ਦੇਖ ਕੇ ਕੁਝ ਡਰ ਜਿਹੀ ਗਈ।

ਸੈਮੀ ਨੇ ਫ਼ਰਿਜ ਵਿਚੋਂ ਜੂਸ ਦੀ ਬੋਤਲ ਕੱਢ ਕੇ ਗਲਾਸ ਵਿਚ ਪਾਉਂਦੇ ਕਿਹਾ, "ਜੇ ਸੱਚ ਬੋਲਾਂ ਤਾਂ ਕਲੇਸ਼ਣ ਹੋ ਗਈ। ਜਦੋਂ ਗੁਰੀ ਲੰਡਰ ਜਿਹੀ ਨਤਾਲੀਆ ਨੂੰ ਨਾਲ ਲੈ ਕੇ ਘਰ ਆਉਂਦੈ, ਉਦੋਂ ਤਾਂ ਬੜਾ ਉਹਨਾਂ ਦੇ ਅੱਗੇ ਪਿੱਛੇ ਫਿਰਦੇ ਹੋ, ਤੂੰ ਵੀ ਤੇ ਡੈਡ ਵੀ। ਪਤਾ ਵੀ ਐ, ਗੁਰੀ ਤੋਂ ਪਹਿਲਾਂ ਵੀ ਦੋ-ਤਿੰਨ ਬੁਆਏ ਫਰੈਂਡਜ਼ ਨਾਲ ਧੱਕੇ ਖਾਂਦੀ ਰਹੀ ਹੈ। ਕਦੇ ਉਸ ਨੂੰ ਰੋਕਿਐ? ਚੌਥੇ ਦਿਨ ਉਸ ਨੂੰ ਘਰ ਲਿਆਉਣ ਦਾ ਕੀ ਕੰਮ!" ਸੈਮੀ ਅੱਜ ਪੂਰਾ ਆਢਾ ਲਾਉਣ ਦੇ ਮੂਡ ਵਿਚ ਸੀ।

ਅਸਲ ਵਿਚ ਉਹ ਬਹੁਤ ਦਿਨਾਂ ਤੋਂ ਆਪਣੀ ਮੌਮ-ਡੈਡ ਦੀ ਰੋਕ-ਟੋਕ ਤੋਂ ਔਖੀ ਹੋਈ ਫਿਰਦੀ ਸੀ। ਜਦੋਂ ਵੀ ਪੈਸੇ ਮੰਗਦੀ, ਉਸ ਨੂੰ ਕਈ ਗੱਲਾਂ ਸੁਣਨੀਆਂ ਪੈਂਦੀਆਂ। ਫ਼ਾਰਮੇਸੀ ਦੀ ਪੜ੍ਹਾਈ ਕਰਕੇ ਉਹ ਬਹੁਤਾ ਕੰਮ

"ਜੇ ਸੱਚ ਬੋਲਾਂ ਤਾਂ ਕਲੇਸ਼ਣ ਹੋ ਗਈ। ਜਦੋਂ ਗੁਰੀ ਲੰਡਰ ਜਿਹੀ ਨਤਾਲੀਆ ਨੂੰ ਨਾਲ ਲੈ ਕੇ ਘਰ ਆਉਂਦੈ, ਉਦੋਂ ਤਾਂ ਬੜਾ ਉਹਨਾਂ ਦੇ ਅੱਗੇ ਪਿੱਛੇ ਫਿਰਦੇ ਹੋ, ਤੂੰ ਵੀ ਤੇ ਡੈਡ ਵੀ।" ....

ਅਸਲ ਵਿਚ ਉਹ ਬਹੁਤ ਦਿਨਾਂ ਤੋਂ ਆਪਣੀ ਮੌਮ-ਡੈਡ ਦੀ ਰੋਕ-ਟੋਕ ਤੋਂ ਔਖੀ ਹੋਈ ਫਿਰਦੀ ਸੀ। ਜਦੋਂ ਵੀ ਪੈਸੇ ਮੰਗਦੀ, ਉਸ ਨੂੰ ਕਈ ਗੱਲਾਂ ਸੁਣਨੀਆਂ ਪੈਂਦੀਆਂ। ਫ਼ਾਰਮੇਸੀ ਦੀ ਪੜ੍ਹਾਈ ਕਰਕੇ ਉਹ ਬਹੁਤਾ ਕੰਮ ਵੀ ਨਹੀਂ ਸੀ ਕਰ ਸਕਦੀ। ਉਹ ਬੈਂਕ ਤੋਂ ਲੋਨ ਲੈ ਕੇ ਪੜ੍ਹਾਈ ਪੂਰੀ ਕਰਨ ਦੀ ਗੱਲ ਕਰਦੀ ਤਾਂ ਉਸ ਦੇ ਮਾਂ-ਪਿਉ ਲੜਨ ਨੂੰ ਪੈਂਦੇ, ਉਪਰੋਂ ਇਹ ਵੀ ਕਹਿੰਦੇ ਕਿ ਹੋਰ ਕੁੜੀਆਂ ਵੀ ਤਾਂ ਪੜ੍ਹਾਈ ਦੇ ਨਾਲ-ਨਾਲ ਕੰਮ ਕਰ ਕੇ ਆਪਣੇ ਖਰਚੇ ਪੂਰੇ ਕਰਦੀਆਂ ਹਨ।

ਵੀ ਨਹੀਂ ਸੀ ਕਰ ਸਕਦੀ। ਉਹ ਬੈਂਕ ਤੋਂ ਲੋਨ ਲੈ ਕੇ ਪੜ੍ਹਾਈ ਪੂਰੀ ਕਰਨ ਦੀ ਗੱਲ ਕਰਦੀ ਤਾਂ ਉਸ ਦੇ ਮਾਂ-ਪਿਉ ਲੜਨ ਨੂੰ ਪੈਂਦੇ, ਉਪਰੋਂ ਇਹ ਵੀ ਕਹਿੰਦੇ ਕਿ ਹੋਰ ਕੁੜੀਆਂ ਵੀ ਤਾਂ ਪੜ੍ਹਾਈ ਦੇ ਨਾਲ-ਨਾਲ ਕੰਮ ਕਰ ਕੇ

Sri Satguru Jagjit Singh Ji eLibrary NamdhariElibrary@gmail.com

ਹੱਥਾਂ 'ਚੋ ਕਿਰਦੀ ਰੇਤ

ਆਪਣੇ ਖਰਚੇ ਪੂਰੇ ਕਰਦੀਆਂ ਹਨ। ਉਹ ਆਪਣੇ ਘਰ ਦੀ ਬੇਸਮੈਂਟ ਵਿਚ ਰਹਿੰਦੀਆਂ ਤਿੰਨ ਕੁੜੀਆਂ ਦੀ ਗੱਲ ਕਰਦੇ ਕਿ ਉਹ ਕਿਵੇਂ ਆਪਣੀ ਫ਼ੀਸ ਵੀ ਭਰਦੀਆਂ ਹਨ? ਖਾਣ-ਪੀਣ ਦਾ ਖਰਚਾ ਵੀ ਕਰਦੀਆਂ ਨੇ ਅਤੇ ਕਿਰਾਇਆ ਵੀ ਦਿੰਦੀਆਂ ਹਨ। ਸੈਮੀ ਦਿਲ ਵਿਚ ਸੋਚਦੀ ਕਿ ਉਹਨਾਂ ਤੋਂ ਪੁੱਛ ਕੇ ਦੇਖੋ ਕਿ ਉਹ ਆਪਣਾ ਵਕਤ ਕਿਵੇਂ ਗੁਜ਼ਾਰ ਰਹੀਆਂ ਨੇ। ਜਿਥੇ ਕੰਮ ਕਰਦੀਆਂ ਹਨ, ਉਥੇ ਉਹਨਾਂ ਨਾਲ ਕੀ ਸਲੂਕ ਕੀਤਾ ਜਾਂਦੈ? ਮਜਬੂਰੀ ਵਿਚ ਉਹਨਾਂ ਨੂੰ ਕੀ ਕੁਝ ਨਹੀਂ ਸਹਿਣਾ ਪੈਂਦਾ। ਉਹ ਕਈ ਵਾਰ ਸੈਮੀ ਨਾਲ ਦਿਲ ਦੀ ਗੱਲ ਸਾਂਝੀ ਕਰ ਚੁੱਕੀਆਂ ਸੀ ਕਿ 'ਕੈਨੇਡਾ, ਆਸਟਰੇਲੀਆ ਵਰਗੇ ਮੁਲਕ ਬਾਹਰਲੇ ਦੇਸ਼ਾਂ ਵਿਚੋਂ ਆਏ ਸਟੂਡੈਂਟਸ ਲਈ ਨਿਰੀ ਕੈਦ ਹਨ; ਇਥੋਂ ਦੀਆਂ ਫ਼ੋਟੋਆਂ ਹੀ ਚੰਗੀਆਂ ਲੱਗਦੀਆਂ ਹਨ; ਅਸਲੀਅਤ ਤਾਂ ਉਦੋਂ ਪਤਾ ਲੱਗਦੀ ਹੈ ਜਦੋਂ ਬੰਦਾ ਇਸ ਕੈਦ ਵਿਚ ਆ ਕੇ ਫਸ ਜਾਂਦਾ ਹੈ। ਕਿਹੜਾ ਕੰਮ ਹੈ ਜੋ ਇਥੇ ਨਹੀਂ ਕਰਨਾ ਪੈਂਦਾ? ਪਿਉ ਤੋਂ ਵੱਡੀ ਉਮਰ
ਦੇ ਲੋਕ ਵੀ ਆਪਣੀ ਗਰਲਫ਼ਰੈਂਡ ਬਨਾਉਣ ਨੂੰ ਹਾਬੜੇ ਰਹਿੰਦੇ ਹਨ। ਜਿਨ੍ਹਾਂ ਦੀਆਂ ਡੰਗਰਾਂ ਦੇ ਵਾੜੇ ਵਰਗੀਆਂ ਬੇਸਮੈਂਟਾਂ ਵਿਚ ਰਹਿਣਾ ਪੈਂਦਾ ਹੈ, ਉਹਨਾਂ ਦੀ ਗੁਲਾਮੀ ਅਲੱਗ ਕਰੋ। ਦੋ ਦਿਨ ਕਿਰਾਇਆ ਲੇਟ ਹੋ ਜਾਵੇ ਤਾਂ ਘਰੋਂ ਕੱਢਣ ਦੀਆਂ ਧਮਕੀਆਂ ਦਿੰਦੇ ਹਨ। ਬਿਜਲੀ, ਹੀਟ ਦੇ ਖਰਚੇ ਵੱਖ ਭਰੋ, ਪਰ ਫੇਰ ਵੀ ਬੁੜ-ਬੁੜ ਕਰਦੇ ਰਹਿਣਗੇ। ਇਹ ਆਂਟੀਆਂ ਤਾਂ ਤਬੀਅਤ ਖ਼ਰਾਬ ਦਾ ਬਹਾਨਾ ਲਾ ਕੇ ਘਰ ਦੇ ਕੰਮ ਵੀ ਕਰਵਾਅ ਲੈਂਦੀਆਂ ਹਨ। ਜੇ ਕਿਸੇ ਕੁੜੀ ਨੂੰ ਕੋਈ ਜਾਣ-ਪਛਾਣ ਦਾ ਮੁੰਡਾ ਮਿਲਣ ਵੀ ਆ ਜਾਵੇ ਤਾਂ ਗੱਲਾਂ ਬਣਾਉਂਦੀਆਂ ਦੇਰ ਨਹੀਂ ਲਾਉਂਦੀਆਂ। ਜੇ ਕਿਤੇ ਉੱਚੀ ਅਵਾਜ਼ ਵਿਚ ਗੱਲਾਂ ਕਰੋ ਜਾਂ ਟੀ.ਵੀ. ਲਾ ਲਓ ਤਾਂ ਲੜਨ ਨੂੰ ਪੈਂਦੇ ਨੇ, ਆਪ ਚਾਹੇ ਉਹਨਾਂ ਦੇ ਘਰ ਸਾਰਾ ਦਿਨ ਮਹਾਂਭਾਰਤ ਚੱਲਦਾ ਰਹੇ। ਕਈ ਵਾਰ ਤਾਂ ਇਹ ਆਂਟੀਆਂ ਹੀ ਕੁੜੀਆਂ ਨੂੰ ਗਲਤ ਰਾਹ 'ਤੇ ਪਾ ਦਿੰਦੀਆਂ ਹਨ'।

ਸੈਮੀ ਨੂੰ ਪਤਾ ਸੀ ਕਿ ਉਹ ਅਜੇ ਅਠਾਰਾਂ ਸਾਲ ਦੀ ਨਹੀਂ ਹੋਈ, ਇਸ ਲਈ ਆਪਣੇ ਮਾਤਾ-ਪਿਤਾ ਦੀ ਮਰਜ਼ੀ ਤੋਂ ਬਿਨਾ ਪੜ੍ਹਾਈ ਲਈ ਕਰਜ਼ਾ ਨਹੀਂ ਸੀ ਲੈ ਸਕਦੀ। ਉਹ ਆਪਣੇ ਘਰ ਦੇ ਘੁਟਨ ਭਰੇ ਮਹੌਲ ਤੋਂ ਬਹੁਤ ਤੰਗ ਸੀ। ਉਸ ਨੂੰ ਖਿਝ ਬਹੁਤ ਚੜ੍ਹਦੀ, ਜਦੋਂ ਉਹ ਦੇਖਦੀ ਕਿ ਉਸ ਦਾ ਵੱਡਾ
ਭਰਾ ਕਿਵੇਂ ਆਪਣੀ ਗਰਲਫ਼ਰੈਂਡ ਨਤਾਲੀਆ ਨਾਲ ਸਰੇਆਮ ਘੁੰਮਦਾ ਰਹਿੰਦਾ ਹੈ ਅਤੇ ਬਿਨਾ ਕਿਸੇ ਡਰ ਤੋਂ ਘਰ ਵੀ ਲੈ ਆਉਂਦਾ ਹੈ। ਉਸ ਸਮੇਂ ਉਸ ਦੇ ਮੌਮ-ਡੈਡ ਦੇ ਚਿਹਰੇ ਦੀ ਰੌਣਕ ਦੇਖਣ ਵਾਲੀ ਹੁੰਦੀ ਹੈ, ਦੋਵੇਂ ਹੀ ਉਸ ਜੰਕ ਗੋਰੀ ਦੇ ਅੱਗੇ-ਪਿੱਛੇ ਫਿਰਦੇ ਹਨ। ਡੈਡ ਤਾਂ ਦੋ-ਤਿੰਨ ਵਾਰ ਗੁਰੀ ਅਤੇ ਨਤਾਲੀਆ ਨਾਲ ਬੈਠ ਕੇ ਪੈੱਗ ਵੀ ਲਾ ਚੁੱਕੇ ਸੀ, ਪਰ ਉਹਨਾਂ ਨੂੰ ਇਹ ਵੀ ਪਤਾ ਸੀ ਕਿ ਕਈ ਗੋਰੀਆਂ ਦੇਸੀ ਮੁੰਡਿਆਂ ਨੂੰ ਇਸ ਲਈ ਹੀ ਆਪਣੇ ਜਾਲ ਵਿਚ ਫਸਾਉਂਦੀਆਂ ਹਨ ਕਿ ਉਹਨਾਂ ਦੇ ਸਿਰ 'ਤੇ ਖ਼ੂਬ ਐਸ਼ ਕਰਨ, ਕਿਉਂਕਿ ਗੋਰੇ ਮੁੰਡੇ ਤਾਂ ਆਪਣੀ ਗਰਲਫ਼ਰੈਂਡ ਤੋਂ ਵੀ ਬਰਾਬਰ ਦਾ ਖਰਚਾ ਕਰਵਾਉਂਦੇ ਹਨ! ਉਹਨਾਂ ਨੇ ਇਕ ਦੋ ਵਾਰ ਗੁਰੀ ਨੂੰ ਗੱਲਾਂ-ਗੱਲਾਂ ਵਿਚ ਕਹਿ ਵੀ ਦਿੱਤਾ ਸੀ ਕਿ ਕੋਈ ਉਲਟਾ-ਸਿੱਧਾ ਪੰਗਾ ਨਾ ਪਾ ਲਵੇ।

ਡੈਡ ਨੇ ਤਾਂ ਕਦੇ ਟਰੱਕ ਅਤੇ ਕਦੇ ਟੈਕਸੀ ਚਲਾਅ, ਟੈਕਸ ਚੋਰੀ ਕਰ ਕਰ ਕੇ ਦੋ ਮਕਾਨ ਬਣਾਏ ਸੀ। ਫ਼ਕਰੋ ਗੁਰੀ ਨੇ ਨਤਾਲੀਆ ਨੂੰ ਸਭ ਕੁਝ ਦੱਸ ਦਿੱਤਾ। ਡੈਡ ਨੂੰ ਫ਼ਿਕਰ ਸੀ ਕਿ ਕਿਤੇ ਲੈਣੇ ਦੇ ਦੇਣੇ ਨਾ ਪੈ ਜਾਣ। ਗੁਰੀ ਕਾਲਜ ਦੇ ਆਖਰੀ ਸਾਲ ਵਿਚ ਸੀ ਅਤੇ ਪੜ੍ਹਾਈ ਵਿਚ ਵੀ ਠੀਕ ਸੀ, ਪਰ ਨਤਾਲੀਆ ਦੇ ਪਿਆਰ ਵਿਚ
ਲੱਟੂ ਹੋਏ ਨੂੰ ਕਿਸੇ ਚੜ੍ਹੀ ਲੱਥੀ ਦੀ ਪਰਵਾਹ ਨਹੀਂ ਸੀ।

ਸੈਮੀ ਆਪਣੀਆਂ ਦੇਸੀ ਸਹੇਲੀਆਂ ਨਾਲ ਅਕਸਰ ਹੀ ਗੱਲਾਂ ਕਰਦੀ ਕਿ ਉਹਨਾਂ ਦੇ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਮਾਂ-ਬਾਪ, ਮੁੰਡਿਆਂ ਅਤੇ ਕੁੜੀਆਂ ਵਿਚ ਫ਼ਰਕ ਕਿਉਂ ਕਰਦੇ ਹਨ? ਉਹ ਆਪਣੇ ਮੁੰਡਿਆਂ ਨੂੰ ਪੂਰੀ ਢਿੱਲ ਦੇ ਕੇ ਰੱਖਦੇ ਹਨ ਅਤੇ ਜਦੋਂ ਇਸ ਢਿੱਲ ਕਾਰਨ ਗੱਲ ਵਿਗੜ ਜਾਂਦੀ ਹੈ ਤਾਂ ਮੱਥੇ 'ਤੇ ਹੱਥ ਮਾਰਦੇ ਨੇ। ਇਹੋ ਨਹੀਂ, ਉਹ ਆਪਣੀਆਂ ਜਵਾਨ ਹੋ ਰਹੀਆਂ ਕੁੜੀਆਂ 'ਤੇ ਕਈ ਬੰਦਸ਼ਾਂ ਲਾਉਂਦੇ ਹਨ। ਖੁੱਲ੍ਹੇ ਡੁੱਲ੍ਹੇ ਮਹੌਲ ਵਿਚ ਪਲੀਆਂ ਕੁੜੀਆਂ ਨੂੰ ਇਹ ਸਮਝ ਨਹੀਂ ਆਉਂਦੀ ਕਿ ਜੇ ਉਹਨਾਂ ਦਾ ਭਰਾ ਆਪਣੀ ਗਰਲਫ਼ਰੈਂਡ ਨੂੰ ਘਰ ਲਿਆ ਸਕਦਾ ਹੈ ਤਾਂ ਕੁੜੀਆਂ ਆਪਣੇ ਬੌਏਫ਼ਰੈਂਡ ਨੂੰ ਕਿਉਂ ਨਹੀਂ? ਉਹ ਜਦੋਂ ਹਮ-ਉਮਰ ਗੋਰੀਆਂ ਕੁੜੀਆਂ ਨੂੰ ਬਿਨਾ ਕਿਸੇ ਰੋਕ-ਟੋਕ ਘੁੰਮਦੇ ਦੇਖਦੀਆਂ ਤਾਂ ਉਹ ਸੋਚਣ 'ਤੇ ਮਜਬੂਰ ਹੋ ਜਾਂਦੀਆਂ ਕਿ ਕੁੜੀਆਂ ਦੀ ਅਜ਼ਾਦੀ ਵੇਲੇ ਉਹਨਾਂ ਦੇ ਮਾਪਿਆਂ ਨੂੰ ਪਤਾ ਨਹੀਂ ਕੀ ਸੱਪ ਸੁੰਘ ਜਾਂਦਾ ਹੈ?

ਕਈ ਗੋਰੀਆਂ ਕੁੜੀਆਂ ਤਾਂ ਇਸੇ ਗੱਲੋਂ ਦੇਸੀ ਕੁੜੀਆਂ ਨਾਲ ਨਫ਼ਰਤ ਕਰਦੀਆਂ। ਉਹ ਆਪਣੀਆਂ ਕਈ ਅਜਿਹੀਆਂ ਦੇਸੀ ਸਹੇਲੀਆਂ ਨੂੰ ਜਾਣਦੀ ਸੀ ਜਿਨ੍ਹਾਂ ਨੇ ਆਪਣੇ ਪੱਛੜੇ ਹੋਏ ਘਰੇਲੂ ਮਹੌਲ ਕਾਰਨ, ਬਾਹਰ, ਜਾਣ-ਬੁੱਝ ਕੇ ਪੂਰੀਆਂ ਖੁੱਲ੍ਹਾਂ ਲਈਆਂ। ਸਰੀਰਕ ਖੁੱਲ੍ਹਾਂ ਦੀ ਤਾਂ ਕਿਸੇ ਨੂੰ ਪਰਵਾਹ ਹੀ ਨਹੀਂ ਸੀ। ਕਦੇ ਕਿਸੇ ਬਹਾਨੇ, ਕਦੇ ਕਿਸੇ ਬਹਾਨੇ, ਆਪਣੇ ਬੌਏਫ਼ਰੈਂਡਜ਼ ਨਾਲ ਬਾਹਰ ਦਿਨ ਬਤੀਤ ਕੀਤੇ। ਅਕਸਰ ਹੀ ਅਜਿਹੀਆਂ ਕੁੜੀਆਂ ਐਸੀ ਸੰਗਤ ਵਿਚ ਪੈ ਜਾਂਦੀਆਂ ਜਿਥੇ ਨਸ਼ਿਆਂ ਦੀ ਵਰਤੋਂ ਆਮ ਹੁੰਦੀ। ਅਜਿਹਾ ਉਹ ਜਵਾਨੀ ਦੇ ਜੋਸ਼ ਦੇ ਨਾਲ-ਨਾਲ ਆਪਣੇ ਮਾਂ-ਪਿਉ ਦੀ ਸਖ਼ਤੀ ਦਾ ਬਦਲਾ ਲੈਣ ਲਈ ਵੀ ਕਰਦੀਆਂ। ਨਸ਼ਿਆਂ ਦੀ ਪੂਰਤੀ

Sri Satguru Jagjit Singh Ji eLibrary NamdhariElibrary@gmail.com

ਲਈ ਘਰੋਂ ਪੈਸੇ ਚੋਰੀ ਕਰਦੀਆਂ, ਮੌਕਾ ਮਿਲਣ 'ਤੇ ਮਾਂ-ਪਿਉ ਦੇ ਕ੍ਰੈਡਿਟ ਕਾਰਡ ਦੀ ਦੁਰਵਰਤੋਂ ਵੀ ਕਰਦੀਆਂ, ਗਹਿਣੇ ਚੋਰੀ ਕਰ ਕੇ ਘਰੋਂ ਰਫੂ ਚੱਕਰ ਵੀ ਹੋ ਜਾਂਦੀਆਂ। ਉਸ ਸਮੇਂ ਘਰ ਦਿਆਂ ਨੂੰ ਇਹ ਪਤਾ ਨਾ ਚੱਲਦਾ ਕਿ ਉਹ ਗਹਿਣਿਆਂ ਜਾਂ ਪੈਸਿਆਂ ਦੇ ਡੁੱਬ ਜਾਣ ਦਾ ਅਫ਼ਸੋਸ ਕਰਨ ਜਾਂ ਸਮਾਜ ਵਿਚ ਕੱਟੀ ਗਈ ਨੱਕ ਨੂੰ ਬਚਾਉਣ ਲਈ ਕੁਝ ਕਰਨ। ਭਾਵੇਂ ਸੈਮੀ ਨੇ ਅਜੇ ਤੱਕ ਅਜਿਹੀ ਕੋਈ ਖੁੱਲ੍ਹ ਨਹੀਂ ਸੀ ਲਈ, ਪਰ ਉਸ ਦੇ ਦਿਲ ਵਿਚ ਕਈ ਵਾਰ ਇਹ ਆਉਂਦਾ ਕਿ ਉਹ ਆਪਣੇ ਮਾਂ-ਪਿਉ ਨੂੰ ਉਹਨਾਂ ਦੀ ਸਖ਼ਤੀ ਦਾ ਮਜ਼ਾ ਜ਼ਰੂਰ ਚਖਾਵੇ।

ਉਹ ਇਹ ਸਭ ਕੁਝ ਕਰ ਵੀ ਲੈਂਦੀ ਜੇ ਉਮਰ ਦੇ 18ਵੇਂ ਅੰਕੜੇ ਨੂੰ ਪਾਰ ਕਰ ਚੁੱਕੀ ਹੁੰਦੀ। ਹੁਣ ਤਾਂ ਉਹ ਆਪਣੀ ਮਾਂ ਨਾਲ ਹੀ ਬੋਲ-ਬੁਲਾਰਾ ਕਰ ਕੇ ਦਿਲ ਦਾ ਗੁਬਾਰ ਕੱਢ ਲੈਂਦੀ ਸੀ। ਪਿਉ ਸਾਹਮਣੇ ਅਜੇ ਉਸ ਦੀ ਬਹੁਤੀ ਜ਼ੁਬਾਨ ਖੁੱਲ੍ਹਣੀ ਸ਼ੁਰੂ ਨਹੀਂ ਸੀ ਹੋਈ, ਪਰ ਇਕ ਦੋ ਵਾਰ ਉਹ ਸ਼ਰਾਬੀ ਹੋਏ ਡੈਡ ਦੀ ਲਾਹ-ਪਾਹ ਜ਼ਰੂਰ ਕਰ ਚੁੱਕੀ ਸੀ।

ਇਕ ਦਿਨ ਕੰਮ ਤੋਂ ਬਾਅਦ ਉਸ ਦਾ ਪਿਉ ਦੋ-ਚਾਰ ਤਕੜੇ ਪੈੱਗ ਲਾ ਕੇ ਝੱਲ ਖਿਲੇਰਨ ਲੱਗਿਆ ਤਾਂ ਉਸ ਨੇ ਆਪਣੇ ਪਿਉ ਨੂੰ ਠੰਡੀਆਂ-ਤੱਤੀਆਂ ਸੁਣਾਅ ਕੇ ਆਪਣੇ ਦਿਲ ਦਾ ਗੁਬਾਰ ਕੱਢ ਲਿਆ। ਇਕ ਵਾਰ ਜਦੋਂ ਗੁਰੀ ਨੇ ਗੁੱਸੇ ਵਿਚ ਆ ਕੇ ਉਸ 'ਤੇ ਹੱਥ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਸੈਮੀ ਨੇ ਉਸ ਨੂੰ ਖ਼ਬਰਦਾਰ ਕਰ ਦਿੱਤਾ ਸੀ ਕਿ ਮੂੰਹ ਨਾਲ ਗੱਲ ਕਰ, ਜੇ ਹੱਥ ਚੁਕਿਆ ਤਾਂ ਉਹ ਪੁਲਸ ਬੁਲਾਅ ਲਏਗੀ। ਇਹ ਸੁਣ ਕੇ ਉਸ ਦੀ ਮਾਂ ਡਰ ਗਈ ਅਤੇ ਉਸ ਨੇ ਸੈਮੀ ਨੂੰ ਮੁਸ਼ਕਿਲ ਨਾਲ ਠੰਡਾ ਕੀਤਾ। ਭਾਵੇਂ ਬਾਅਦ ਵਿਚ ਮਾਂ ਨੇ ਸੈਮੀ ਨੂੰ ਬਹੁਤ ਡਰਾਵੇ ਦਿੱਤੇ ਕਿ ਮੁੜ ਕੇ ਅਜਿਹੀ ਗੱਲ ਮੂੰਹੋਂ ਕੱਢੀ ਤਾਂ ਉਸ ਨੂੰ ਆਪਣੀ ਜਾਇਦਾਦ ਤੋਂ ਬੇ-ਦਖ਼ਲ ਕਰ ਦੇਣਗੇ। ਉਸ ਨੇ ਸੈਮੀ ਨੂੰ ਹੋਰ ਡਰਾਉਣ ਲਈ ਇਹ ਵੀ ਕਿਹਾ ਕੇ ਇੰਡੀਆ ਲੈ ਜਾ ਕੇ ਉਸ ਦਾ ਵਿਆਹ ਕਰ ਕੇ ਉਥੇ ਹੀ ਛੱਡ ਆਉਣਗੇ! ਅਜਿਹੀਆਂ ਧਮਕੀਆਂ ਸੁਣ ਕੇ ਸੈਮੀ ਇਕ ਵਾਰ ਤਾਂ ਚੁੱਪ ਕਰ ਗਈ। ਇਸ ਬਾਰੇ ਉਸ ਨੇ ਆਪਣੀ ਇਕ ਬਹੁਤ ਹੀ ਨਜ਼ਦੀਕੀ ਸਹੇਲੀ ਨਾਲ ਗੱਲ ਕੀਤੀ। ਉਸ ਨੇ ਸੈਮੀ ਨੂੰ ਸਿਖਾਅ ਦਿੱਤਾ ਕੇ ਜੇ ਅਗਲੀ ਵਾਰ ਤੈਨੂੰ ਕੋਈ ਇੰਡੀਆ ਲੈ ਕੇ ਜਾਣ ਦੀ ਧਮਕੀ ਦੇਵੇ ਤਾਂ ਉਹ ਨਿਡਰ ਹੋ ਕੇ ਕਹਿ ਦੇਵੇ ਕਿ ਉਹ 'ਮੁੰਡੇ ਵਾਲਿਆਂ ਨੂੰ ਸਾਫ਼ ਦੱਸ ਦੇਵੇਗੀ ਕਿ ਇਹ ਵਿਆਹ ਉਸਦੀ ਮਰਜ਼ੀ ਦੇ ਖਿਲਾਫ਼ ਹੋ ਰਿਹਾ ਹੈ; ਕੈਨੇਡਾ ਜਾਂਦੇ ਹੀ ਉਹ ਤਲਾਕ ਦੇ ਦੇਵੇਗੀ; ਉਸਨੇ ਤਾਂ ਆਪਣੇ ਬੁਆਏ ਫਰੈਂਡ ਨਾਲ ਹੀ ਵਿਆਹ ਕਰਵਾਉਣਾ ਹੈ'।

ਮੌਕਾ ਮਿਲਦੇ ਹੀ ਸੈਮੀ ਨੇ ਆਪਣੀ ਮਾਂ ਨੂੰ ਇਹ ਗੱਲ ਕਹਿ ਦਿੱਤੀ। ਇਹ ਸੁਣਦੇ ਹੀ ਉਸ ਦੀ ਮਾਂ ਨੇ ਗੁੱਸੇ ਵਿਚ ਆ ਕੇ ਉਸ ਦੇ ਵਾਲ ਹੀ ਨਾ ਪੁੱਟੇ ਸਗੋਂ ਦੋ ਕੁ ਥੱਪੜ ਵੀ ਲਾ ਦਿੱਤੇ! ਗੁੱਸੇ ਵਿਚ ਅੱਗ-ਬਬੂਲਾ ਹੋਈ ਸੈਮੀ ਨੇ ਆਪਣੇ ਮੋਬਾਈਲ ਤੋਂ 911 ਨੰਬਰ ਡਾਇਲ ਕਰ ਦਿੱਤਾ। ਸ਼ੁਕਰ ਕਰੋ ਉਸ ਸਮੇਂ ਉਸ ਦਾ ਡੈਡ ਘਰ ਹੀ ਸੀ। ਉਸ ਨੇ ਮੁਸ਼ਕਿਲ ਨਾਲ ਦੋਹਾਂ ਨੂੰ ਕਾਬੂ ਕੀਤਾ।

ਸੈਮੀ ਨੇ ਆਪਣੇ ਕਮਰੇ ਵਿਚ ਜਾਣ ਤੋਂ ਪਹਿਲਾਂ ਆਪਣੀ ਮਾਂ ਨੂੰ ਧਮਕੀ ਦਿੰਦੇ ਹੋਏ ਕਿਹਾ, "ਮੇਰੇ ਕੰਮਾਂ ਵਿਚ ਬਹੁਤੀ ਰੋਕ-ਟੋਕ ਨਾ ਕਰਿਆ ਕਰੋ। ਮੈਨੂੰ ਆਪਣੇ ਭਲੇ-ਬੁਰੇ ਦੀ ਪਹਿਚਾਣ ਹੈ। ਜੇ ਹੁਣ ਬਹੁਤੀ ਸਖ਼ਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਹੋਰ ਛੇ ਮਹੀਨਿਆਂ ਬਾਅਦ ਤੁਹਾਨੂੰ ਕਿਤੇ ਮੂੰਹ ਦਿਖਾਉਣ ਜੋਗਾ ਨਹੀਂ ਛੱਡਾਂਗੀ।" ਇਹ ਕਹਿ ਕੇ ਉਹ ਪੈਰ ਪਟਕਦੀ ਹੋਈ ਚਲੀ ਗਈ।

ਸੈਮੀ ਦੀ ਮਾਂ ਸੋਚੀ ਪੈ ਗਈ ਕਿ ਇਸ ਮੂੰਹ ਫੱਟ ਅਤੇ ਅੜਬ ਕੁੜੀ ਦਾ ਕੀ ਇਲਾਜ ਕੀਤਾ ਜਾਵੇ? ਉਹ ਉਹਨਾਂ ਦਿਨਾਂ ਨੂੰ ਪਛਤਾਉਣ ਲੱਗੀ ਜਦੋਂ ਉਹ ਕੈਨੇਡਾ ਆਏ ਸੀ। ਉਹ ਸੋਚ ਰਹੀ ਸੀ ਕਿ ਕੈਨੇਡਾ ਦੀ ਧਰਤੀ 'ਤੇ ਬੱਚਿਆਂ ਨੂੰ ਮਿਲੀ ਅਜ਼ਾਦੀ ਨੇ ਤਾਂ ਉਹਨਾਂ ਨੂੰ ਬਰਬਾਦ ਹੀ ਕਰ ਦਿੱਤਾ ਹੈ। ਮਾਂ-ਪਿਉ ਤਾਂ ਬੱਸ ਇਹਨਾਂ ਨੂੰ ਪਾਲਣ ਜੋਗੇ ਹੀ ਹਨ। ਅੱਜ ਦੇ ਬੱਚੇ ਤਾਂ ਉਡਾਰੂ ਹੁੰਦੇ ਹੀ ਆਪਣੇ ਆਲ੍ਹਣੇ ਭਾਲਣ ਲੱਗ ਜਾਂਦੇ ਹਨ। ਮਾਪੇ ਜਾਣ ਢੱਠੇ ਖੂਹ ਵਿਚ।

ਇਹਨਾਂ ਸੋਚਾਂ ਵਿਚ ਪਈ ਨੂੰ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਸੈਮੀ ਦਾ ਡੈਡ, ਨਿਹਾਲ ਸਿੰਘ, ਆ ਕੇ ਉਸ ਕੋਲ ਸੋਫ਼ੇ 'ਤੇ ਬੈਠ ਗਿਆ। ਜਦੋਂ ਉਹ ਕੁਝ ਖੰਘਿਆ ਤਾਂ ਉਸ ਨੇ ਅੱਖਾਂ ਖੋਲ੍ਹੀਆਂ। ਆਪਣੇ ਪਤੀ ਨੂੰ ਸੋਫ਼ੇ 'ਤੇ ਬੈਠੇ ਦੇਖ ਉਸ ਨੇ ਹੈਰਾਨੀ ਨਾਲ ਪੁੱਛਿਆ,

"ਤੁਸੀਂ ਅੱਜ ਬੜੀ ਜਲਦੀ ਆ ਗਏ? ਠੀਕ ਤਾਂ ਹੋ?"

"ਠੀਕ ਹੀ ਹੈ, ਕੁਝ ਚਿੱਤ ਜਿਹਾ ਰਾਜ਼ੀ ਨਹੀਂ ਸੀ। ਟੈਕਸੀ ਚਲਾਉਣ ਦਾ ਦਿਲ ਨਹੀਂ ਕੀਤਾ।" ਨਿਹਾਲ ਸਿੰਘ ਨੇ ਹਲਕੀ ਜਿਹੀ ਅਵਾਜ਼ ਵਿਚ ਕਿਹਾ। "ਪਰ ਤੂੰ ਕਿਹੜੀਆਂ ਸੋਚਾਂ ਵਿਚ ਗਵਾਚੀ ਹੋਈ ਸੀ? ਮੇਰੇ ਆਉਣ ਦਾ ਤੈਨੂੰ ਪਤਾ ਨਹੀਂ ਲੱਗਿਆ। ਤੂੰ ਤਾਂ ਦੂਰ ਤੋਂ ਹੀ ਬਿੜਕ ਪਛਾਣ ਲੈਂਦੀ ਐਂ।"

"ਕਾਹਦੀਆਂ ਸੋਚਾਂ! ਚੰਦਰੀ ਔਲਾਦ ਹੀ ਜਿਉਣ ਨਹੀਂ ਦਿੰਦੀ।" ਉਸ ਨੇ ਰੋਣ ਹਾਕੀ ਹੋ ਕੇ ਕਿਹਾ।

"ਕਿਉਂ ਅੱਜ ਕੀ ਲਫੜਾ ਹੋ ਗਿਆ?" ਨਿਹਾਲ ਸਿੰਘ ਨੇ ਕੁਝ ਫਿਕਰਮੰਦ ਹੋ ਕੇ ਕਿਹਾ।

"ਜੇ ਗੁਰੀ ਨੂੰ ਕਿਸੇ ਗੱਲੋਂ ਰੋਕੋ, ਉਹ ਸਿਰ ਦੇ ਵਾਲਾਂ ਨੂੰ ਪੈਂਦੈ। ਜੇ ਕੁੜੀ ਨੂੰ ਥੋੜ੍ਹਾ-ਬਹੁਤ ਟੋਕ ਦਿਓ, ਉਹ ਝਾਟਾ ਪੁੱਟਣ ਨੂੰ ਪੈਂਦੀ ਐ। ਸਮਝ ਨਹੀਂ ਆਉਂਦਾ ਕਿਹੜੇ ਖੂਹ-ਖਾਤੇ ਜਾਵਾਂ!"

ਨਿਹਾਲ ਸਿੰਘ ਇਧਰ-ਉਧਰ ਝਾਕ ਕੇ ਹੌਲੀ ਜਿਹੀ ਬੋਲਿਆ, "ਬੱਚੇ ਘਰ ਹੀ ਨੇ?"

Sri Satguru Jagjit Singh Ji eLibrary NamdhariElibrary@gmail.com

ਹੱਥਾਂ 'ਚੋ ਕਿਰਦੀ ਰੇਤ

"ਉਹ ਗੋਰੀ ਨਾਲ ਕਿਤੇ ਗਿਐ। ਸੈਮੀ ਜੇ ਲੇਟ ਆਈ ਤਾਂ ਮੈਂ ਪੁੱਛ ਬੈਠੀ ਕਿ ਦੇਰ ਨਾਲ ਕਿਉਂ ਆਈ ਹੈਂ? ਇਸ ਨਵਾਬਜ਼ਾਦੀ ਤੋਂ ਸਲਾਵਤਾਂ ਸੁਣਨੀਆਂ ਪਈਆਂ," ਉਹ ਰੋਂਦੀ ਹੋਈ ਬੋਲੀ।

"ਸੈਮੀ ਹੁਣ ਕਿਥੇ ਹੈ?"

"ਆਪਣੇ ਕਮਰੇ ਵਿਚ।"

ਨਿਹਾਲ ਸਿੰਘ ਨੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਉਹ ਕੁਝ ਫਿਕਰਮੰਦ ਹੁੰਦਾ ਬੋਲਿਆ, "ਗੱਲ ਸੁਣ, ਜੁਆਕਾਂ ਨੂੰ ਕੁਝ ਕਹਿਣ ਦਾ ਸਮਾਂ ਨਹੀਂ ਰਿਹਾ। ਮੈਂ ਵੀ ਪਹਿਲਾ ਸੈਮੀ ਨੂੰ ਗੱਲ-ਗੱਲ 'ਤੇ ਟੋਕਦਾ ਤੇ ਡਾਂਟਦਾ ਰਹਿੰਦਾ ਸੀ, ਪਰ ਅੱਜ ਦੀ ਖ਼ਬਰ ਸੁਣ ਕੇ ਤਾਂ ਮੇਰੀ ਖਾਨਿਓਂ ਹੀ ਗਈ।"

"ਕੀ ਹੋਇਆ?" ਗੁਰਨਾਮ ਕੌਰ ਨੇ ਘਬਰਾਅ ਕੇ ਪੁੱਛਿਆ।

"ਵਾਹਿਗੁਰੂ, ਵਾਹਿਗੁਰੂ! ਅੱਜ-ਕੱਲ੍ਹ ਦੀ ਔਲਾਦ ਦਾ ਤਾਂ ਰੱਬ ਹੀ ਰਾਖਾ। ਸਾਡੇ ਟੈਕਸੀ ਸਟੈਂਡ ਵਾਲੇ ਸਾਰੇ ਹੀ ਮਸੋਸੇ ਜਿਹੇ ਬੈਠੇ ਹਨ ਅੱਜ ਤਾਂ।" ਨਿਹਾਲ ਸਿੰਘ ਬੋਲਿਆ।

"ਪਰ ਹੋਇਆ ਕੀ?" ਗੁਰਨਾਮੋ ਨੇ ਨਿਹਾਲ ਸਿੰਘ ਦੇ ਮੂੰਹ ਵੱਲ ਦੇਖਦੇ ਹੋਏ ਕਿਹਾ।

"ਉਹ ਹੈ ਨਾ ਆਪਣਾ ਜਮਰੌਦ ਵਾਲਾ ਪਾਲਾ ਸਿੰਘ, ਜਿਹੜਾ ਮੇਰੇ ਨਾਲ ਹੀ ਟੈਕਸੀ ਚਲਾਉਂਦਾ?"

"ਆਹੋ। ਜਿਸ ਦੀ ਜਨਾਨੀ ਕਈ ਵਾਰ ਗੁਰਦਵਾਰੇ ਵੀ ਮਿਲੀ ਹੈ। ਕੀ ਹੋਇਆ ਉਸ ਨੂੰ?"

"ਉਸ ਨੂੰ ਕੀ ਹੋਣਾ! ਆਪਣੀ ਕੁੜੀ ਨੂੰ ਕਿਸੇ ਗੱਲ ਤੋਂ ਘੂਰ 'ਤਾ, ਪਤਾ ਨੀ' ਦੋ-ਚਾਰ ਲਾ ਵੀ ਦਿੱਤੀਆਂ ਹੋਣ। ਕੁੜੀ ਨੇ ਪੁਲਸ ਨੂੰ ਬੁਲਾਅ ਕੇ ਅੰਦਰ ਕਰਵਾਅ ਦਿੱਤਾ ਤੇ ਆਪ ਘਰ ਛੱਡ ਕੇ ਕਿਸੇ ਗੋਰੇ ਨਾਲ ਚਲੀ ਗਈ।"

"ਹਾਏ ਮੈਂ ਮਰਜਾਂ! ਐਸੀ ਔਲਾਦ ਤੋਂ ਤਾਂ ਬੰਦਾ ਬੇ-ਔਲਾਦ ਹੀ ਚੰਗਾ!" ਗੁਰਨਾਮੋ ਦੇ ਮੂੰਹੋਂ ਨਿਕਲਿਆ।

"ਕੁਛ ਨਾ ਪੁੱਛ ਗੁਰਨਾਮੋ! ਮੇਰਾ ਤਾਂ ਇਹ ਸੁਣਦੇ ਹੀ ਟੈਕਸੀ ਸਟੈਂਡ 'ਤੇ ਬੈਠਣ ਨੂੰ ਦਿਲ ਨਹੀਂ ਕੀਤਾ। ਮੈਂ ਤਾਂ ਸਿੱਧਾ ਘਰ ਆ ਗਿਆ।" ਉਸ ਨੇ ਸੋਫ਼ੇ ਤੋਂ ਉੱਠ ਕੇ ਪਾਣੀ ਦਾ ਗਲਾਸ ਪੀਂਦੇ ਹੋਏ ਕਿਹਾ।

ਕੁਝ ਦੇਰ ਦੋਹਾਂ ਵਿਚੋਂ ਕੋਈ ਕੁਛ ਨਾ ਬੋਲਿਆ।

"ਪਾਲੇ ਦੀ ਗੱਲ ਸੁਣ ਕੇ ਮੈਂ ਤਾਂ ਕੰਨਾਂ ਨੂੰ ਹੱਥ ਲਾ ਲਏ ਕਿ ਅੱਗੇ ਤੋਂ ਇਹਨਾਂ ਦੋਹਾਂ ਨੂੰ ਕੁਝ ਨੀ ਕਹਿਣਾ।"

"ਭਾਵੇਂ ਸਾਡੇ ਸਿਰ ਖੇਹ ਪਾਈ ਜਾਣ? ਲੈ, ਇਹ ਕੀ ਗੱਲ ਬਣੀ! ਇਹਨਾਂ ਨੂੰ ਤਾਂ ਕਿਸੇ ਚੜ੍ਹੀ-ਲੱਥੀ ਦੀ ਪਰਵਾਹ ਨਹੀਂ! ਗਲਤ ਕੰਮਾਂ ਤੋਂ ਤਾਂ ਬੱਚਿਆਂ ਨੂੰ ਰੋਕਣਾ-ਟੋਕਣਾ ਪੈਂਦਾ ਹੀ ਐ। ਨਹੀਂ ਤਾ ਇਹ ਸਿਰ 'ਚ ਗਲੀਆਂ ਕਰਨਗੇ।"

"ਆਹ ਦੇਖ ਲੈ, ਵਿਚਾਰੇ ਪਾਲੇ ਨੇ ਕੁੜੀ ਨੂੰ ਵਰਜ ਕੇ ਹੀ ਸਿਰ 'ਚ ਗਲੀਆਂ ਹੀ ਕਰਵਾਅ ਲਈਆਂ! ਇਹਨਾਂ ਮੁਲਕਾਂ ਦਾ ਤਾਂ ਆਵਾ ਹੀ ਊਤਿਆ ਪਿਆ ਹੈ।"

"ਮਾਰੋ ਗੋਲੀ ਅਜਿਹੇ ਕਨੇਡੇ ਨੂੰ। ਆਪਣਾ ਜੁੱਲੀ-ਤੱਪੜ ਵੇਚੋ। ਚਾਰ ਪੈਸੇ ਹੱਥ ਵਿਚ ਕਰੋ। ਚੱਲੀਏ ਪਿੰਡ ਵਾਪਸ। ਰੁੱਖੀ-ਸੁੱਖੀ ਖਾਈ ਜਾਵਾਂਗੇ।" ਗੁਰਨਾਮ ਕੌਰ ਨੇ ਆਪਣੇ ਵੱਲੋਂ ਬੜੀ ਸਿਆਣੀ ਗੱਲ ਕੀਤੀ।

ਨਿਹਾਲ ਸਿੰਘ ਨੇ ਗੁਰਨਾਮੋ ਦੇ ਮੂੰਹ ਵੱਲ ਦੇਖਦੇ ਕਿਹਾ, "ਹੁਣ ਆਪਣਾ ਪਿੰਡ ਰਹਿ ਹੀ ਕੀ ਗਿਐ? ਪਹਿਲਾਂ ਤਾਂ ਬੋਲ ਬੁਲਾਰਾ ਕਰ ਕੇ ਭਰਾਵਾਂ ਤੋਂ ਸਾਰੀ ਜ਼ਮੀਨ ਵੰਡਾਅ ਕੇ ਵੇਚ ਦਿੱਤੀ। ਤੂੰ ਤਾਂ ਟੁੱਟੇ ਵੇ ਘਰ ਦੇ ਵੀ ਅੜ ਕੇ ਪੈਸੇ ਲੈ ਲਏ। ਹੁਣ ਭਰਾਵਾਂ ਨੇ ਮੂੰਹ ਨਹੀਂ ਲਾਉਣਾ।

ਨਾਲੇ ਉਥੋਂ ਦੇ ਹਾਲਾਤ ਹੁਣ ਇਥੇ ਨਾਲੋਂ ਵੀ ਬੁਰੇ ਹਨ। ਜਿਹੜੇ ਚੱਕਰ ਲਾ ਕੇ ਆਉਂਦੇ ਹਨ, ਕੰਨਾਂ ਨੂੰ ਹੱਥ ਲਾਉਂਦੇ ਨੇ ਕਿ ਮੁੜ ਕੇ ਵਾਪਸ ਨਹੀਂ ਜਾਣਾ। ਨਸ਼ਿਆਂ ਦਾ ਹੜ੍ਹ ਆਇਆ ਪਿਐ। ਰਿਸ਼ਵਤ ਤੋਂ ਬਿਨਾ ਕੋਈ ਕੰਮ ਨੀ ਹੁੰਦਾ। ਉਥੇ ਤਾਂ ਹੁਣ ਕੋਈ ਸੁਣਵਾਈ ਹੀ ਨਹੀਂ। ਇਥੇ ਇੱਜ਼ਤ ਦੀ ਰੋਟੀ ਤਾਂ ਖਾ ਰਹੇ ਹਾਂ।"

"ਨਾ ਆਹ ਪਾਲਾ ਤਾਂ ਹੁਣ ਅੰਦਰ ਬੈਠਾ ਇੱਜ਼ਤ ਦੀ ਰੋਟੀ ਹੀ ਖਾਂਦਾ ਹੋਊ?" ਗੁਰਨਾਮੋ ਗੁੱਸੇ ਵਿਚ ਬੋਲੀ।

"ਕਦੇ ਠੰਡੇ ਦਿਮਾਗ ਨਾਲ ਵੀ ਕੁਝ ਸੋਚ ਲਿਆ ਕਰ! ਉਥੋਂ ਨਾਲੋਂ ਇਥੇ ਹਜ਼ਾਰ ਗੁਣਾ ਚੰਗੇ ਹਾਂ। ਕਸੂਰ ਤਾਂ ਆਪਣਾ ਵੀ ਹੈ। ਰਹਿੰਦੇ ਆਪਾਂ ਕਨੇਡਾ ਹਾਂ, ਪਰ ਸੋਚ ਸਾਡੀ ਪਿੰਡਾਂ ਵਾਲੀ ਹੀ ਐ। ਆਪਾਂ ਨੂੰ ਵੀ ਬਦਲਣਾ ਪਊ।" ਨਿਹਾਲ ਸਿੰਘ ਨੇ ਲੰਬਾ ਸਾਹ ਭਰਦੇ ਕਿਹਾ।

"ਸਾਡੀ ਤਾਂ ਜੂਨ ਹੀ ਬੁਰੀ ਹੈ। ਪਹਿਲਾਂ ਪੇਕਿਆਂ ਦੇ ਘਰ ਮਾਪਿਆਂ ਦੀਆਂ ਝਿੜਕਾਂ ਸਹਿੰਦੇ ਰਹੇ। ਵਿਆਹ ਤੋਂ ਬਾਅਦ ਤੇਰੇ ਵਰਗੇ ਅਮੋੜ ਬੰਦੇ ਨਾਲ ਵਾਹ ਪੈ ਗਿਆ। ਰਹਿੰਦੀ ਕਸਰ ਚੰਦਰੀ ਸੱਸ ਨੇ ਪੂਰੀ ਕਰ ਦਿੱਤੀ। ਜਦੋਂ ਤੱਕ ਮਰੀ ਨੀ, ਚੈਨ ਨਾਲ ਜਿਉਣ ਨਾ ਦਿੱਤਾ।" ਗੁਰਨਾਮੋ ਨੇ ਦਿਲ ਦੀ ਭੜਾਸ ਕੱਢਦੇ ਕਿਹਾ।

ਨਿਹਾਲ ਸਿੰਘ ਉਸ ਵੱਲ ਕੌੜ ਅੱਖ ਨਾਲ ਝਾਕਦਾ ਬੋਲਿਆ, "ਆਪ ਤਾਂ ਸਾਰਾ ਦਿਨ ਬੇਬੇ ਨਾਲ ਆਢਾ ਲਾਈ ਰੱਖਦੀ ਸੀ। ਹੁਣ ਮਰੀ ਦਾ ਵੀ ਪਿੱਛਾ ਨੀ ਛੱਡਦੀ। ਗੱਲ ਕਿਹੜੀ ਕਰ ਰਿਹੈਂ, ਇਹ ਹੋਰ ਪਾਸੇ ਹੀ ਤੁਰ ਪਈ।"


ਗੁਰਨਾਮੋ ਗੱਲ ਹੋਰ ਵਧਾਉਣਾ ਨਹੀਂ ਸੀ ਚਾਹੁੰਦੀ, ਇਸ ਲਈ ਚੁੱਪ ਹੀ ਕਰ ਗਈ।

ਨਿਹਾਲ ਸਿੰਘ ਵੀ ਕੁਛ ਦੇਰ ਚੁੱਪ ਹੀ ਰਿਹਾ। ਫੇਰ ਹੌਲੀ ਜਿਹੀ ਆਪਣੀ ਪਤਨੀ ਨੂੰ ਕਹਿਣ ਲੱਗਾ, "ਦੇਖ , ਸਿਆਣੇ ਕਹਿੰਦੇ ਹੁੰਦੇ ਨੇ ਕਿ ਹੱਥ ਦੀ ਤਲੀ 'ਤੇ ਰੱਖੀ ਰੇਤ ਨੂੰ ਜਿੰਨਾ ਘੁੱਟਾਂਗੇ ਰੇਤ ਨੇ ਹੌਲੀ-ਹੌਲੀ ਮੁੱਠੀ ਵਿਚੋਂ ਕਿਰਦੇ ਰਹਿਣਾ ਹੈ। ਸਿਆਣਪ ਇਸੇ ਵਿਚ ਹੈ ਕਿ ਮੁੱਠੀ ਖੁੱਲ੍ਹੀ ਛੱਡ ਦਿਓ, ਰੇਤ ਤਲੀ 'ਤੇ ਟਿਕੀ ਰਹੇਗੀ।"

ਗੁਰਨਾਮੋ ਇਹ ਸੋਚਣ ਲੱਗੀ ਕਿ ਅੱਜ ਦੇ ਸਮੇਂ ਦੇ ਬੱਚੇ ਵੀ ਰੇਤ ਹੋ ਗਏ ਨੇ ਜੋ ਮਾਂ-ਪਿਉ ਦੀਆਂ ਮੁੱਠੀਆਂ ਘੁੱਟਣ ਦੇ ਨਾਲ ਹੀ ਹੱਥਾਂ ਵਿਚੋਂ ਕਿਰਨ ਲੱਗਦੇ ਹਨ!

Sri Satguru Jagjit Singh Ji eLibrary NamdhariElibrary@gmail.com

ਖ਼ੁਦਾ ਨਹੀਂ, ਨ ਸਹੀ, ਆਦਮੀ ਕਾ ਖ਼ਾਬ ਸਹੀ: ਦੁਸ਼ਯੰਤ ਕੁਮਾਰ



ਹਿੰਦੋਸਤਾਨੀ ਗ਼ਜ਼ਲ ਦੀ ਬੁਲੰਦੀ ਦਾ ਨਾਂ ਦੁਸ਼ਯੰਤ ਕੁਮਾਰ ਹੈ। ਉਸ ਨੇ ਹਿੰਦੀ ਗ਼ਜ਼ਲ ਦੀਆਂ ਸੰਭਾਵਨਾਵਾਂ ਨੂੰ ਹੀ ਨਹੀਂ ਉਘਾੜਿਆ, ਸਗੋਂ ਇਸ ਨੂੰ ਉਰਦੂ ਗ਼ਜ਼ਲ ਦੇ ਟਾਕਰੇ ਦੀ ਬਣਾਇਆ ਅਤੇ ਗ਼ਜ਼ਲ ਰਾਹੀਂ ਵਰਤਮਾਨ ਯਥਾਰਥ ਦੀ ਕਟਾਖਸ਼ਮਈ ਅਲੋਚਨਾ ਕਰਨ ਦੀ ਜਾਚ ਦੱਸੀ। ਮਿਰਜ਼ਾ ਗ਼ਾਲਿਬ ਤੋਂ ਬਾਅਦ ਦੁਸ਼ਯੰਤ ਹੀ ਵਾਹਦ ਅਜਿਹਾ ਸ਼ਾਇਰ ਹੈ, ਜਿਸ ਦੇ ਸ਼ਿਅਰਾਂ ਦਾ ਸਟੇਜਾਂ ਤੋਂ ਹਵਾਲਾ ਦਿੱਤਾ ਜਾਂਦਾ ਹੈ। ਕੋਈ ਰਾਜਨੀਤਕ ਜਲਸਾ, ਰੈਲੀ ਹੋਵੇ ਜਾਂ ਧਰਨਾ ਹੋਵੇ, ਉਸ ਦੇ ਚਰਚਿਤ ਸ਼ਿਅਰ: 'ਮੇਰੇ ਸੀਨੇ ਮੇਂ ਨਹੀਂ ਤੋ ਤੇਰੇ ਸੀਨੇ ਮੇ ਸਹੀ, ਹੋ ਕਹੀਂ ਭੀ ਆਗ ਲੇਕਿਨ ਆਗ ਜਲਨੀ ਚਾਹੀਏ' ਜਾਂ 'ਸਿਰਫ ਹੰਗਾਮਾ ਖੜਾ ਕਰਨਾ ਮੇਰਾ ਮਕਸਦ ਨਹੀਂ, ਮੇਰੀ ਕੋਸ਼ਿਸ਼ ਹੈ ਕਿ ਯੇ ਸੂਰਤ ਬਦਲਨੀ ਚਾਹੀਏ' ਜਾਂ 'ਕੈਸੇ ਆਕਾਸ਼ ਮੇ ਸੁਰਾਖ ਨਹੀਂ ਹੋ ਸਕਤਾ, ਏਕ ਪੱਥਰ ਤੋ ਤਬੀਅਤ ਸੇ ਉਛਾਲੋ ਯਾਰੋ' ਜ਼ਰੂਰ ਸੁਣਾਈ ਦੇ ਜਾਣਗੇ । ਦੁਸ਼ਯੰਤ ਨੇ ਗ਼ਜ਼ਲ ਨੂੰ ਲੋਕ ਚੇਤਨਾ, ਲੋਕ ਸਰੋਕਾਰਾਂ ਅਤੇ ਲੋਕ ਸੰਘਰਸ਼ਾਂ ਦੇ ਹਾਣ ਦੀ ਬਣਾਅ ਦਿੱਤਾ।

ਦੁਸ਼ਯੰਤ ਕੁਮਾਰ ਦਾ ਜਨਮ 1 ਸਤੰਬਰ 1933 ਨੂੰ ਪਿੰਡ ਨਵਾਦਾ ਜ਼ਿਲਾ ਬਿਜਨੌਰ (ਉੱਤਰ ਪ੍ਰਦੇਸ਼) ਵਿਖੇ ਤਿਆਗੀ-ਬ੍ਰਾਹਮਣ ਪਰਿਵਾਰ ਵਿਚ ਹੋਇਆ। ਉਸ ਨੇ ਇਲਾਹਾਬਾਦ ਯੂਨੀਵਰਸਿਟੀ ਤੋਂ ਐਮ. ਏ. (ਹਿੰਦੀ) ਕੀਤੀ ਅਤੇ ਆਪਣਾ ਕਰੀਅਰ ਇਕ ਸ਼ਾਇਰ, ਨਾਟਕਕਾਰ ਅਤੇ ਪੱਤਰਕਾਰ ਵਜੋਂ ਸ਼ੁਰੂ ਕੀਤਾ। ਉਸਨੇ ਲੋਕ ਪੱਖੀ ਅਤੇ ਆਧੁਨਿਕ ਸੰਵੇਦਨਾ ਵਾਲੇ ਸ਼ਾਇਰ ਵਜੋਂ ਵਿਲੱਖਣ ਪਛਾਣ ਬਣਾਈ। ਨਾਟਕਕਾਰੀ ਦੇ ਖੇਤਰ ਵਿਚ ਨਵੇਂ ਆਯਾਮ ਸਿਰਜੇ ਅਤੇ ਪੱਤਰਕਾਰੀ ਦੇ ਖੇਤਰ ਵਿਚ ਵੀ ਚਰਚਿਤ ਰਿਹਾ। ਉਸਨੇ ਆਪਣੇ ਸਮੇਂ ਦੇ ਪ੍ਰਸਿੱਧ ਅਖਬਾਰ 'ਨਏ ਪੱਤੇ' ਵਿਚ ਕੰਮ ਕੀਤਾ। ਉਹ ਮੱਧ ਪ੍ਰਦੇਸ਼ ਦੇ ਰਾਜ ਭਾਸ਼ਾ ਸੈਕਸ਼ਨ ਅਤੇ ਆਕਾਸ਼ਵਾਣੀ ਨਾਲ ਵੀ ਸੰਬੰਧਤ ਰਿਹਾ। ਉਸ ਨੇ ਇਕ ਗ਼ਜ਼ਲਕਾਰ ਵਜੋਂ ਵਧੇਰੇ ਪ੍ਰਸਿੱਧੀ ਪ੍ਰਾਪਤ ਕੀਤੀ। ਉਸ ਦੀਆਂ ਪੁਸਤਕਾਂ ਹਨ- ਸੂਰਜ ਕਾ ਸਵਾਗਤ, ਆਵਾਜ਼ੋਂ ਕੇ ਘੇਰੇ, ਜਲਤੇ ਹੂਏ ਵਣ ਕਾ ਬਸੰਤ, ਸਾਏ ਮੇ ਧੂਪ, ਏਕ ਕੰਠ ਵਿਸ਼ਪਾਈ। ਇਸ ਮਹਾਨ ਸ਼ਾਇਰ ਦਾ 30 ਦਸੰਬਰ 1975 ਨੂੰ ਸਿਰਫ਼ 42 ਸਾਲ ਦੀ ਉਮਰ ਵਿਚ, ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ।

ਦੁਸ਼ਯੰਤ ਕੁਮਾਰ ਨੇ ਹਿੰਦੀ ਗ਼ਜ਼ਲ ਨੂੰ ਉਰਦੂ ਅਲਫ਼ਾਜ਼ ਅਤੇ ਰਵਾਇਤ ਦੀ ਚਾਸ਼ਨੀ ਦੇ ਕੇ ਹਿੰਦੋਸਤਾਨੀ ਗ਼ਜ਼ਲ ਬਣਾਇਆ ਅਤੇ ਇਸ ਨੂੰ ਸਮਕਾਲੀ ਸਮਾਜਕ ਰਾਜਨੀਤਕ ਸਰੋਕਾਰਾਂ ਨਾਲ ਸੰਵਾਦ ਰਚਾਉਣ ਯੋਗ ਬਣਾਇਆ। ਉਸ ਦੀ ਗ਼ਜ਼ਲ ਵਿਚ ਭਰਪੂਰ ਤਗ਼ਜ਼ਲ ਦੇ ਨਾਲ ਨਾਲ ਵਿਸ਼ਿਆਂ ਦੀ ਨਵੀਨਤਾ ਅਤੇ ਪ੍ਰਗਟਾਵੇ ਦੀ ਵਿਲੱਖਣਤਾ ਹੈ। ਕਟਾਖਸ਼ ਅਤੇ ਵਿਰੋਧਾਭਾਸ ਉਸ ਦੀ ਗ਼ਜ਼ਲ ਦੀਆਂ ਸਸ਼ਕਤ ਜੁਗਤਾਂ ਹਨ। ਭਾਵੇਂ ਹਿੰਦੀ ਗ਼ਜ਼ਲ ਨੇ ਬਹੁਤ ਤਰੱਕੀ ਕੀਤੀ ਹੈ ਪਰ ਦੁਸ਼ਯੰਤ ਦੀ ਗ਼ਜ਼ਲ ਹਾਲੇ ਵੀ ਬੁਲੰਦੀ ਉੱਪਰ ਪਰਚਮ ਲਹਿਰਾਅ ਰਹੀ ਹੈ।

ਕਹਾਂ ਤੋ ਤਯ ਥਾ ਚਰਾਗ਼ਾਂ

ਕਹਾਂ ਤੋ ਤਯ ਥਾ ਚਰਾਗ਼ਾਂ ਹਰੇਕ ਘਰ ਕੇ ਲੀਏ।
ਕਹਾਂ ਚਰਾਗ਼ ਮੁਯੱਸਰ ਨਹੀਂ ਸ਼ਹਿਰ ਕੇ ਲੀਏ।

ਯਹਾਂ ਦਰਖਤੋਂ ਕੇ ਸਾਏ ਮੇ ਧੂਪ ਲਗਤੀ ਹੈ
ਚਲੋ ਯਹਾਂ ਸੇ ਚਲੇਂ ਔਰ ਉਮਰ ਭਰ ਕੇ ਲੀਏ।

ਨ ਹੋ ਕਮੀਜ਼ ਤੋ ਪਾਓਂ ਸੇ ਪੇਟ ਢਕ ਲੇਂਗੇ
ਯੇ ਲੋਗ ਕਿਤਨੇ ਮੁਨਾਸਿਬ ਹੈਂ ਇਸ ਸਫ਼ਰ ਕੇ ਲੀਏ।

ਖ਼ੁਦਾ ਨਹੀਂ, ਨ ਸਹੀ, ਆਦਮੀ ਕਾ ਖ਼ਾਬ ਸਹੀ
ਕੋਈ ਹਸੀਨ ਨਜ਼ਾਰਾ ਤੋ ਹੈਂ ਨਜ਼ਰ ਕੇ ਲੀਏ।

ਵੋ ਮੁਤਮਈਨ ਹੈਂ ਕਿ ਪੱਥਰ ਪਿਘਲ ਨਹੀਂ ਸਕਤਾ
ਮੈਂ ਬੇਕਰਾਰ ਹੂੰ ਆਵਾਜ਼ ਮੇ ਅਸਰ ਕੇ ਲੀਏ।

ਯਹਾਂ ਤਕ ਆਤੇ ਆਤੇ ਸੂਖ ਜਾਤੀ ਹੈਂ ਕਈ ਨਦੀਆਂ
ਮੁਝੇ ਮਾਲੂਮ ਹੈ ਪਾਣੀ ਕਹਾਂ ਠਹਿਰਾ ਹੂਆ ਹੋਗਾ।

ਗ਼ਜ਼ਬ ਯੇ ਹੈ ਕਿ ਅਪਣੀ ਮੌਤ ਕੀ ਆਹਟ ਨਹੀਂ ਸੁਨਤੇ ਵੋ
ਸਬ ਕੇ ਸਬ ਪਰੇਸ਼ਾਂ ਹੈਂ ਵਹਾਂ ਪਰ ਕਿਆ ਹੂਆ ਹੋਗਾ।

ਤੁਮਾਰੇ ਸ਼ਹਿਰ ਮੇ ਯੇ ਸ਼ੋਰ ਸੁਣ ਸੁਣ ਕਰ ਤੋ ਲਗਤਾ ਹੈ
ਕਿ ਇਨਸਾਨੋਂ ਕੇ ਜੰਗਲ ਮੇ ਕੋਈ ਹਾਂਕਾ ਹੂਆ ਹੋਗਾ ।

ਪੇਸ਼ਕਾਰ: ਜਸਪਾਲ ਘਈ

ਤੇਰਾ ਨਿਜ਼ਾਮ ਹੈਂ, ਸਿਲ ਦੇ ਜ਼ੁਬਾਨ ਸ਼ਾਇਰ ਕੀ
ਯੇ ਅਹਿਤਿਆਤ ਜ਼ਰੂਰੀ ਹੈ ਇਸ ਬਹਿਰ ਕੇ ਲੀਏ।

ਜੀਏਂ ਤੋ ਅਪਨੇ ਬਗੀਚੇ ਮੇ ਗੁਲਮੁਹਰ ਕੇ ਤਲੇ
ਮਰੇਂ ਤੋ ਗ਼ੈਰ ਕੀ ਗਲੀਓਂ ਮੇ ਗੁਲਮੁਹਰ ਕੇ ਲੀਏ।

ਮੈਂ ਸਜਦੇ ਮੇ ਨਹੀਂ ਥਾ

ਯੇ ਸਾਰਾ ਜਿਸਮ ਝੁਕ ਕਰ ਬੋਝ ਸੇ ਦੂਹਰਾ ਹੂਆ ਹੋਗਾ।
ਮੈਂ ਸਜਦੇ ਮੇ ਨਹੀਂ ਥਾ, ਆਪ ਕੋ ਧੋਖਾ ਹੂਆ ਹੋਗਾ।

ਕਈ ਫ਼ਾਕੇ ਬਿਤਾ ਕਰ ਮਰ ਗਿਆ ਜੋ, ਉਸ ਕੇ ਬਾਰੇ ਮੇ
ਵੋ ਸਬ ਕਹਿਤੇ ਹੈਂ ਅਬ ਐਸਾ ਨਹੀਂ, ਐਸਾ ਹੂਆ ਹੋਗਾ।

ਯਹਾਂ ਤੋ ਸਿਰਫ਼ ਗੂੰਗੇ ਔਰ ਬਹਿਰੇ ਲੋਗ ਬਸਤੇ ਹੈਂ
ਖ਼ੁਦਾ ਜਾਨੇ ਯਹਾਂ ਪਰ ਕਿਸ ਤਰਹ ਜਲਸਾ ਹੂਆ ਹੋਗਾ।

ਚਲੋ ਅਬ ਯਾਦਗਾਰੋਂ ਕੀ ਅੰਧੇਰੀ ਕੋਠਰੀ ਖੋਲੇਂ
ਕਮ-ਅਜ਼-ਕਮ ਏਕ ਵੋ ਚਿਹਰਾ ਤੋ ਪਹਿਚਾਨਾ ਹੂਆ ਹੋਗਾ।

ਆਗ ਜਲਨੀ ਚਾਹੀਏ

ਹੋ ਗਈ ਹੈ ਪੀੜ ਪਰਬਤ ਸੀ ਪਿਘਲਨੀ ਚਾਹੀਏ।
ਇਸ ਹਿਮਾਲਿਆ ਸੇ ਕੋਈ ਗੰਗਾ ਨਿਕਲਨੀ ਚਾਹੀਏ।

ਆਜ ਯੇ ਦੀਵਾਰ ਪਰਦੋਂ ਕੀ ਤਰ੍ਹਾ ਹਿਲਨੇ ਲਗੀ
ਸ਼ਰਤ ਲੇਕਿਨ ਥੀ ਕਿ ਯੇ ਬੁਨਿਆਦ ਹਿਲਨੀ ਚਾਹੀਏ।

ਹਰ ਸੜਕ ਪਰ, ਹਰ ਗਲੀ ਮੇ, ਹਰ ਨਗਰ, ਹਰ ਗਾਓਂ ਮੇ
ਹਾਥ ਲਹਿਰਾਤੇ ਹੂਏ ਹਰ ਲਾਸ਼ ਚਲਨੀ ਚਾਹੀਏ।

ਸਿਰਫ ਹੰਗਾਮਾ ਖੜਾ ਕਰਨਾ ਮੇਰਾ ਮਕਸਦ ਨਹੀਂ
ਮੇਰੀ ਕੋਸ਼ਿਸ਼ ਹੈ ਕਿ ਯੇ ਸੂਰਤ ਬਦਲਨੀ ਚਾਹੀਏ ।

ਮੇਰੇ ਸੀਨੇ ਮੇ ਨਹੀਂ ਤੋ ਤੇਰੇ ਸੀਨੇ ਮੇ ਸਹੀ
ਹੋ ਕਹੀਂ ਭੀ ਆਗ, ਲੇਕਿਨ ਆਗ ਜਲਨੀ ਚਾਹੀਏ।

ਆਕਾਸ਼ ਕੇ ਤਾਰੇ ਨ ਦੇਖ

ਆਜ ਸੜਕੋਂ ਪਰ ਲਿਖੇ ਹੈਂ ਸੈਂਕੜੋਂ ਨਾਹਰੇ, ਨ ਦੇਖ।
ਘਰ ਅੰਧੇਰਾ ਦੇਖ ਤੂ, ਆਕਾਸ਼ ਕੇ ਤਾਰੇ ਨ ਦੇਖ।

ਏਕ ਦਰਿਆ ਹੈ ਯਹਾਂ ਪਰ ਦੂਰ ਤਕ ਫੈਲਾ ਹੂਆ।
ਆਜ ਅਪਨੇ ਬਾਜ਼ੂਓਂ ਕੋ ਦੇਖ, ਪਤਵਾਰੇਂ ਨ ਦੇਖ।

ਅਬ ਯਕੀਨਨ ਠੋਸ ਹੈ ਧਰਤੀ ਹਕੀਕਤ ਕੀ ਤਰਹ।
ਯੇ ਹਕੀਕਤ ਦੇਖ, ਲੇਕਿਨ ਖ਼ੌਫ਼ ਕੇ ਮਾਰੇ ਨ ਦੇਖ।

ਵੋ ਸਹਾਰੇ ਭੀ ਨਹੀਂ ਅਬ, ਜੰਗ ਲੜਨੀ ਹੈ ਤੁਝੇ।
ਕਟ ਚੁਕੇ ਜੋ ਹਾਥ, ਉਨ ਹਾਥੋਂ ਮੇ ਤਲਵਾਰੇ ਨ ਦੇਖ।

ਦਿਲ ਕੋ ਬਹਲਾ ਲੇ, ਇਜਾਜ਼ਤ ਹੈ, ਮਗਰ ਇਤਨਾ ਨ ਉੜ
ਰੋਜ਼ ਸਪਨੇ ਦੇਖ, ਲੇਕਿਨ ਇਸ ਕਦਰ ਪਿਆਰੇ ਨ ਦੇਖ।

ਯੇ ਧੁੰਦਲਕਾ ਹੈ ਨਜ਼ਰ ਕਾ, ਤੂ ਮਹਿਜ਼ ਮਾਯੂਸ ਹੈ।
ਰੋਜ਼ੇ ਨੌਅ ਕੋ ਦੇਖ ਦੀਵਾਰੋਂ ਮੇਂ, ਦੀਵਾਰੇਂ ਨ ਦੇਖ।

ਰਾਖ, ਕਿਤਨੀ ਰਾਖ ਹੈ, ਚਾਰੋਂ ਤਰਫ਼ ਬਿਖਰੀ ਹੂਈ।
ਰਾਖ ਮੇ ਚਿੰਗਾਰੀਆਂ ਹੀ ਦੇਖ, ਅੰਗਾਰੇ ਨ ਦੇਖ।

ਫਿਰ ਭੀ ਤੁਮ੍ਹੇਂ ਯਕੀਨ ਨਹੀਂ

ਤੁਮਹਾਰੇ ਪਾਓਂ ਕੇ ਨੀਚੇ ਕੋਈ ਜ਼ਮੀਨ ਨਹੀਂ।
ਕਮਾਲ ਹੈ ਕਿ ਫਿਰ ਭੀ ਤੁਮ੍ਹੇਂ ਯਕੀਨ ਨਹੀਂ।

ਮੈਂ ਬੇਪਨਾਹ ਹਨੇਰੋਂ ਕੋ ਸੁਬਹ ਕੈਸੇ ਕਹੂੰ।
ਮੈਂ ਇਨ ਨਜ਼ਾਰੋਂ ਕਾ ਅੰਧਾ ਤਮਾਸ਼ਬੀਨ ਨਹੀਂ।

ਤੇਰੀ ਜ਼ੁਬਾਨ ਹੈ ਝੂਠੀ ਜਮਹੂਰੀਅਤ ਕੀ ਤਰਹ।
ਤੂ ਇਕ ਜ਼ਲੀਲ ਸੀ ਗਾਲੀ ਸੇ ਬੇਹਤਰੀਨ ਨਹੀਂ।

ਤੁਮਹੀਂ ਸੇ ਪਿਆਰ ਜਤਾਏਂ, ਤੁਮਹੀਂ ਕੋ ਖਾ ਜਾਏਂ।
ਅਦੀਬ ਯੂੰ ਤੋ ਸਿਆਸੀ ਹੈਂ, ਪਰ ਕਮੀਨ ਨਹੀਂ।

ਤੁਝੇ ਕਸਮ ਹੈ, ਖ਼ੁਦੀ ਕੋ ਬਹੁਤ ਹਲਾਕ ਨ ਕਰ।
ਯੇ ਮੁਲਕ ਦੇਖਨੇ ਕੇ ਲਾਇਕ ਤੋ ਹੈ, ਹਸੀਨ ਨਹੀਂ।

ਜ਼ਰਾ ਸਾ ਤੌਰ-ਤਰੀਕੋਂ ਮੇ ਹੇਰ-ਫੇਰ ਕਰੋ।
ਤੁਮਹਾਰੇ ਹਾਥ ਮੇ ਕਾਲਰ ਹੋ, ਆਸਤੀਨ ਨਹੀਂ।

Sri Satguru Jagjit Singh Ji eLibrary NamdhariElibrary@gmail.com

ਉਹ ਕਹਾਣੀ ਤੋਂ ਬਾਹਰ ਜਾ ਪਿਆ

ਪੂਨਮ ਸਿੰਘ



deviantart.com/eyelessentity/art/Negative-Eye-105709140

ਉਹ ਕਹਾਣੀ ਤੋਂ ਬਾਹਰ ਜਾ ਪਿਆ। ਇਹ ਅਜੀਬ ਥਾਂ ਸੀ ਕੋਈ।

ਸਭ ਕੁਝ ਅਣਪਛਾਤਾ, ਅਚਵੀ ਜਿਹੀ ਲਾਉਂਦਾ।

ਕੀ ਉਹ ਹੈ ਵੀ ਸੀ?

ਇਹ ਨੀਰਸਤਾ ਕੀ ਸੀ ਫੇਰ?

ਉਸ ਆਸ ਪਾਸ ਦੇਖਿਆ।

ਕੀ ਕੋਈ ਹੋਰ ਕਹਾਣੀ ਸ਼ੁਰੂ ਹੋਣੀ ਸੀ? ਕੀ ਕਦੇ ਹੋਵੇਗੀ ਵੀ ਕਿ ਨਹੀ? ਕੀ ਉਹ ਹੁਣ ਇਸ ਬੇਕਹਾਣੀ ਜਿਹੀ ਜੂਨੇ ਪੈ ਗਿਆ ਸੀ?

ਹਾਇ ਓਏ ਹਾਇ!

ਹੁਣ ਕਿਸ ਨੂੰ ਪੁਕਾਰਨਾ ਹੈ ਕੁਝ ਸਮਝ ਨਹੀਂ ਸੀ ਆ ਰਹੀ।

ਕਿਸ ਵੱਲ ਦੇਖਣਾ ਹੈ, ਕਿਸ ਪਾਸੇ ਦੇਖਣਾ ਹੈ, ਉੱਤੇ ਕਿ ਥੱਲੇ ਕਿ ਸੱਜੇ ਕਿ ਖੱਬੇ?

ਕੋਈ ਝੰਡੇ ਨਹੀਂ ਕੋਈ ਝੰਡੀਆਂ ਨਹੀ। ਕੋਈ ਬੁਤ ਨਹੀਂ ਕੋਈ ਪੋਥ ਨਹੀਂ।

ਕੋਈ ਮੰਜਿਲ ਨਹੀਂ ਕੋਈ ਹਾਸਿਲ ਨਹੀਂ।

ਇਥੋਂ ਤਕ ਕਿ ਕੋਈ ਅਰਮਾਨ ਵੀ ਨਹੀਂ।

ਬਸ ਬੇਕਹਾਣੀਪੁਣਾ। ਬੇਜਲਾਲਪੁਣਾ। ਬੇਮਿਸਾਲਪੁਣਾ। ਬੇਲਿਹਾਜਪੁਣਾ। ਬੇਇਲਾਜਪੁਣਾ। ਬੇਹਿਸਾਬਪੁਣਾ। ਬੇਸਵਾਦਪੁਣਾ।

ਕੀ ਹੁਣ ਇਓਂ ਹੀ ਜੀਵੀ ਜਾਣਾ ਪੈਣਾ ਹੈ?

ਉਹ ਕਹਾਣੀ ਕੀ ਸੀ? ਜਿਸ ਵਿਚੋਂ ਉਹ ਡਿੱਗਾ ਸੀ? ਕੀ ਚੇਤੇ ਸੀ ਉਸ ਦਾ ਕੋਈ ਸਿਰ ਪੈਰ?

ਉਹ ਬੋਦੀ ਹੋ ਗਈ ਸੀ। ਸਿੰਗਾਂ ਵਾਂਗੂੰ ਝੜ ਗਈ ਸੀ। ਵਾਧੂ ਪੂਛ ਵਾਗੂੰ ਕਿਰ ਗਈ ਸੀ।

ਸਿੰਗਾਂ ਤੋਂ ਚੇਤੇ ਆਇਆ, ਆਪਣੀ ਤਾਂ ਨਹੀਂ - ਹਾਂ, ਦਾਦੀ ਜਿਸ ਵਿਚ ਰਹਿੰਦੀ ਸੀ, ਉਹ ਕਹਾਣੀ ਕੁਝ ਕੁਝ ਚੇਤੇ ਸੀ। ਕੀ ਸੀ?

ਉਸ ਦੀ ਕਹਾਣੀ ਮਰਨ ਦੀ ਕਹਾਣੀ ਵਿਚ ਯਕੀਨ ਨਹੀਂ ਸੀ ਰੱਖਦੀ। ਇਸ ਨੂੰ ਸੁਣਦੀ ਵੀ ਨਹੀਂ ਸੀ। ਗੀਤ ਗਾਉਂਦੀ ਰਹਿੰਦੀ ਆਪਣੀ ਵਾਲੀ ਦੇ ਕਿ "ਖੌਰੇ ਕੀ ਬਣ ਕੇ ਜੰਮਣਾ ਹੈ, ਕੀੜੀ ਕਿ ਚਿੜੀ", ਪਰ ਉਸ ਦੀ ਕਹਾਣੀ ਵਿਚ ਪਤਾ ਲੱਭਦਾ ਸੀ ਕਿ ਹੋਵੇਗੀ ਉਹ ਸੱਤ ਜੂਨ ਨਾਲ ਨਾਲ ਹੀ ਆਪਣੇ ਘਰਵਾਲੇ ਦੇ। ਉਸਦੀ ਕਹਾਣੀ ਵਿਚ ਪਾਲਣਹਾਰਾ ਵੀ ਸੀ ਇਕ ਜਿਹੜਾ ਬੰਸਰੀ ਵਜਾਂਦਾ ਸੀ ਐਸੀ ਜੋ ਸਦੀਆਂ ਦੇ ਆਰ ਪਾਰ ਸੁਣਦੀ ਸੀ, ਜਨਮਾਂ ਦੇ ਆਰ ਪਾਰ। ਉਹ ਆਪਣੀ ਕਹਾਣੀ ਵਿਚ ਜੀਵੀ ਕਹਾਣੀ ਵਿਚ ਮਰੀ। ਮਿੱਠਤ ਨਾਲ। ਉਸਦੀ ਕਹਾਣੀ ਦਾ ਪਾਲਣਹਾਰਾ ਅਤੇ ਉਸ ਦਾ ਆਪਣਾ ਪਤੀ ਆਪ ਉਸ ਨੂੰ ਲੈਣ ਆਇਆ ਜਾਪਦਾ ਸੀ, ਉਸ ਦੀ ਮੁਸਕਾਨ ਦੱਸਦੀ ਸੀ। ਉਸ ਦੇ ਚਿਹਰੇ 'ਤੇ ਆਈ ਸੰਗ ਦੱਸਦੀ ਸੀ ਕਿ ਉਹ ਦੁਲਹਣ ਬਣ ਗਈ ਹੈ। ਅਤੇ ਪਤਾ ਨਹੀਂ ਤਾਂ ਸਹੁਰੇ ਚੱਲੀ ਹੈ ਸ਼ਹੁ ਕੋਲ।

ਉਸਨੂੰ ਖਿਆਲ ਵਾਂਗ ਕੁਝ ਆਇਆ ਕਿ ਉਸ ਦੀ ਮਾਂ ਕੋਲ ਵੀ ਇਕ ਕਹਾਣੀ ਸੀ ਤੇ ਸੱਸ ਕੋਲ ਵੀ। ਸਭ ਵੱਖਰੀਆਂ ਸਨ। ਪਰ ਸਭ ਦਾ ਸਮਾਂ ਖਤਮ ਹੋ ਚੁੱਕਾ ਸੀ। ਕਿਸੇ ਦਾ ਉਨ੍ਹਾਂ ਦੀ ਮੌਤ ਤੋਂ ਪਹਿਲਾਂ ਕਿਸੇ ਦਾ ਰਤਾ ਮਗਰੋਂ। ਕਿਸੇ ਕਹਾਣੀ ਦਾ ਤਾਂ ਸਦੀਆਂ ਤੋਂ ਖਤਮ ਸੀ ਸਮਾਂ।

ਪਰ ਕਹਾਣੀ ਦੀ ਕਹਾਣੀ ਦੀ ਕਹਾਣੀ ਫੇਰ ਵੀ ਕੁਝ ਬਾਕੀ ਸੀ- ਜੇ ਬਹੁਤਾ ਹੀ ਧਿਆਨ ਲਾਓ ਤਾਂ ਭਰਮ ਜਿਹਾ ਪੈਂਦਾ ਸੀ ਕਿ ਹੈ।

ਭਰਮ ਕਿ ਕਹਾਣੀ ਹੈ ਅਤੇ ਉਹੀ ਸਮਾਂ ਹੈ ਸਦੀਆਂ ਪਹਿਲਾਂ ਵਾਲਾ ਅਤੇ ਉਸ ਨੂੰ ਜਿਊਂਦਿਆਂ ਕੀਤਾ ਜਾ ਸਕਦਾ ਹੈ ਜੇ ਫਲਾਂ ਫਲਾਂ ਕੱਪੜੇ ਪਾਓ, ਖਾਣੇ ਖਾਓ, ਵਗੈਰਾ ਵਗੈਰਾ।

ਖੁਸ਼ਕਿਸਮਤੀ ਅਤੇ ਅਨੰਦ ਦਾ ਇਕ ਝਉਲਾ ਕਾਇਮ ਰੱਖਿਆ ਜਾਣਾ ਲੋੜਦਿਆਂ ਨੂੰ ਚਾਤਰ ਬਿੱਲੇ ਨੇ ਵੇਖ ਲਿਆ ਤੇ ਉਹ ਵੀ ਟਿੱਲ ਲਾਉਣ ਲੱਗਾ।

ਉਸ ਨੇ ਤਾਂ ਕਹਾਣੀ ਨੂੰ ਝੰਭ ਝੰਭ ਕੇ ਕੁਝ ਕੁਝ ਖੜ੍ਹੀ ਹੀ ਕਰ ਲਿਆ ਸਮਝੋ!

ਨਸ਼ਿਆਏ ਜਿਹੇ ਲੋਕ ਹੈਰਾਨ ਸਨ ਕਿ ਪਿਛਲੀਆਂ ਸਦੀਆਂ ਕਿਵੇਂ ਵੇਖੋ ਫੇਰ ਆ ਗਈਆਂ ਹਨ! ਉਨ੍ਹਾਂ ਦੀ ਖੁਸ਼ੀ ਓਦੋਂ ਓਦੋਂ ਹਰਨ ਹੁੰਦੀ ਗਈ ਜਦੋਂ ਜਦੋਂ ਚਾਤਰ ਬਿੱਲੇ ਦਾ ਬਟੂਆ ਭਰਦਾ ਰਿਹਾ।

ਹੁਣ ਉਹ ਵੀ ਇਕ ਵਾਰ ਫੇਰ ਕਹਾਣੀ ਤੋਂ ਨਵੇਂ ਨਵੇਂ ਬਾਹਰ ਡਿੱਗੇ ਹਨ, ਪੂਰੇ ਨਹੀਂ ਬਸ ਦੋ ਕੁ ਮੰਜਿਲਾਂ।

ਪਰ ਮੇਰਾ ਕੀ ਹੋਵੇਗਾ?

ਬੇਕਹਾਣੀ, ਬੇਮੰਜਿਲ, ਬੇਮਕਸਦ, ਬੇਇਲਾਜ, ਬੇ-ਆਸ।

ਕੀ ਕੋਈ ਨਵੀਂ ਕਹਾਣੀ ਜੰਮ ਰਹੀ ਹੈ?

ਤੁਸੀਂ ਹੋ ਕੋਈ ਸੁਣ ਰਹੇ ਤਾਂ ਦੱਸਿਓ, ਜੇ ਪਤਾ ਲੱਗੇ।

ਉਂਝ ਏਨੀ ਗੱਲ ਕੀਤੀ ਹੈ ਤਾਂ ਕੁਝ ਮਾੜੀ ਜਿਹੀ ਢਾਰਸ ਤਾਂ ਹੋ ਰਹੀ ਹੈ। ਜਾਪਦਾ ਤਾਂ ਹੈ ਕਿ ਕੋਈ ਸੁਣ ਰਿਹਾ ਹੈ, ਕਿ ਉਸਦੀ ਵੀ ਇਹੀ ਅਵਾਜ ਹੈ। ਕਿ ਅਸੀਂ ਸ਼ਾਇਦ ਬਹੁਤ ਸਾਰੇ ਹਾਂ। ਚੁੱਪ ਹਨੇਰੇ ਵਿਚ ਗੜੁੱਪ ਜਿਹੇ।

ਜੇ ਹਾਂ ਤਾਂ ਇਹ ਵੀ ਸ਼ਾਇਦ ਕਹਾਣੀ ਹੀ ਹੈ ਕੋਈ ਸਾਡੀ। ਦੋ ਅੱਥਰੂ ਅੱਖਾਂ ਵਿਚ ਚੁਭੇ ਹਨ। ਆਹ, ਵਲਵਲਾ!

ਅਸੀਂ ਹਾਂ! ਅਸੀਂ ਹਾਂ!
ਅਸੀਂ ਹੋਵਾਂਗੇ ਵੀ।

Sri Satguru Jagjit Singh Ji eLibrary NamdhariElibrary@gmail.com

ਜਾਂਬਾਜ਼ ਸੁੰਦਰੀ ਜੋ ਮਹਾਰਾਣੀ ਬਣ ਗਈ ਸੀ

ਨਾਨਾ ਜੀ ਕਈ ਪਿੰਡਾਂ ਦੇ ਸਰਪੰਚ ਸਨ। ਉਨ੍ਹਾਂ ਦਾ ਤਿੰਨ ਸੌ ਵਿੱਘੇ ਦਾ ਕੱਠਾ ਟੱਕ ਸੀ। ਰੇਤਲਾ ਇਲਾਕਾ ਅਤੇ ਉਚੇ ਉਚੇ ਟਿੱਬੇ ਸਨ। ਖੇਤੀ ਦੇ ਨਾਉਂ 'ਤੇ ਜੇਕਰ ਕੁਝ ਹੁੰਦਾ ਸੀ ਤਾਂ ਉਹ ਸੀ ਮੂੰਗਫਲੀ, ਮਤੀਰੇ, ਖਰਬੂਜੇ, ਕਿਤੇ ਕਿਤੇ ਇੱਖ (ਗੰਨੇ), ਕਣਕ, ਕਪਾਹ ਅਤੇ ਨਰਮਾ ਜਾਂ ਫੇਰ ਮੱਕੀ ਤੇ ਹਰਾ ਚਾਰਾ। ਛੁੱਟੀਆਂ ਵਿੱਚ ਜਦੋਂ ਨਾਨਕੇ ਜਾਂਦੇ ਤਾਂ ਨਾਨੇ ਨਾਲ ਬੋਤਾ-ਗੱਡੀ ਵਿੱਚ ਬੈਠ ਕੇ ਖੂਹ 'ਤੇ ਚਲੇ ਜਾਣਾ। ਖੂਹ ਘਰ ਤੋਂ ਕਾਫ਼ੀ ਦੂਰੀ 'ਤੇ ਸੀ। ਰਸਤੇ ਵਿੱਚ ਨਾਨਾ ਮੈਨੂੰ ਰਾਜੇ ਮਹਾਰਾਜਿਆਂ ਦੀਆਂ, ਸਲਤਨਤਾਂ ਦੀਆਂ ਕਹਾਣੀਆਂ ਸੁਣਾਇਆ ਕਰਦਾ ਸੀ।

ਨਾਨੇ ਦਾ ਸਹੁਰਾ ਰਾਜੇ ਦਾ ਅਹਿਲਕਾਰ ਸੀ, ਅਹਿਲਕਾਰਾਂ ਤੋਂ ਕਿਹੜੀ ਗੱਲ ਲੁਕੀ ਹੁੰਦੀ ਐ ਰਾਜ ਘਰਾਣਿਆਂ ਦੀ, ਇਸ ਵਾਰ ਬਹੁਤ ਹੀ ਦਿਲਚਸਪ ਕਹਾਣੀ ਸੁਣਾਈ - ਜਾਂਬਾਜ ਸੁੰਦਰੀ ਦੀ।

ਉਸ ਦਾ ਬੇਟਾ ਮਹਿਜ਼ ਚਾਰ ਸਾਲਾਂ ਦਾ ਸੀ ਜਦੋਂ ਮਹਾਰਾਜਾ ਪ੍ਰਲੋਕ ਸਿਧਾਰ ਗਿਆ। ਬੇਵਕਤੀ ਮੌਤ ਨੇ ਬੱਚੇ ਦੇ ਮਨ 'ਤੇ ਡੂੰਘਾ ਅਸਰ ਕੀਤਾ ਜੋ ਅੰਗ੍ਰੇਜ਼ ਅਫ਼ਸਰਾਂ ਦੀ ਨਿਗਰਾਨੀ ਹੇਠ ਰੀਜੈਂਸੀ ਕੌਂਸਲ ਮੈਂਬਰਾਂ ਦੀ ਦੇਖ ਰੇਖ ਵਿੱਚ ਪਲਿਆ। ਪਿਤਾ ਦੀ ਮੌਤ ਤੋਂ ਬਾਅਦ ਗਹਿਰੇ ਸਦਮੇ ਦੀ ਵਜ੍ਹਾ ਨਾਲ ਉਸ ਦਾ ਮਨ ਉਦਾਸ ਰਹਿੰਦਾ ਸੀ।

ਜਵਾਨ ਹੋਇਆ ਤਾਂ ਇਕ ਤੋਂ ਬਾਅਦ ਇਕ, ਦੋ ਵਿਆਹ ਹੋਏ ਪਰ ਦੋਵੇਂ ਵਹੁਟੀਆਂ ਚੱਲ ਵਸੀਆਂ। ਉਸ ਦਾ ਮਨ ਹੋਰ ਉਚਾਟ ਰਹਿਣ ਲੱਗਾ। ਬਹੁਤ ਸਾਰੇ ਨੌਕਰਾਂ ਚਾਕਰਾਂ ਅਤੇ ਅਹਿਲਕਾਰਾਂ ਦੇ ਦਰਮਿਆਨ ਹੁੰਦਾ ਹੋਇਆ ਵੀ ਉਹ ਉਦਾਸ ਰਹਿੰਦਾ। ਇਸ ਇਕਲਾਪੇ ਤੋਂ ਨਿਜਾਤ ਪਾਉਣ ਲਈ ਉਹ ਕੁਝ ਸਮਾਂ ਬਿਤਾਉਣ ਮਸੂਰੀ ਦੀਆਂ ਵਾਦੀਆਂ ਵਿੱਚ ਚਲਿਆ ਜਾਂਦਾ।

ਰਮਣੀਕ ਪਹਾੜੀਆਂ ਵਿੱਚ ਬੂਰ ਲੱਦੇ ਵੰਨ ਸੁਵੰਨੇ ਫਲਾਂ ਦੇ ਬੂਟੇ ਅਤੇ ਖ਼ੂਬਸੂਰਤ ਫੁੱਲ ਉਸ ਦੇ ਉਦਾਸ ਮਨ ਨੂੰ ਬਹੁਤ ਸਕੂਨ ਦਿੰਦੇ। ਕੈਂਪਟੀ-ਫ਼ਾਲ ਪਹਾੜੀ ਤੋਂ ਡਿੱਗਦਾ ਸ਼ੀਤਲ ਜਲ ਦਾ ਝਰਨਾ ਉਸ ਦੇ ਮਨ ਨੂੰ ਸਰਸ਼ਾਰ ਕਰ ਛੱਡਦਾ। ਉਹ ਘੰਟਿਆਂ ਬੱਧੀ ਝਰਨੇ ਹੇਠ ਬੈਠਾ ਨਹਾਉਂਦਾ ਰਹਿੰਦਾ ਅਤੇ ਕੁਦਰਤੀ ਨਜ਼ਾਰਿਆਂ ਦਾ ਖ਼ੂਬ ਆਨੰਦ ਮਾਣਦਾ।

ਇਕ ਸਵੇਰ ਪਰਬਤਾਂ ਦੀ ਰਾਣੀ ਨੂੰ ਅਲਵਿਦਾ ਕਹਿ ਉਹ ਵਾਪਸ ਪਰਤ ਰਿਹਾ ਸੀ। ਨਾਭਾ ਸਟੇਸ਼ਨ 'ਤੇ ਗੱਡੀ ਰੁਕੀ ਤਾਂ ਸਟੇਸ਼ਨ ਦਾ ਅਮਲਾ ਇਕ ਦਮ ਹਰਕਤ ਵਿਚ ਆ ਗਿਆ। ਇਸ ਗੱਡੀ ਨਾਲ ਜੁੜੀ ਸੀ ਇਕ ਸਪੈਸ਼ਲ ਬੋਗੀ ਜਿਸ ਵਿਚ ਇਕ ਰਿਆਸਤ ਦੇ ਹੁਕਮਰਾਨ ਦਾ ਬੇਟਾ ਆਪਣੇ ਅਹਿਲਕਾਰਾਂ ਅਤੇ ਟਹਿਲਕਾਰਾਂ ਸਮੇਤ ਸਵਾਰ ਸੀ। ਸਟੇਸ਼ਨ 'ਤੇ ਖੜ੍ਹੀ ਇਕ ਬਹੁਤ ਹੀ ਖ਼ੂਬਸੂਰਤ ਬਰਤਾਨਵੀ ਸੁੰਦਰੀ ਲੋਕਾਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਸੀ। ਉਹ ਗੋਰੀ ਨੱਢੀ ਆਪਣੀ ਅਧੇੜ ਉਮਰ ਦੀ ਮਾਂ ਅਤੇ ਆਪਣੇ ਭਰਾ ਸਮੇਤ ਇਕ ਸਰਕਸ ਪਾਰਟੀ ਨਾਲ , ਸ਼ਾਹੀ ਸ਼ਾਨੋ-ਸ਼ੌਕਤ ਭਰਪੂਰ ਭਾਰਤੀ ਰਿਆਸਤਾਂ ਵਿਚ ਧਨ ਕਮਾਉਣ ਦੀ ਲਾਲਸਾ ਅਤੇ ਆਪਣੀ ਕਿਸਮਤ ਅਜ਼ਮਾਉਣ ਦੇ ਇਰਾਦੇ ਨਾਲ, ਆਈ ਹੋਈ ਸੀ। ਸਟੇਸ਼ਨ ਦੇ ਪਿਛਵਾੜੇ ਹੀ ਸਰਕਸ ਪਾਰਟੀ ਨੇ ਆਪਣੇ ਤੰਬੂ ਗੱਡੇ ਹੋਏ ਸਨ।

ਗੱਡੀ ਰੁਕਦਿਆਂ ਹੀ ਰਾਜੇ ਦਾ ਧਿਆਨ ਇਨ੍ਹਾਂ ਵਿਦੇਸ਼ੀ ਅਜਨਬੀਆਂ ਵੱਲ ਗਿਆ। ਪੁੱਛਣ 'ਤੇ ਪਤਾ ਲੱਗਾ ਕਿ ਉਹ ਇੰਗਲੈਂਡ ਦੀ ਇਕ ਸਰਕਸ ਪਾਰਟੀ ਨਾਲ ਆਏ ਹੋਏ ਹਨ। ਰਾਜੇ ਨੇ ਸੰਦੇਸ਼ ਭੇਜਿਆ ਕਿ ਪਾਰਟੀ ਆ ਕੇ ਉਸਦੀ ਰਾਜਧਾਨੀ ਵਿਚ ਵੀ ਆਪਣੇ ਜੌਹਰ ਦਿਖਾਏ। ਅੰਨ੍ਹਾ ਕੀ ਮੰਗੇ ਦੋ ਅੱਖਾਂ! ਕੁਝ ਹੀ ਦਿਨਾਂ ਅੰਦਰ ਪਾਰਟੀ ਨੇ ਆ ਉਸਦੀ ਰਾਜਧਾਨੀ ਵਿਚ ਤੰਬੂ ਗੱਡੇ। ਬਹੁਤ ਹੀ ਸ਼ਾਨਦਾਰ ਸ਼ੋਅ ਆਯੋਜਤ ਕੀਤਾ ਗਿਆ ਜਿਸ ਦਾ ਆਨੰਦ ਮਹਾਰਾਜਾ ਵੀ ਮਾਣ ਰਿਹਾ ਸੀ। ਖ਼ੂਬਸੂਰਤ ਜਾਂਬਾਜ਼ ਸੁੰਦਰੀ ਜੋ ਜਵਾਨੀ ਦੀ ਦਹਿਲੀਜ਼ 'ਤੇ ਅਜੇ ਕਦਮ ਰੱਖ ਹੀ ਰਹੀ ਸੀ, ਨੂੰ ਇਕ ਮਨਮੋਹਕ ਪੁਸ਼ਾਕ ਪਵਾ ਕੇ ਇਕ ਵਿਸ਼ਾਲ ਗੁਬਾਰੇ ਨਾਲ ਹਵਾ ਵਿਚ ਉਡਾਅ ਦਿੱਤਾ ਗਿਆ। ਜਨਤਾ ਸੁੰਦਰੀ ਨੂੰ ਗੁਬਾਰੇ ਨਾਲ ਉੱਡਦਿਆਂ ਵੇਖ ਕੇ ਅਚੰਭਤ ਹੋ ਉੱਠੀ। ਇਸ ਤਰ੍ਹਾਂ ਦਾ ਅਨੋਖਾ ਨਜ਼ਾਰਾ ਲੋਕਾਂ ਪਹਿਲੋਂ ਕਦੀ ਨਹੀਂ ਸੀ ਡਿੱਠਾ। ਨਾਜ਼ੁਕ ਗੋਰੀ ਨੱਢੀ ਨੂੰ ਲੈ ਕੇ ਗੁਬਾਰਾ ਬਹੁਤ ਦੂਰ ਉੱਚਾ ਜੰਗਲ ਵੱਲ ਉਡ ਗਿਆ!

ਮਹਾਰਾਜੇ ਨੇ ਆਪਣੇ ਘੁੜਸਵਾਰਾਂ ਨੂੰ ਹੁਕਮ ਦਿੱਤਾ ਕਿ ਉਹ ਉਸ ਗੁਬਾਰੇ ਦੇ ਨਾਲ ਨਾਲ ਜਾਣ ਅਤੇ ਹੇਠ ਉਤਰਦਿਆਂ ਹੀ ਸੁੰਦਰੀ ਨੂੰ ਸਹੀ ਸਲਾਮਤ ਆਪਣੇ ਨਾਲ ਲੈ ਕੇ ਆਉਣ। ਘੋੜਸਵਾਰ ਗੁਬਾਰੇ ਦੇ ਪਿੱਛੇ ਹੋ ਟੁਰੇ।

ਪੰਜ ਛੇ ਮੀਲ ਦੀ ਦੂਰੀ 'ਤੇ ਜਾ ਕੇ ਗੁਬਾਰਾ ਜੰਗਲ ਵਿਚ ਡਿੱਗਿਆ। ਫਟੇ ਹੋਏ ਗੁਬਾਰੇ ਅਤੇ ਸੁੰਦਰੀ ਨੂੰ ਲੈ ਕੇ ਘੋੜਸਵਾਰ ਵਾਪਸ ਪਰਤ ਆਏ। ਸੁੰਦਰੀ ਦੇ ਦਲੇਰਾਨਾ ਪ੍ਰਦਰਸ਼ਨ ਨੇ ਰਾਜੇ ਦਾ ਮਨ ਮੋਹ ਲਿਆ। ਮਹਾਰਾਜੇ ਨੇ ਸੁੰਦਰੀ ਨੂੰ ਪਰਵਾਰ ਸਮੇਤ ਸ਼ਾਹੀ ਖਾਣੇ ਦੀ ਦਾਅਵਤ ਦਿੱਤੀ। ਬਹੁਤ ਸ਼ਾਨਦਾਰ ਦਾਅਵਤ ਹੋਈ। ਆਪਣੀ ਇਕੱਲਤਾ ਨੂੰ ਦੂਰ ਕਰਨ ਲਈ ਰਾਜੇ ਨੇ ਸੁੰਦਰੀ ਨੂੰ ਵਿਆਹ ਦੀ ਪੇਸ਼ਕਸ਼ ਕੀਤੀ ਜੋ ਇਕ ਦਮ ਪ੍ਰਵਾਨ ਹੋ ਗਈ। ਸੁੰਦਰੀ ਦੀ ਮਾਂ ਦੀ ਸਹਿਮਤੀ ਨਾਲ ਕੁੜੀ ਦਾ ਵਿਆਹ ਰਾਜੇ ਨਾਲ ਹੋ ਗਿਆ ਜੋ ਬਾਈਆਂ ਵਰ੍ਹਿਆਂ ਦਾ ਨੌਜਵਾਨ ਸੀ। ਸੁੰਦਰੀ ਇਕ ਸਰਕਸ ਕਲਾਕਾਰ ਤੋਂ ਮਹਾਰਾਣੀ ਬਣ ਗਈ ਅਤੇ ਇਕ ਮਨਮੋਹਕ ਦੁਨੀਆਂ ਵਿਚ ਪ੍ਰਵੇਸ਼ ਕਰ ਗਈ। ਸਰਕਸ ਵਿਚ ਕੰਮ ਕਰਦਿਆਂ ਉਸ ਕਦੀ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਇਕ ਦਿਨ ਉਹ ਕਿਸੇ ਰਿਆਸਤ ਦੀ ਮਹਾਰਾਣੀ ਬਣੇਗੀ।

ਉਹ ਫੁਰਤੀਲੀ ਅਤੇ ਮਜ਼ਬੂਤ ਇਰਾਦੇ ਵਾਲੀ ਮੁਟਿਆਰ ਸੀ ਜੋ

Sri Satguru Jagjit Singh Ji eLibrary NamdhariElibrary@gmail.com

ਸੁਭਾਸ਼ ਭਾਸਕਰ

ਉੱਥੇ ਦੇ ਮਹੌਲ ਵਿਚ ਛੇਤੀ ਹੀ ਰਚ ਮਿਚ ਗਈ। ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ, ਕੁਝ ਮਹੀਨੇ ਬਾਅਦ ਹੀ ਜਿਸ ਦੀ ਮੌਤ ਹੋ ਗਈ, ਜਿਸ ਦਾ ਦੋਵ੍ਹਾਂ ਪਤੀ ਪਤਨੀ ਨੂੰ ਬੜਾ ਭਾਰੀ ਸਦਮਾ ਪਹੁੰਚਿਆ। ਫੇਰ ਕੁਝ ਮਹੀਨੇ ਬਾਅਦ ਹੀ ਉਸ ਇਕ ਪੁੱਤਰੀ ਨੂੰ ਜਨਮ ਦਿੱਤਾ।

ਰਾਣੀ ਸਾਰਾ ਦਿਨ ਉਸ ਬੱਚੀ ਵਿਚ ਪਰਚੀ ਰਹਿੰਦੀ। ਹੁਣ ਉਸ ਦਾ ਸਾਰਾ ਸੰਸਾਰ ਹੀ ਬਦਲ ਚੁੱਕਾ ਸੀ। ਉਸ ਨੂੰ ਜੀਵਕਾ ਕਮਾਉਣ ਲਈ ਕਿਸੇ ਮਿਹਨਤ ਮੁਸ਼ੱਕਤ ਦੀ ਲੋੜ ਨਹੀਂ ਸੀ। ਬਸ ਉਸ ਦਾ ਇਕੋ ਇਕ ਕੰਮ ਸੀ ਆਪਣੇ ਪਤੀ ਨੂੰ ਖੁਸ਼ ਕਰਨਾ ਜੋ ਬਹੁਤ ਸਾਰੇ ਅਹਿਲਕਾਰਾਂ ਅਤੇ ਨੌਕਰਾਂ-ਚਾਕਰਾਂ ਦਰਮਿਆਨ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਇੱਕਲਾ ਮਹਿਸੂਸ ਕਰਦਾ ਸੀ।

ਸੁੰਦਰੀ ਦੀ ਮਾਂ ਅਤੇ ਭਰਾ ਨੇ ਵੀ ਸਰਕਸ ਦੀ ਨੌਕਰੀ ਛੱਡ ਦਿੱਤੀ ਅਤੇ ਰਾਜ ਮਹਿਲ ਵਿਚ ਰਹਿਣ ਲਗ ਪਏ ਸਨ। ਸੁੰਦਰੀ ਦੇ ਭਰਾ ਨੂੰ ਮਹਾਰਾਜੇ ਨੇ ਆਪਣਾ ਨਿੱਜੀ ਸਕੱਤਰ ਨਿਯੁਕਤ ਕਰ ਲਿਆ।

ਰਾਜਾ ਹੁਣ ਕਾਫੀ ਸੂਝਵਾਨ ਹੁੰਦਾ ਜਾ ਰਿਹਾ ਸੀ ਅਤੇ ਉਸ ਦੀ ਰਾਜਨੀਤਕ ਤਾਕਤ ਵਿਚ ਵੀ ਵਾਧਾ ਹੋ ਰਿਹਾ ਸੀ। ਛੇਤੀ ਹੀ ਉਸ ਨੂੰ ਬਰਤਾਨਵੀ ਰਾਜ ਦੇ ਵੱਲੋਂ ਉਚੇਰੀ ਪਦਵੀ ਮਿਲੀ। ਦਿੱਲੀ ਵਿਚ ਹੋਏ ਤਾਜਪੋਸ਼ੀ ਦਰਬਾਰ ਵਿਚ ਮਹਾਰਾਜੇ ਨੂੰ ਪੁਸ਼ਤੈਨੀ ਪਦਵੀ ਨਾਲ ਸਨਮਾਨਤ ਕੀਤਾ ਗਿਆ। ਹੁਣ ਉਸ ਵੱਖ-ਵੱਖ ਖੇਤਰਾਂ ਵਿਚ ਤਰੱਕੀ ਦੀ ਰਫ਼ਤਾਰ ਵਧਾਅ ਦਿੱਤੀ ਸੀ। ਹਸਮੁਖ ਅਤੇ ਖੁੱਲ੍ਹਦਿਲੀ ਸੁੰਦਰੀ ਹੁਣ ਮਹਾਰਾਣੀ ਬਣ ਚੁੱਕੀ ਸੀ ਜਿਸ ਦਾ ਮਹਾਰਾਜਾ 'ਤੇ ਕਾਫ਼ੀ ਅਸਰ ਸੀ ਪਰ ਉਸ ਦਾ ਆਚਰਣ ਵੀ ਸ਼ੱਕ ਦੇ ਦਾਇਰੇ ਤੋਂ ਬਾਹਰ ਨਹੀਂ ਸੀ।

ਮਹਿਲਾਂ ਦੇ ਗੁਪਤ ਪ੍ਰੇਮ ਸਬੰਧ, ਦਰਬਾਰੀ ਸਾਜ਼ਿਸ਼ਾਂ ਅਤੇ ਸ਼ਤਰੰਜੀ ਚਾਲਾਂ ਨਾਲੋ-ਨਾਲ ਚੱਲਦੀਆਂ ਰਹਿੰਦੀਆਂ ਹਨ ਜਿਨ੍ਹਾਂ ਤੋਂ ਮਹਾਰਾਣੀ ਵੀ ਬਚ ਨਾ ਸਕੀ। ਉਸ ਦੇ ਵਿਰੋਧੀਆਂ ਨੇ ਮਹਾਰਾਜੇ ਦੇ ਕੰਨਾਂ ਤੱਕ ਇਹ ਖ਼ਬਰ ਪੁਚਾਅ ਦਿੱਤੀ ਕਿ ਸ਼ਾਹੀ ਵਿਆਹ ਤੋਂ ਪਹਿਲਾਂ ਵੀ ਉਹ ਇੱਕ ਬੱਚੇ ਨੂੰ ਜਨਮ ਦੇ ਚੁੱਕੀ ਸੀ।

ਇਸ ਖ਼ਬਰ ਨਾਲ ਰਾਜੇ ਦੇ ਦਿਲ ਨੂੰ ਡੂੰਘਾ ਸਦਮਾ ਪਹੁੰਚਿਆ, ਉਹ ਚੁੱਪ ਚਾਪ ਸਹਿਣ ਤਾ ਕਰ ਗਿਆ ਪਰ ਮੁੜ ਤੋਂ ਉਦਾਸ ਰਹਿਣ ਲੱਗਾ।

ਹੁਣ ਉਸ ਪਹਾੜਾਂ ਦੀ ਸੈਰ ਲਈ ਕਮਾਊਂ ਖੇਤਰ ਦੀਆਂ ਪਹਾੜੀਆਂ ਦਾ ਰੁਖ ਕੀਤਾ, ਜਿੱਥੇ ਉਸ ਦੀ ਮੁਲਾਕਾਤ ਕਮਾਊਂ ਖੇਤਰ ਦੀ ਇੱਕ ਖੂਬਸੂਰਤ ਮੁਟਿਆਰ ਨਾਲ ਹੋਈ। ਇਸ ਨਿਮਰ ਸੁਭਾਅ ਵਾਲੀ ਕੁੜੀ ਨੇ ਰਾਜੇ ਦੇ ਗਮਗੀਨ ਦਿਲ ਨੂੰ ਸਕੂਨ ਦਿੱਤਾ। ਸੁੰਦਰਤਾ ਦੀਆਂ ਵਾਦੀਆਂ 'ਚੋਂ ਮਿਲੀ ਇਸ ਖੂਬਸੂਰਤ ਮੁਟਿਆਰ ਨੂੰ ਰਾਜਾ ਹਮੇਸ਼ਾ ਲਈ ਆਪਣੇ ਨਾਲ ਰੱਖਣਾ ਚਾਹੁੰਦਾ ਸੀ ਪਰ 'ਜਾਂਬਾਜ਼ ਸੁੰਦਰੀ' ਨਾਲ ਹੋਏ ਇਕਰਾਰਨਾਮੇ ਮੁਤਾਬਕ, ਮਹਾਰਾਜਾ, ਉਸ ਦੇ ਜ਼ਿੰਦਾ ਰਹਿੰਦਿਆਂ ਦੂਜਾ ਵਿਆਹ ਨਹੀਂ ਸੀ ਕਰਵਾਅ ਸਕਦਾ। ਖ਼ੈਰ, ਜੋਸ਼ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ!

ਆਖਿਰਕਾਰ ਸੁੰਦਰੀ ਦੀ ਸਹਿਮਤੀ ਨਾਲ ਇਕਰਾਰਨਾਮੇ ਨੂੰ ਬਦਲ ਦਿੱਤਾ ਗਿਆ -ਅਤੇ ਕਾਹਲੀ ਨਾਲ, ਅੱਧੀ ਰਾਤ ਵੇਲੇ, ਕਿਲ੍ਹੇ ਦੇ ਦੀਵਾਨਖ਼ਾਨੇ ਵਿਚ, ਉਸ ਕਮਾਊਂ ਦੀ ਕੁੜੀ ਨਾਲ ਰਾਜੇ ਦੇ ਵਿਆਹ ਦੀਆਂ ਰਸਮਾਂ ਪੂਰੀਆਂ ਹੋ ਗਈਆਂ। ਉਸ ਤੋਂ ਬਾਅਦ, ਪਰ, ਮਹਾਰਾਜੇ ਅਤੇ 'ਜਾਂਬਾਜ਼ ਸੁੰਦਰੀ' ਵਿਚਕਾਰ ਫ਼ਾਸਲਾ ਲਗਾਤਾਰ ਵਧਦਾ ਚਲਿਆ ਗਿਆ।

ਮਹਾਰਾਜੇ ਦਾ ਝੁਕਾਅ ਹੁਣ ਛੋਟੀ ਮਹਾਰਾਣੀ ਵੱਲ ਜ਼ਿਆਦਾ ਰਹਿਣ ਲੱਗਾ। ਉਸ ਸਮੇਂ ਦੌਰਾਨ ਛੋਟੀ ਮਹਾਰਾਣੀ ਨੇ ਦੋ ਰਾਜਕੁਮਾਰੀਆਂ ਅਤੇ ਇਕ ਰਾਜਕੁਮਾਰ ਨੂੰ ਜਨਮ ਦਿੱਤਾ।

ਦਿਨ ਖੁਸ਼ਗਵਾਰ ਲੰਘ ਰਹੇ ਸਨ। ਜਦੋਂ ਇਕ ਵਿਦੇਸ਼ੀ ਦੌਰੇ 'ਤੇ ਇੰਗਲੈਂਡ ਜਾਣ ਦਾ ਸਬੱਬ ਬਣਿਆ ਤਾਂ ਮਹਾਰਾਜਾ ਦੋਵੇਂ ਮਹਾਰਾਣੀਆਂ



ਨੂੰ ਬੱਚਿਆਂ ਸਮੇਤ ਨਾਲ ਲੈ ਗਿਆ। ਉੱਥੇ ਅਚੰਭਤ ਕਰ ਦੇਣ ਵਾਲੀ ਇਕ ਅਹਿਮ ਘਟਨਾ ਘਟੀ।

ਕੁਝ ਮਹਿਮਾਨ, ਜੋ ਮਹਾਰਾਜੇ ਨੂੰ ਮਿਲਣ ਆਏ ਹੋਏ ਸਨ, ਉਨ੍ਹਾਂ ਜਾਂਬਾਜ਼ ਸੁੰਦਰੀ ਕੋਲੋਂ ਦੂਸਰੀ ਮਹਾਰਾਣੀ ਬਾਬਤ ਪੁੱਛਿਆ ਤਾਂ ਉਹ ਬੋਲੀ ਕਿ- "ਉਹ ਤਾਂ ਰਖੈਲ ਹੈ।" ਇਹ ਗੱਲ ਮਹਾਰਾਜੇ ਦੇ ਕੰਨਾਂ ਤੀਕਰ ਵੀ ਪਹੁੰਚ ਗਈ। ਮਹਾਰਾਜਾ ਗੁੱਸੇ ਵਿਚ ਆ ਗਿਆ। ਦੋਵ੍ਹਾਂ ਦਰਮਿਆਨ ਬਹੁਤ ਤਲਖ਼-ਕਲਾਮੀ ਹੋਈ, ਜਿਸ ਦੇ ਨਤੀਜੇ ਵਜੋਂ ਉਹ ਇਕ ਦੂਜੇ ਤੋਂ ਜੁਦਾ ਹੋ ਗਏ।

ਇਹ ਜੁਦਾਈ ਹਮੇਸ਼ਾ ਲਈ ਸੀ। ਸੁੰਦਰੀ ਇੰਗਲੈਂਡ ਵਿਚ ਹੀ ਰਹਿ ਗਈ। ਅੱਧੀ ਸਦੀ ਤੱਕ ਮਹਾਰਾਣੀ ਦਾ ਦਰਜਾ ਹੰਢਾਉਣ ਵਾਲੀ ਉਹ 'ਜਾਂਬਾਜ਼ ਸੁੰਦਰੀ' ਜਿੰਨਾ ਚਿਰ ਜਿਉਂਦੀ ਰਹੀ, ਪ੍ਰਿਵੀ ਪਰਸ ਦੇ ਰੂਪ ਵਿਚ, ਇਕ ਮੋਟੀ ਰਕਮ ਇੰਗਲੈਂਡ ਦੇ ਇਕ ਬੈਂਕ ਰਾਹੀਂ ਲਗਾਤਾਰ ਉਸ ਨੂੰ ਮਿਲਦੀ ਰਹੀ। ਮਹਾਰਾਜੇ ਦੀ ਬਾਅਦ ਵਿਚ ਮੌਤ ਹੋ ਗਈ ਸੀ ਅਤੇ ਰਿਆਸਤਾਂ ਖਤਮ ਹੋ ਗਈਆਂ ਸਨ।

ਚੰਡੀਗੜ੍ਹ

Sri Satguru Jagjit Singh Ji eLibrary NamdhariElibrary@gmail.com

ਬਾਬੂ ਰਜਬ ਅਲੀ ਨੂੰ ਯਾਦ ਕਰਦਿਆਂ! ਹਰਮਨਪ੍ਰੀਤ ਸਿੰਘ

10 ਅਗਸਤ 1894-6 ਜੂਨ 1979



ਮਾਲਵੇ ਦੀ ਰੂਹ, ਕਵੀਸ਼ਰੀ ਦਾ ਬਾਦਸ਼ਾਹ ਬਾਬੂ ਰਜਬ ਅਲੀ ਜਿਹੇ ਕਵੀਸ਼ਰ ਇਸ ਸੰਸਾਰ 'ਤੇ ਰੋਜ਼-ਰੋਜ਼ ਪੈਦਾ ਨਹੀਂ ਹੁੰਦੇ। ਬਾਬੂ ਰਜਬ ਅਲੀ ਦਾ ਜਨਮ ਮੁਸਲਮਾਨ ਰਾਜਪੂਤ ਘਰਾਣੇ ਵਿਚ ਪਿਤਾ ਧਮਾਲੀ ਖਾਨ ਅਤੇ ਮਾਤਾ ਜਿਉਣੀ ਦੇ ਘਰ ਪਿੰਡ ਸਾਹੋਕੇ, ਜ਼ਿਲ੍ਹਾ: ਫ਼ਿਰੋਜ਼ਪੁਰ, (ਹੁਣ ਮੋਗਾ) ਵਿਚ ਮਿਤੀ 10 ਅਗਸਤ 1894 ਈ: ਨੂੰ ਹੋਇਆ। ਕਵੀਸ਼ਰੀ ਦੀ ਗੁੜ੍ਹਤੀ ਆਪਣੇ ਪਿਤਾ ਜੀ ਤੋਂ ਹੀ ਮਿਲੀ। ਚਾਰ ਭੈਣਾਂ ਦੇ ਸਭ ਤੋਂ ਛੋਟੇ ਭਰਾ।

ਸੋਹਣੀਏ 'ਸਾਹੋ' ਪਿੰਡ ਦੀਏ ਵੀਹੇ ।
ਬਚਪਨ ਦੇ ਵਿਚ ਪੜ੍ਹੇ 'ਬੰਬੀਹੇ' ।
ਚੂਰੀ ਖੁਆ ਮਾਂ ਪਾਤੇ ਰਸਤੇ ।
ਚੱਕ ਲਏ ਕਲਮ ਦਵਾਤਾਂ ਬਸਤੇ ।
ਸ਼ੇਰ, ਨਿਰੰਜਣ, ਮਹਿੰਗੇ ਨੇ ।
ਭੁਲਦੀਆਂ ਨਾ ਭਰਜਾਈਆਂ,
ਪਾਈਆਂ ਘੁੰਬਰਾਂ ਲਹਿੰਗੇ ਨੇ ।

ਪੰਜ ਪਾਸ ਕਰਕੇ ਤੁਰ ਗਏ ਮੋਗੇ ।
ਮਾਪਿਆਂ ਜਿਉਂਦਿਆਂ ਤੋਂ ਸੁਖ ਭੋਗੇ ।
ਪੈਸੇ ਖਾ ਮਠਿਆਈਆਂ ਬਚਦੇ ।
ਵੇਂਹਦੇ ਸ਼ਹਿਰ ਸੜਕ ਪਰ ਨਚਦੇ,
ਠੁੰਮ੍ਹ ਠੁੰਮ੍ਹ ਚਕਦੇ ਪੱਬ ਤਾਂ ਜੀ ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ ।

ਕਰ ਐਂਟਰੈਂਸ ਪਾਸ ਸਕੂਲੋਂ ।
ਓਵਰਸੀਅਰ ਬਣੇਂ ਰਸੂਲੋਂ ।
ਜ਼ਿਲੇ ਪਸ਼ੌਰ ਨਹਿਰ ਵਿੱਚ ਭਰਤੀ ।
ਦੌਲਤ ਪਾਣੀ ਵਾਂਗੂੰ ਵਰਤੀ ।
ਬਹੁਤ ਬਹਾਰਾਂ ਮਾਣੀਆਂ ।
ਸੁਰਖ਼ ਮਖ਼ਮਲਾਂ ਵਰਗੇ,
ਫਿਰਨ ਪਠਾਣ ਪਠਾਣੀਆਂ ।

ਰਜਬ ਅਲੀ ਜਦੋਂ ਸਿੰਚਾਈ ਵਿਭਾਗ ਵਿਚ ਨੌਕਰੀ ਕਰਨ ਲੱਗੇ ਤਾਂ ਉਨ੍ਹਾਂ ਦੇ ਨਾਮ ਨਾਲ ਬਾਬੂ ਲੱਗ ਗਿਆ। ਉਸ ਸਮੇਂ ਦੇ ਪ੍ਰਸਿੱਧ ਕਿੱਸਾਕਾਰ ਮਾਨ ਸਿੰਘ ਤੋਂ ਪਿੰਗਲ ਦੀ ਸਿੱਖਿਆ ਪ੍ਰਾਪਤ। ਸਰਹਿੰਦ ਬਰਾਂਚ ਨਹਿਰ 'ਤੇ ਅਖਾੜਾ ਨਹਿਰੀ ਕੋਠੀ ਤੋਂ ਨੌਕਰੀ ਸ਼ੁਰੂ ਕੀਤੀ ਸੀ। ਪੰਜਾਬ ਦੇ ਸਿੰਚਾਈ ਵਿਭਾਗ 'ਚ ਓਵਰਸੀਅਰ ਦੀ ਨੌਕਰੀ ਕਰਦੇ ਹੋਏ ਆਮ ਜਨ-ਜੀਵਨ ਵਿਚ ਲੋਕਾਂ ਨੂੰ ਆਉਂਦੀਆਂ ਮੁਸ਼ਕਲਾਂ ਤੇ ਤੰਗੀਆਂ-ਤੁਰਸ਼ੀਆਂ ਅਤੇ ਅੰਗਰੇਜ ਸਰਕਾਰ ਦੇ ਰਾਜ ਨੂੰ ਨੇੜੇ ਹੋ ਕੇ ਮਹਿਸੂਸ ਕੀਤਾ।

ਭਾਰੇ ਕਣਕਾਂ ਦੇ ਬੋਹਲ,
ਤੇ ਕਪਾਹ ਨੂੰ ਲੱਗੇ ਤੋਲ,
ਖੰਡ ਬਣੇ ਰਸ ਡੋਲ੍ਹ,
ਲੋਹੇ ਦੇ ਕੜਾਹਿਆਂ 'ਚੈ ।
ਤਿੰਨ ਮੇਲ, ਲੋਕਾਂ ਨੂੰ
ਛਕਾਉਂਦੇ ਸਾਹਿਆਂ 'ਚੈ ।
ਪਹਿਲਾਂ ਰਾਕਸ਼ਾਂ ਨੇ ਲੁੱਟੇ,
ਫੇਰ ਮੁਗ਼ਲਾਂ ਨੇ ਕੁੱਟੇ,
ਅਬ ਮਸਾਂ ਖਹਿੜੇ ਛੁੱਟੇ,
ਅੰਗਰੇਜ਼ ਰਿੰਦ ਤੋਂ ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ ।

1940 ਵਿਚ ਜਦ ਓਵਰਸੀਅਰ ਤੋਂ ਐਸ.ਡੀ.ਓ. ਬਣਨ ਵਾਲੇ ਸੀ ਤਾਂ ਕਿਸੇ ਵੱਲੋਂ ਅੰਗਰੇਜ਼ ਸਰਕਾਰ ਦੇ ਕੰਨੀ ਇਹ ਗੱਲ ਪਾ ਦਿੱਤੀ ਕਿ ਬਾਬੂ ਰਜਬ ਅਲੀ ਅੰਗਰੇਜ਼ ਸਰਕਾਰ ਖਿਲਾਫ਼ ਲੋਕਾਂ ਵਿਚ ਬਗਾਵਤੀ ਸਾਹਿਤ ਲਿਖ ਕੇ ਵੰਡਦਾ ਹੈ। ਜਦੋਂ ਅੰਗਰੇਜ਼ ਅਫ਼ਸਰ ਨੇ ਇਸਦੀ ਤਫਤੀਸ ਕੀਤੀ, ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਪ੍ਰਸੰਗ ਵਿਚ ਲਿਖੀ ਕਵਿਤ ਦਫ਼ਤਰੀ ਦਸਤਾਵੇਜ਼ ਰੋਜ਼ਨਾਮਚੇ ਵਿਚੋਂ ਮਿਲੀ। ਨਰਾਜ਼ ਹੋ ਕੇ ਤਫ਼ਤੀਸ਼ੀ ਅਫ਼ਸਰ ਨੇ ਪ੍ਰਮੋਸ਼ਨ ਫ਼ਾਇਲ ਸੀਲ ਕਰ ਦਿੱਤੀ। ਬਾਬੂ ਰਜਬ ਅਲੀ ਨੇ ਆਪਣੀ ਨੌਕਰੀ ਛੱਡ ਦੇਸ਼, ਕੌਮ, ਸਮਾਜ ਲਈ ਖੁੱਲ੍ਹ ਕੇ ਲਿਖਿਆ:

ਥੋੜਾ ਧਨ ਲੁਟ ਕੇ ਬਣਾ ਲੇ ਬੰਗਲੇ,
ਬਲੈਤ ਵਾਲੇ ਗੋਰਿਆਂ ਨੇ।
ਹਿੰਦ ਦੇ ਧਨਾਢ ਸਾਰੇ ਕੀਤੇ ਕੰਗਲੇ,
ਸੁਕਾ'ਤੇ ਚੰਮ ਝੋਰਿਆਂ ਨੇ।
ਐਹੋ ਜੀ ਖਰੀ ਸਾਮੀ ਦੇ,
ਲਾਹ ਦਿਓ ਗਲਾਂ 'ਚ ਤਵਕ ਗੁਲਾਮੀ ਦੇ
ਕਹਿਣਾ ਸਿੱਖਾਂ ਹਿੰਦੂਆਂ ਮੁਸਲਮਾਨਾਂ ਨੂੰ,
ਪੁੱਤਰ ਇੱਕ ਮਾਂ ਦਿਉ।
ਬੁਰਜ ਉਸਰੇ ਜਿਹੜੇ ਦੇ ਕੇ ਜਾਨਾਂ ਨੂੰ,
ਗਿਰਨ ਹੇਠਾਂ ਬਾਂਹ ਦਿਉ।
ਲੰਮੀ ਫਰਿਆਦ ਗੱਭਰੂਓ,
ਕਰਲੋ ਵਤਨ ਨੂੰ ਅਜਾਦ ਗੱਭਰੂਓ।

ਸਾਦੇ ਸੁਭਾ ਦਾ ਮਾਲਕ, ਸਾਦੇ ਜਿਹੇ ਲੋਕਾਂ 'ਚ ਜੰਮਿਆ-ਪਲਿਆ ਬਾਬੂ ਰਜਬ ਅਲੀ ਆਪਣੀ ਕਵੀਸ਼ਰੀ ਰਾਹੀਂ ਸਾਦੇ ਜਿਹੇ ਢੰਗ ਨਾਲ ਆਪਣੀ ਵਜ਼ਨਦਾਰ ਗੱਲ ਕਹਿ ਜਾਂਦਾ ਸੀ। ਬਾਬੂ ਰਜਬ ਅਲੀ ਨੇ ਮਿਥਿਹਾਸਕ ਕਾਵਿ-ਰਚਨਾਵਾਂ ਤੋਂ ਇਲਾਵਾਂ ਗੁਰੂ-ਪੀਰਾਂ ਦੇ ਇਤਿਹਾਸ ਅਤੇ ਸਮਾਜ 'ਚ ਵਸਦੇ ਆਮ ਲੋਕਾਂ, ਕਿਸਾਨਾਂ, ਮਜ਼ਦੂਰਾਂ ਦੀਆ ਮੁਸ਼ਕਲਾ, ਦੁੱਖ-ਦਰਦ ਤੇ ਸ਼ਹੀਦਾਂ ਦੀ ਸ਼ਹਾਦਤ ਨੂੰ ਆਪਣੀ ਕਵੀਸ਼ਰੀ ਕਲਾ ਰਹੀ ਬਖ਼ੂਬੀ ਬਿਆਨ ਕੀਤਾ। ਕੁੱਲ 81 ਕਿੱਸੇ ਅਤੇ ਪ੍ਰਸੰਗਾਂ ਦੀ ਰਚਨਾ ਕੀਤੀ ਅਤੇ ਪਹਿਲੀ ਰਚਨਾ ਹੀਰ 1916 ਈ. ਵਿਚ ਲਿਖੀ। ਆਪਣੇ ਅਲੀ-ਦੁਆਲੇ ਵਾਪਰੇ ਬਿਰਤਾਂਤ ਨੂੰ ਬਾ-ਕਮਾਲ ਛੰਦ, ਬੈਂਤ, ਕਬਿੱਤ ਦੇ ਰੂਪ 'ਚ ਕਲਮਬੰਦ ਕਰ ਸਮਾਜ ਨੂੰ ਸਮਰਪਤ ਕੀਤੇ। ਉਨ੍ਹਾਂ ਦੀ ਸਭ ਤੋਂ ਮਕਬੂਲ ਲਿਖ਼ਤ ਬਹੱਤਰ ਕਲਾ ਛੰਦ ਹੋਈ। ਇਸ ਵਿਚ ਨੌਜਵਾਨਾਂ ਨੂੰ ਤਕੜੇ ਹੋ ਕੰਮ ਕਰਨ ਦੀ ਤਾਕੀਦ ਕਰਦੇ ਕਹਿੰਦੇ ਹਨ ਕਿ :

ਸਉਂ ਗਏ ਤਾਣ ਚਾਦਰੇ ਵੇ,
ਸੰਤ ਜਗਮੇਲ, ਮੱਖਣ ਗੁਰਮੇਲ,
ਗਰਮ ਕੱਪ ਚਾਹ ਪੀ, ਉੱਠੋ ਮਾਰ ਥਾਪੀ,
ਕਰੋ ਹਰਨਾੜੀ, ਪਰਾਣੀ ਫੜਕੇ ।
ਟੈਮ ਚਾਰ ਵਜੇ ਦਾ ਵੇ,
ਲਵੋ ਨਾਂ ਰੱਬ ਦਾ, ਭਲਾ ਹੋ ਸਭ ਦਾ,
ਬੜਾ ਕੰਮ ਨਿੱਬੜੇ, ਪਹਿਰ ਦੇ ਤੜਕੇ ।
ਅੱਖ ਪੱਟ ਕੇ ਵੇਖ ਲਉ ਵੇ,
ਚੜ੍ਹ ਗਿਆ ਤਾਰਾ,
ਕੱਤੇ ਕੰਮ ਭਾਰਾ, ਉੱਠੋ ਹਲ ਜੋੜੋ,
ਖੇਤ ਵੱਲ ਮੋੜੋ,
ਮਹਿਲ 'ਚੋਂ ਨਿਕਲ,
ਅੰਗਣ ਵਿੱਚ ਖੜ੍ਹ ਗਈ ।
ਮਾਂ ਦੇ ਮਖਣੀ ਖਾਣਿਉਂ ਵੇ,
ਸੂਰਮਿਉਂ ਪੁੱਤਰੋ, ਚੁਬਾਰਿਉਂ ਉੱਤਰੋ,
ਫਰਕਦੇ ਬਾਜ਼ੂ, ਜਵਾਨੀ ਚੜ੍ਹ ਗਈ ।

15 ਅਗਸਤ 1947 ਈ: ਨੂੰ ਜਦੋਂ ਮੁਲਕ ਆਜਾਦ ਹੋਇਆ ਤਾਂ ਵੱਡੇ ਪੱਧਰ ਉੱਤੇ ਹੋਏ ਆਬਾਦੀ ਦੇ ਤਬਾਦਲੇ ਨੇ ਬਹੁਤ ਕੁਝ ਵੰਡ ਕੇ ਰੱਖ ਦਿਤਾ। ਲੱਖਾਂ ਹੀ ਲੋਕਾ ਨੂੰ ਨਾ ਚਾਹੁੰਦਿਆਂ ਵੀ ਆਪਣਾ ਘਰ ਛੱਡ ਤਬਾਦਲੇ ਦਾ ਹਿਸਾ ਬਣਨਾ ਪਿਆ।

Sri Satguru Jagjit Singh Ji eLibrary NamdhariElibrary@gmail.com

ਪਰਮਾਤਮਾ ਜੋ ਕਰਦਾ, ਚੰਗਾ ਹੀ ਕਰਦਾ ਹੈ?

ਅਸ਼ੋਕ ਸੋਨੀ, ਕਾਲਮਨਵੀਸ

ਸਾਰੀ ਜਮਾਤ ਨੇਂ ਆਪਣਾ ਕੰਮ ਪੂਰਾ ਕਰ ਕਰ ਲਿਆ ਸੀ ਪਰ ਸੀਮਾ ਅੱਜ ਫੇਰ ਖੜ੍ਹੀ ਸੀ, ਮੈਂ ਗੁੱਸੇ 'ਚ ਪੁੱਛਿਆ, "ਚਾਰ ਦਿਨ ਹੋ ਗਏ ਨੇਂ, ਤੂੰ ਦੂਜਾ ਪਾਠ ਕਿਉਂ ਨੀਂ ਲਿਖਿਆ" ?

"ਮੇਰੀ ਕਾਪੀ ਘਰ ਰਹਿ ਗਈ ਏ", ਉਹ ਡਰਦੀ-ਡਰਦੀ ਬੋਲੀ।

"ਜਾ ਲੈ ਕੇ ਆ ਘਰੋਂ, ਹੁਣੇ", ਮੈਨੂੰ ਪਤਾ ਸੀ, ਜਿਹੜਾ ਬੱਚਾ ਕੰਮ ਕਰਦਾ ਏ, ਉਹਦੀ ਕਾਪੀ ਕਦੇ ਘਰੇ ਨੀਂ ਰਹਿੰਦੀ। ਉਹ ਇਕਦਮ ਸਹਿਮ ਜਿਹੀ ਗਈ, ਹੁਣ ਮੈਂ ਗੁੱਸੇ 'ਚ ਗਰਜਿਆ, "ਝੂਠ ਬੋਲਦੀ ਏਂ, ਕੰਮ ਤਾਂ ਤੂੰ ਕਰਦੀ ਨੀਂ ਤੇ ਰੋਜ ਬਹਾਨੇ ਤੇ ਬਹਾਨੇ",,,, ਉਹ ਰੋਣ ਲੱਗ ਪਈ।

"ਸਰ ਜੀ, ਮੇਰੇ ਕੋਲ ਕਾਪੀਆਂ ਹੈ ਨੀਂ, ਜਿਸ ਦਿਨ ਮੇਰੀ ਮੰਮੀ ਦੀ ਦਿਹਾੜੀ ਲੱਗੀ, ਉਸ ਦਿਨ ਉਹ ਲਿਆ ਦੇਵੇਗੀ", ਸੀਮਾ ਦੇ ਇਕ-ਇਕ ਸ਼ਬਦ ਨਾਲ ਉਸਦੀਆਂ ਅੱਖਾਂ 'ਚੋਂ ਵਗਦਾ ਨੀਰ ਸੱਚ ਤੇ ਅਥਾਹ ਦਰਦ ਦੀ ਗਵਾਹੀ ਭਰ ਰਿਹਾ ਸੀ।

ਮੈਂ ਇਕਦਮ ਢਿੱਲਾ ਜਿਹਾ ਹੋ ਗਿਆ, ਉਸਨੂੰ ਕੋਲ ਬੁਲਾ ਕੇ ਜਦੋਂ ਉਸਦੇ ਸਿਰ ਤੇ ਹੱਥ ਧਰ ਪੁੱਛਿਆ, "ਤੇਰੇ ਡੈਡੀ ਨੇਂ ਕਿਉਂ ਨੀਂ ਦਿਵਾਈਆਂ ਕਾਪੀਆਂ" ?

ਉਹਦੀਆਂ ਅੱਖਾਂ 'ਚੋਂ ਰੁਕ-ਰੁਕ ਕੇ ਵਗਦਾ ਪਾਣੀ, ਹੁਣ ਹਰਲ-ਹਰਲ ਤੁਰ ਪਿਆ, "ਸਰ ਜੀ, ਉਹ ਦਾਰੂ ਪੀਂਦਾ ਏ, ਰੋਜ ਰਾਤ ਨੂੰ ਘਰੇ ਲੜਾਈ ਕਰਦੈ, ਕਾਪੀਆਂ ਲਈ ਕਿਹਾ ਤਾਂ ਉਹ ਕਹਿੰਦਾ ਮੇਰੇ ਕੋਲ ਹੈ ਨੀਂ ਪੈਸੇ, ਰਾਤੀਂ ਵੀ ਪੀ ਕੇ ਦਸ ਵਜੇ ਆਇਆ, ਮੇਰੀ ਮੰਮੀ ਨੂੰ ਕਹਿੰਦਾ ਰੋਟੀ ਨਾਲ ਸਲਾਦ ਲਿਆ, ਮੇਰੀ ਮੰਮੀ ਨੇਂ ਗੰਡਾ ਚੀਰ ਕੇ ਲਿਆ ਦਿੱਤਾ, ਡੈਡੀ ਕਹਿੰਦਾ ਖੀਰਾ ਲਿਆ, ਮੰਮੀ ਕਿੱਥੋਂ ਲਿਆਉਂਦੀ, ਫੇਰ ਉਹਨੇਂ ਥਾਲੀ ਸੁੱਟੀ ਤੇ ਮੰਮੀ ਨੂੰ ਕੁੱਟਿਆ, ਅਸੀਂ ਦੋਵੇਂ ਭੈਣਾਂ ਤੇ ਮੇਰੇ ਭਰਾ ਨੇਂ ਹਮੇਸ਼ਾਂ ਵਾਂਗ ਹੱਥ ਜੋੜ-ਜੋੜ ਮਸਾਂ ਮੰਮੀ ਨੂੰ ਛੁਡਵਾਇਆ"।


"ਤੁਸੀਂ ਤਿੰਨ ਭੈਣ-ਭਰਾ ਓ" ?

"ਅਸੀਂ ਚਾਰ ਭੈਣਾਂ ਸਾਂ, ਸਭ ਤੋਂ ਵੱਡੀ ਮੇਰੀ ਮਾਸੀ ਗੋਦ ਲੈ ਗਈ ਤੇ ਉਸਤੋਂ ਛੋਟੀ ਨੂੰ ਇਕ ਜੀਰੇ ਦੀ ਆਂਟੀ ਲੈ ਗਈ, ਮੇਰੇ ਤੋਂ ਛੋਟੀ ਪੰਜਵੀਂ 'ਚ ਪੜ੍ਹਦੀ ਏ ਤੇ ਮੇਰਾ ਭਰਾ ਪਹਿਲੀ 'ਚ, ਮੇਰੀ ਮੰਮੀ ਨੂੰ ਦੋ ਵਾਰੀ ਟੀਬੀ ਹੋ ਗਈ ਏ, ਹੁਣ ਵੀ ਦਵਾਈ ਚੱਲਦੀ ਏ, ਭਾਂਡੇ-ਮਾਜਣ ਜਾਂਦੀ ਏ, ਵਿਆਹਾਂ 'ਚ, ਜਦੋਂ ਉਹਦੀ ਦਿਹਾੜੀ ਲੱਗੇਗੀ ਤਾਂ ਸਾਨੂੰ ਤਿੰਨੋਂ ਭੈਣ-ਭਰਾਵਾਂ ਨੂੰ ਕਾਪੀਆਂ ਤੇ ਚੱਪਲਾਂ ਵੀ ਲਿਆ ਦੇਵੇਗੀ, ਮੇਰਾ ਡੈਡੀ ਮਾੜਾ ਬੰਦਾ ਏ", ਉਹ ਲਗਾਤਾਰ ਰੋਂਦੀ-ਰੋਂਦੀ ਬੋਲਦੀ ਜਾ ਰਹੀ ਸੀ ਪਰ ਮੈਂ ਹੋਲੀ ਜਿਹੀ ਇੰਨਾਂ ਹੀ ਬੋਲ ਸਕਿਆ, "ਨਹੀਂ ਬੇਟਾ, ਇੰਝ ਨੀਂ ਆਖੀਦੈ"।

"ਸਰ ਜੀ, ਮੇਰੇ ਡੈਡੀ ਦੀ ਇਕ ਮਾਮੀ ਏ, ਉਹਦਾ ਘਰਆਲਾ ਮਰਿਆ ਏ, ਇਕ ਦਿਨ ਮੇਰੇ ਡੈਡੀ ਦੇ ਫੋਨ ਤੇ ਉਹਦੀ ਵਾਰ-ਵਾਰ ਮਿਸ ਕਾਲ ਆਈ ਜਾਵੇ, ਮੇਰੀ ਮੰਮੀ ਨੇਂ ਕਿਹਾ ਕਿ ਸਾਰੀ ਕਮਾਈ ਤਾਂ ਇਸ 'ਸੌਂਕਣ' ਦੇ ਘਰੇ ਵਾੜ ਛੱਡਦੈਂ, ਸਾਰਾ ਦਿਨ ਇਸੇ ਨਾਲ ਫੋਨ ਤੇ ਲੱਗਿਆ ਰਹਿੰਦੈ, ਹੁਣ ਹੋਰ ਕੀ ਭਾਲਦੀ ਏ, ਫੇਰ ਮੇਰੀ ਮੰਮੀ ਨੂੰ ਮੇਰੇ ਡੈਡੀ ਨੇ ਬੜਾ ਕੁੱਟਿਆ, ਹੁਣ ਉਹ ਕੁੱਝ ਨੀਂ ਬੋਲਦੀ ਮਾਰ ਖਾ ਲੈਂਦੀ ਏ ਤੇ ਸਾਨੂੰ ਵੀ ਚੁੱਪ ਰਹਿਣ ਨੂੰ ਆਖਦੀ, ਉਹ ਕਹਿੰਦੀ ਏ ਕਿ ਜੇ ਅਸੀਂ ਬੋਲੇ ਤਾਂ ਤੇਰਾ ਡੈਡੀ ਸਾਨੂੰ ਸਭ ਨੂੰ ਘਰੋਂ ਕੱਢ ਦੇਵੇਗਾ",,,,,,,,,,,,

ਇਸ ਤੋਂ ਅੱਗੇ ਮੈਂ ਸੁਣ ਨੀਂ ਸਕਿਆ, ਛੋਟੀ ਜਿਹੀ ਬੱਚੀ ਦੇ ਮਾਨਸਿਕ ਤੇ ਪਰਿਵਾਰਕ ਹਾਲਾਤ ਜਾਣਕੇ ਮੈਂ ਹਿੱਲ ਗਿਆ, ਮੇਰੇ ਸਾਹਮਣੇ ਮੇਜ ਤੇ ਖੁਲ੍ਹੀ ਪਈ ਕਿਤਾਬ 'ਚੋਂ, ਉਸੇ ਦੂਜੇ ਪਾਠ ਦਾ ਸਿਰਲੇਖ ਮੈਨੂੰ ਚਿੜ੍ਹਾ ਰਿਹਾ ਸੀ, 'ਪਰਮਾਤਮਾ ਜੋ ਕਰਦਾ ਹੈ, ਚੰਗਾ ਹੀ ਕਰਦਾ ਹੈ'।

ਪਿੰਡ ਖੂਈ ਖੇੜਾ, ਫ਼ਾਜ਼ਿਲਕਾ,
ਪੰਜਾਬ 9872705078
ashoksoni78@yahoo.com



ਦੋ ਮੁਲਕਾਂ ਦੀ ਹੋਈ ਏਸ ਵੰਡ ਨੇ ਇਨਸਾਨੀ ਜਿੰਦਗੀਆਂ ਦੇ ਜਿਉਂਣ ਤੇ ਮਰਨ ਦੇ ਵਰਤਾਰੇ ਵੀ ਬਦਲ ਕੇ ਰੱਖ ਦਿਤੇ। ਏਸ ਵੰਡ ਦਾ ਸੰਤਾਪ ਬਾਬੂ ਰਜਬ ਅਲੀ ਨੇ ਵੀ ਆਪਣੇ ਪਿੰਡੋ ਤੇ ਹੰਢਾਇਆ। ਬਾਬੂ ਰਜਬ ਅਲੀ ਦਾ ਆਪਣੇ ਪਿੰਡ ਸਾਹੋਕੇ ਤੇ ਮਾਲਵੇ ਦੇ ਇਲਾਕੇ ਨਾਲ ਅਥਾ ਮੋਹ ਸੀ ਉਹ ਆਪਣੀ ਜਨਮ ਭੋਈਂ ਛੱਡ ਕੇ ਜਾਣਾ ਨਹੀਂ ਸਨ ਚਾਉਂਦੇ ਪ੍ਰੰਤੂ ਆਬਾਦੀ ਦੇ ਤਬਾਦਲੇ ਕਾਰਨ ਮਜਬੂਰਨ ਆਪਣਾ ਨਗਰ ਖੇੜਾ ਛੱਡ ਕੇ ਪਾਕਿਸਤਾਨ ਜਾਣਾ ਪਿਆ। ਆਪਣਾ ਦਰਦ ਬਿਆਨਦਿਆਂ ਬਾਬੂ ਰਜਬ ਅਲੀ ਕਹਿੰਦੇ ਹਨ ਕਿ:

ਮੰਨ ਲਈ ਜੋ ਕਰਦਾ ਰੱਬ ਪਾਕਿ ਐ
ਆਉਂਦੀ ਯਾਦ ਵਤਨ ਦੀ ਖ਼ਾਕ ਐ
ਟੁੱਟ ਫੁੱਟ ਟੁਕੜੇ ਬਣ ਗਏ ਦਿਲ ਦੇ
ਹਾਏ! ਮੈਂ ਭੁੱਜ ਗਿਆ ਵਾਂਗੂੰ ਖਿੱਲ ਦੇ
ਭੜਥਾ ਬਣ ਗਈ ਦੇਹੀ ਐ
ਵਿਛੜੇ ਯਾਰ ਪਿਆਰੇ,
ਬਣੀ ਮੁਸੀਬਤ ਕੇਹੀ ਐ ?
ਜਾਂਦੇ ਲੋਕ ਨਗਰ ਦੇ ਰਸ ਬੂ
ਪਿੰਡ ਦੀ ਪਾਉਣ ਫੁੱਲਾਂ ਦੀ ਖ਼ਸ਼ਬੂ ਹੋ
ਗਿਆ ਜਿਗਰ ਫਾੜੀਉ-ਫਾੜੀ
ਵੱਢਦੀ ਚੱਕ ਚਿੰਤਾ ਬਘਿਆੜੀ,
ਹੱਡੀਆਂ ਸਿੱਟੀਆਂ ਚੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ ।

ਸਮੇਂ ਨੇ ਕਰਵਟ ਲਈ ਅਤੇ ਮੁਲਕ ਅਜ਼ਾਦ ਹੋਣ ਤੋਂ ਤਕਰੀਬਨ 17 ਸਾਲ ਬਾਅਦ, ਸੰਨ 1965 'ਚ, ਬਾਬੂ ਰਜਬ ਅਲੀ ਨੂੰ ਇਕ ਮਹੀਨੇ ਲਈ ਭਾਰਤ ਦਾ ਵੀਜ਼ਾ ਮਿਲ ਗਿਆ। ਜਦੋਂ ਬਾਬੂ ਰਜਬ ਅਲੀ ਦੇ ਆਉਣ ਦੀ ਖ਼ਬਰ ਪਿੰਡ ਸਾਹੋਕੇ ਪੁੱਜੀ ਤਾਂ ਸਾਰਾ ਪਿੰਡ ਖੁਸ਼ੀ 'ਚ ਝੂਮ ਉੱਠਿਆ। ਬਾਬੂ ਰਜਬ ਅਲੀ ਜੀ ਦੇ 53 ਸ਼ਗਿਰਦ, ਸਮੇਤ ਮਾਲਵੇ ਇਲਾਕੇ ਦੇ ਪ੍ਰਸੰਸਕ ਤੇ ਪੁਰਾਣੇ ਬੇਲੀ, ਉਨ੍ਹਾਂ ਦੇ ਪਿੰਡ ਆਉਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਪਿੰਡ ਪੁੱਜਣ 'ਤੇ ਬਾਬੂ ਰਜਬ ਅਲੀ ਦਾ ਭਰਵਾਂ ਸਵਾਗਤ ਕੀਤਾ ਗਿਆ, ਫੁੱਲਾਂ ਦੀ ਵਰਖਾ ਕਰ ਲੋਕਾਂ ਨੇ ਉਨ੍ਹਾਂ ਨੂੰ ਹੱਥਾਂ 'ਤੇ ਚੱਕ ਲਿਆ ਅਤੇ ਪਿੰਡ ਸਾਹੋਕੇ ਵਿਚ ਮੇਲਾ ਲਗਵਾਇਆ ਗਿਆ। ਇਹ ਖ਼ੁਸ਼ੀ ਦੇ ਪਲ ਬਹੁਤਾ ਸਮਾਂ ਨਾ ਰਹੇ। ਅਜੇ ਬਾਬੂ ਰਜਬ ਅਲੀ ਨੇ ਆਪਣੇ ਪਿੰਡ ਸਾਹੋਕੇ ਨੂੰ ਚੰਗੀ ਤਰਾਂ ਮੁੜ ਨਿਹਾਰਿਆ ਵੀ ਨਹੀਂ ਸੀ ਕਿ ਭਾਰਤ ਅਤੇ ਪਾਕਿਸਤਾਨ ਦੀ ਜੰਗ ਲੱਗ ਗਈ। ਉਨ੍ਹਾਂ ਨੂੰ ਮਜਬੂਰਨ 10ਵੇਂ, 11ਵੇਂ ਦਿਨ ਪਾਕਿਸਤਾਨ ਮੁੜਨਾ ਪਿਆ। ਉਨ੍ਹਾਂ ਲਈ ਇਹ ਦਰਦ ਸੰਨ 1947 ਦੇ ਵੰਡ ਵਾਲੇ ਸੰਤਾਪ ਤੋਂ ਘੱਟ ਨਹੀ ਸੀ। ਜਦੋਂ ਬਾਬੂ ਰਜਬ ਅਲੀ ਸਾਹੋਕੇ ਤੋਂ ਤੁਰਨ ਲੱਗੇ ਤਾਂ ਵੱਡੀ ਗਿਣਤੀ 'ਚ ਉਨ੍ਹਾਂ ਨੂੰ ਚਾਹੁਣ ਵਾਲੇ ਵਿਰਲਾਪ ਕਰ ਰਹੇ ਸਨ। ਆਪਣਾ ਦਰਦ ਬਿਆਨਦਿਆਂ ਬਾਬੂ ਰਜਬ ਅਲੀ ਕਹਿੰਦੇ ਹਨ ਕਿ:

ਠੇਕੇਦਾਰ ਅਨੇਕਾਂ ਨੇ,
ਮੇਰੇ ਪਾਸ ਕਰਕੇ ਕਾਮ ਸੁਖ ਭੋਗੇ
ਜੱਟ ਦਿਲੋਂ ਭੁਲਾਉਂਦੇ ਨਾ,
ਜਿਨ੍ਹਾਂ ਦੇ ਲਾ ਤੇ ਦਾਸ ਨੇ ਮੋਘੇ।
ਪੈਦਾਵਾਰ ਵਧਾਤੀ ਸੀ,
ਬੋਹਲ ਤੇ ਬੋਹਲ ਲਾਤੀਆਂ ਧਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ, ਰਹਿਣ
ਹਰ ਵਕਤ ਵਤਨ ਦੀਆਂ ਤਾਂਘਾਂ ।
ਮੈਨੂੰ ਰੱਖਲੋ ਨਗਰ ਮੇਂ ਜੀ,
ਨਗਰ ਦੇ ਲੋਕੋ ਹੱਥਾਂ ਦੀਆਂ ਵਾਹੋ।
'ਬਾਬੂ' ਜਾਣ ਦੇਵਣਾ ਨਾ,
ਦਾਸ ਦੀ ਕਬਰ ਬਣਾ ਲੋ ਸਾਹੋ।
ਲਾਸ਼ ਦੱਬ ਦਿਉ ਗਾਮ ਮੇਂ ਜੀ,
ਸੱਚੇ ਕੌਲ ਭੌਰ ਪਹੁੰਚ ਜੂ 'ਗ੍ਰਾਂ-ਗ੍ਰਾਂ
ਮੈਨੂੰ ਉੱਠਦੇ ਬੈਠਦੇ ਨੂੰ, ਰਹਿਣ
ਹਰ ਵਕਤ ਵਤਨ ਦੀਆਂ ਤਾਂਘਾਂ ।

ਬਾਬੂ ਰਜਬ ਅਲੀ ਨੂੰ ਵੰਡ ਦਾ ਦਰਦ ਅਤੇ ਬਚਪਨ ਦੇ ਬੇਲੀਆ ਦੇ ਵਿਛੋੜੇ ਦਾ ਦਰਦ ਹਮੇਸ਼ਾ ਰਿਹਾ। ਕਿਸੇ ਨੂੰ ਕੀ ਪਤਾ ਸੀ ਕਿ 15 ਅਗਸਤ 1947 ਨੂੰ ਜਦੋਂ ਮੂਲਕ ਦੀ ਵੰਡ ਨਾਲ ਅਨੇਕਾਂ ਹੀ ਲੋਕਾ ਦਾ ਜੰਮਣਾ ਅਤੇ ਮਾਰਨ ਵੀ ਵੰਡਿਆ ਜਾਣਾ ਹੈ, ਏਸੇ ਤਰ੍ਹਾਂ ਬਾਬੂ ਰਜਬ ਅਲੀ ਦਾ ਜੰਮਣਾ ਅਤੇ ਮਰਨਾ ਵੀ ਵੰਡਿਆ ਗਿਆ। ਕਵੀਸ਼ਰੀ ਦੇ ਬਾਦਸ਼ਾਹ ਬਾਬੂ ਰਜਬ ਅਲੀ ਮਿਤੀ 6 ਜੂਨ 1979 ਨੂੰ ਪਾਕਿਸਤਾਨ ਵਿਚ ਇਸ ਜਹਾਨੋਂ ਰੁਖ਼ਸਤ ਹੋ ਗਏ ਸਨ। ਬਾਬੂ ਰਜਬ ਅਲੀ ਨੂੰ ਬੜੇ ਪਿਆਰ ਸਤਿਕਾਰ ਨਾਲ ਕੁਲ ਦੁਨੀਆਂ 'ਚ ਯਾਦ ਕੀਤਾ ਜਾਂਦਾ ਹੈ।

ਸਰਹਿੰਦ, ਫ਼ਤਹਿਗੜ੍ਹ ਸਾਹਿਬ
9855010005

FROM PAGE 2

Strikes on Poland

And this was the case when a missile struck the town of Przewodów inside Polish territory. There were two casualties. Zelenskiy straight away and without even a shred of proof blamed Russia for the attack and called it 'a significant escalation'. He also maintained his country's innocence.

Russia denied it, calling it a 'deliberate provocation', and stated that the rocket had been launched by an Ukrainian anti-aircraft system. Dmytro Kuleba labelled this notion, 'a conspiracy theory'.

AP News initially claimed that the missiles that entered Polish territory had been launched by Russia, following a supposed tip-off from a senior US intelligence official. Subsequently, AP fired the reporter who wrote the article and was forced to issue an apology for their 'egregious error'.

Here is a snapshot of the front pages of Britain's most prominent papers and the sort of rabid insanity that now guides their journalistic practices — Russian missiles, Russian barrage, Russian bombs, Putin's war spills into Poland.


Biden and NATO chief Jens Stoltenberg soon confirmed that intelligence had corroborated what the Russians had been saying all along — Ukraine was in fact responsible. This is what happens when ethical and integrous journalism are thrown out the window and replaced with mad blind rage and unrelenting fanaticism. ....

The first step to taking back some ownership of our heads is accepting that we are in the eye of the storm and the Devil very much does exist. (Shortened- Ed)

Sri Satguru Jagjit Singh Ji eLibrary NamdhariElibrary@gmail.com

ਸੰਨੀ ਧਾਲੀਵਾਲ ਦੀ ਕਾਵਿ-ਪੁਸਤਕ 'ਖ਼ਾਲੀ ਆਲ੍ਹਣਾ'-

ਡਾ. ਸੁਖਦੇਵ ਸਿੰਘ ਝੰਡ



"ਖ਼ਾਲੀ ਆਲ੍ਹਣਾ" ਸੰਨੀ ਧਾਲੀਵਾਲ ਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਭੌਤਿਕ ਵਿਗਿਆਨ ਦੀ ਪਿੱਠ-ਭੂਮੀ ਦਾ ਵਿਦਵਾਨ ਆਪਣੀਆਂ ਕਵਿਤਾਵਾਂ ਪਹਿਲਾਂ ਅੰਗਰੇਜ਼ੀ ਵਿੱਚ ਲਿਖ ਕੇ ਫ਼ੇਸਬੁੱਕ 'ਤੇ ਪਾਉਂਦਾ ਸੀ। ਉੱਥੇ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਅਤੇ ਕਈ ਹੋਰਨਾਂ ਵੱਲੋਂ ਆਏ ਮਸ਼ਵਰੇ 'ਤੇ, ਉਸ ਪੰਜਾਬੀ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ ਅਤੇ ਇਸ ਤਰ੍ਹਾਂ ਸੰਨੀ ਪੰਜਾਬੀ ਕਵੀ ਦੇ ਰੂਪ ਵਿਚ, ਸੋਸ਼ਲ ਮੀਡੀਏ ਦੇ ਅਹਿਮ ਪ੍ਰਚਾਰ ਸਾਧਨ 'ਫ਼ੇਸਬੁੱਕ' ਰਾਹੀਂ, ਪਿਛਲੇ ਇੱਕ-ਦੋ ਸਾਲਾਂ ਤੋਂ ਉਜਾਗਰ ਹੋਇਆ ਹੈ। ਫ਼ੇਸਬੁੱਕ ਉੱਪਰ ਉਸਦੀਆਂ ਮੁੱਢਲੀਆਂ ਕਵਿਤਾਵਾਂ ਨੂੰ ਪੰਜਾਬੀ ਪਾਠਕਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਜਿਸ ਤੋਂ ਉਤਸ਼ਾਹਿਤ ਹੋ ਕੇ ਉਸ ਨੇ ਹੋਰ ਕਈ ਕਵਿਤਾਵਾਂ ਲਿਖ ਕੇ ਫੇਸਬੁੱਕ 'ਤੇ ਪਾਈਆਂ। "ਪ੍ਰੀਤ ਲੜੀ", ਸਮੇਤ ਕੁਝ ਮਿਆਰੀ ਸਾਹਿਤਕ ਪਰਚਿਆਂ ਇਨ੍ਹਾਂ ਵਿੱਚੋਂ ਕਈਆਂ ਨੂੰ ਫ਼ੇਸਬੁੱਕ ਤੋਂ ਲੈ ਕੇ ਆਪਣੇ ਵਿੱਚ ਸ਼ਾਮਿਲ ਕਰਨ ਦਾ ਮਾਣ ਬਖ਼ਸ਼ਿਆ ਜਿਸ ਨਾਲ ਸਾਹਿਤਕ ਹਲਕਿਆਂ ਵਿੱਚ ਵੀ 'ਸੰਨੀ' ਦੀ ਚਰਚਾ ਅਰੰਭ ਹੋ ਗਈ। 'ਸੰਨੀ' ਦੀਆਂ ਕਵਿਤਾਵਾਂ ਕਨੇਡਾ, ਅਮਰੀਕਾ, ਇੰਗਲੈਂਡ ਅਤੇ ਭਾਰਤ ਦੇ ਅਖ਼ਬਾਰਾਂ ਵਿੱਚ ਪਬਲਿਸ਼ ਹੋ ਚੁੱਕੀਆਂ ਹਨ।

'ਸੰਨੀ' ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਦੇ ਸਾਬਕਾ ਪ੍ਰੋਫ਼ੈਸਰ ਡਾ. ਅਮਰ ਸਿੰਘ ਧਾਲੀਵਾਲ ਦਾ ਹੋਣਹਾਰ ਫ਼ਰਜ਼ੰਦ ਹੈ ਜਿਨ੍ਹਾਂ ਵੱਖ-ਵੱਖ ਸਮੇਂ ਮਨੋਵਿਗਿਆਨ ਵਿਭਾਗ ਦੇ ਪ੍ਰੋਫ਼ੈਸਰ ਅਤੇ ਮੁਖੀ ਤੋਂ ਇਲਾਵਾ, ਯੂਨੀਵਰਸਿਟੀ ਦੇ ਕਈ ਸਾਰੇ ਅਹਿਮ ਅਹੁਦਿਆਂ 'ਤੇ ਬੜੀ ਚੰਗੀ ਤਰ੍ਹਾਂ ਜ਼ਿੰਮੇਵਾਰੀ ਨਿਭਾਈ- ਜੋ ਅਲੀਗੜ੍ਹ ਮੁਸਲਿਮ ਯੂਨੀਵਸਿਟੀ ਤੋਂ ਮਨੋਵਿਗਿਆਨ ਦੀ ਮਾਸਟਰ ਡਿਗਰੀ ਕਰ ਓਥੋਂ ਦੇ ਪਹਿਲੇ ਨਾਨ-ਮੁਸਲਿਮ ਗੋਲਡ-ਮੈਡਲਿਸਟ ਸਨ, ਉੱਥੋਂ ਹੀ ਪੀ.ਐਚਡੀ. ਕੀਤੀ ਸੀ।

ਸੰਨੀ ਧਾਲੀਵਾਲ ਦੀ ਕਵਿਤਾ ਯਥਾਰਥ ਦੇ ਬਹੁਤ ਨੇੜੇ ਹੈ। ਉਹ ਕਵਿਤਾ ਵਿੱਚ ਓਹੀ ਹਾਵ-ਭਾਵ ਪ੍ਰਗਟ ਕਰਦਾ ਹੈ ਜੋ ਉਸ ਆਪ ਹੱਡੀਂ ਹੰਢਾਏ ਹਨ ਜਾਂ ਸਮਾਜ ਵਿੱਚ ਵਿਚਰਦਿਆਂ ਬੜੇ ਨੇੜਿਓਂ ਤੱਕੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਤੋਂ ਫ਼ਿਜ਼ਿਕਸ ਵਿੱਚ ਐੱਮ.ਐੱਸਸੀ. ਆਨਰਜ਼ ਕਰਨ ਤੋਂ ਬਾਅਦ ਉਹ ਕੈਨੇਡਾ ਦੇ ਸ਼ਹਿਰ ਵਿਨੀਪੈੱਗ ਵਿਖੇ ਪ੍ਰਵਾਸ ਕਰ ਗਿਆ ਅਤੇ ਉੱਥੇ ਅਧਿਆਪਨ ਲਈ ਲੋੜੀਂਦੀ ਟੀਚਰ-ਟ੍ਰੇਨਿੰਗ ਕਰ ਕੇ ਸਕੂਲ ਅਧਿਆਪਕ ਬਣ ਗਿਆ। ਸਖ਼ਤ ਮਿਹਨਤ ਅਤੇ ਲਗਨ ਸਦਕਾ ਉਹ ਵਾਈਸ-ਪ੍ਰਿੰਸੀਪਲ ਦੇ ਅਹੁਦੇ ਤੀਕ ਅੱਪੜਿਆ। ਇਸ ਤੋਂ ਪਹਿਲਾਂ ਸ਼ੁਰੂਆਤੀ ਦੌਰ ਵਿੱਚ ਉਸ ਨੂੰ ਕੈਨੇਡਾ ਵਿੱਚ ਕੈਸ਼ੀਅਰ, ਕਲੱਰਕ, ਰੀਸਰਚ ਅਸਿਸਟੈਂਟ, ਆਦਿ, ਨੌਕਰੀਆਂ ਵੀ ਕਰਨੀਆਂ ਪਈਆਂ ਅਤੇ ਪਾਰਟ-ਟਾਈਮ ਟੈਕਸੀ ਵੀ ਚਲਾਉਣੀ ਪਈ। ਇਸ ਤਰ੍ਹਾਂ ਉਸ ਨੇ ਜ਼ਿੰਦਗੀ ਨੂੰ ਬੜਾ ਨੇੜੇ ਤੋਂ ਵੇਖਿਆ ਅਤੇ ਹੰਢਾਇਆ ਹੈ। ਤਾਂ ਹੀ ਕਈ ਵਾਰ 'ਜ਼ਿੰਦਗੀ' ਉਸ ਨੂੰ ਮੁਖ਼ਾਤਬ ਹੋ ਕੇ ਕਹਿੰਦੀ ਪ੍ਰਤੀਤ ਹੁੰਦੀ ਹੈ :

ਮੈਂ ਚੱਲੀ ਹਾਂ
ਮੇਰੇ ਨਾਲ ਕਿੱਕਲੀ ਪਾ ਲੈ
ਮੈਨੂੰ ਘੁੱਟ-ਘੁੱਟ ਜੱਫੀਆਂ ਪਾ ਲੈ
ਮੇਰੇ ਬੁੱਲ੍ਹਾਂ ਦੀ ਲਿਪਸਟਿਕ ਲਾਹ
ਮੈਨੂੰ ਤੇਰੇ 'ਕੱਠੇ ਕੀਤੇ ਕਾਗਜ਼ਾਂ 'ਚੋਂ
ਕੋਈ ਖੁਸ਼ਬੂ ਨਹੀਂ ਆਉਂਦੀ।

(ਪੰਨਾ-15)

ਕੈਨੇਡਾ ਵਿੱਚ ਰਹਿੰਦਿਆਂ ਵੀ 'ਸੰਨੀ' ਆਪਣੀ ਮਾਤ-ਭੂਮੀ ਭਾਰਤ ਦੇ ਅਜੋਕੇ ਹਾਲਾਤ ਤੋਂ ਭਲੀ-ਭਾਂਤ ਵਾਕਫ਼ ਹੈ ਅਤੇ ਇੱਥੋਂ ਦੇ ਬਸ਼ਿੰਦਿਆਂ ਦੇ ਦੁੱਖਾਂ/ਤਕਲੀਫਾਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ।

ਸੰਨੀ ਧਾਲੀਵਾਲ ਸਮਾਜ ਵਿੱਚ ਕੀਤੇ ਜਾਂਦੇ ਮੁੰਡੇ ਤੇ ਕੁੜੀ ਵਿਚਲੇ 'ਫ਼ਰਕ' ਨੂੰ ਆਪਣੀ ਕਵਿਤਾ 'ਕ੍ਰਿਸਮਸ ਗਿਫ਼ਟ' ਵਿਚ ਬਹੁਤ ਵਧੀਆ ਤਰ੍ਹਾਂ ਦਰਸਾਉਂਦਾ ਹੈ। ਕ੍ਰਿਸਮਸ ਦੇ ਤਿਓਹਾਰ ਮੌਕੇ ਜਦੋਂ ਮਾਪਿਆਂ ਵੱਲੋਂ ਬੇਟੇ ਨੂੰ 'ਟੈਲੀਸਕੋਪ' ਅਤੇ ਬੇਟੀ ਨੂੰ 'ਸੋਨੇ ਦੀਆਂ ਝਾਂਜਰਾਂ' ਤੋਹਫ਼ਿਆਂ ਵਿੱਚ ਮਿਲਦੀਆਂ ਹਨ ਤਾਂ ਬੇਟੀ ਝਾਂਜਰਾਂ ਲੈਣ ਤੋਂ ਇਹ ਕਹਿੰਦਿਆਂ ਇਨਕਾਰ ਕਰਦੀ ਹੈ ਕਿ ਉਹ ਵੀ ਵੀਰੇ ਵਾਂਗ 'ਚੰਦ-ਮਾਮੇ' ਨੂੰ

Sri Satguru Jagjit Singh Ji eLibrary NamdhariElibrary@gmail.com

ਨੇੜਿਉਂ ਵੇਖਣਾ ਚਾਹੁੰਦੀ ਹੈ। ਇਸ ਦੇ ਨਾਲ ਹੀ ਉਹ ਝਾਂਜਰਾਂ ਨੂੰ ਗ਼ੁਲਾਮੀ ਦਾ ਪ੍ਰਤੀਕ ਵੀ ਸਮਝਦੀ ਹੈ:

ਨਹੀਂ ਮੰਮ, ਮੈਂ ਵੀ ਮਾਣ ਨਾਲ
ਉਤਾਂਹ ਨੂੰ ਦੇਖਣਾ
ਮੈਂ ਵੀ ਵੀਰੇ ਵਾਂਗਰ
ਚੰਦ-ਮਾਮੇ ਨੂੰ ਨੇੜਿਉਂ ਦੇਖਣਾ
ਚਾਹੁੰਦੀ ਹਾਂ
ਮੈਂ ਵੀ ਤਾਰਿਆਂ ਨਾਲ ਲੁਕਣ-
ਮੀਟੀ ਖੇਡਣੈ
ਮੈਂ ਵੀ ਉਨ੍ਹਾਂ ਨਾਲ ਨੱਚਣਾ ਟੱਪਣਾ।
(ਪੰਨਾ-25)

'ਸੰਨੀ' ਅਜੋਕੇ ਕਵੀਆਂ ਦੇ 'ਖੋਖਲੇਪਨ' ਦੇ ਬਖੀਏ ਵੀ ਉਧੇੜਦਾ ਹੈ। 'ਮੈਨੂੰ ਨਹੀਂ ਚਾਹੀਦਾ ਕਵੀ-ਪਤੀ' ਕਵਿਤਾ ਵਿੱਚ ਅਜਿਹੇ ਹੀ ਇੱਕ ਕਵੀ ਦੀ ਪੀੜਤ ਪਤਨੀ ਦੁਖੀ ਹੋ ਕੇ ਲੋਕਾਂ ਨੂੰ ਕਹਿੰਦੀ ਹੈ :

ਪਤਾ ਨਹੀਂ ! ਉਹਦੇ ਕੋਲ
ਕਿੰਨੇ ਦਿਲਾਂ ਦੀਆਂ ਚਾਬੀਆਂ ਹਨ
ਮੇਰੇ ਦਿਲ ਵਾਲੀ ਚਾਬੀ ਤਾਂ
ਉਨ੍ਹਾਂ ਚਾਬੀਆਂ ਵਿੱਚ
ਕਿਤੇ ਗਵਾਚ ਗਈ ਹੈ।
(ਪੰਨਾ-79)

ਇਸ ਤਰ੍ਹਾਂ ਹੋਰ ਕਈ ਕਵਿਤਾਵਾਂ ਵਿੱਚ ਉਹ ਸਮਾਜਕ ਮੁੱਦੇ ਉਭਾਰਦਾ ਹੈ। ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਪੜ੍ਹਨ ਅਤੇ ਮਾਨਣ ਦੇ ਯੋਗ ਹਨ ਅਤੇ ਇਨ੍ਹਾਂ ਦਾ ਅਨੰਦ ਪੁਸਤਕ ਪੜ੍ਹ ਕੇ ਹੀ ਲਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਜੀਵਨ ਦੀ ਸੱਚਾਈ ਸਾਹਮਣੇ ਨਜ਼ਰ ਆਉਂਦੀ ਹੈ ਅਤੇ ਇਹ ਜ਼ਿੰਦਗੀ ਦੇ ਯਥਾਰਥ ਨੂੰ ਸਮਝਣ ਵਿੱਚ ਵੀ ਕੁੱਝ ਹੱਦ ਤੀਕ ਸਹਾਈ ਹੋ ਸਕਦੀਆਂ ਹਨ।

"ਪੰਜ ਆਬ ਪ੍ਰਕਾਸ਼ਨ", ਜਲੰਧਰ, ਵੱਲੋਂ ਪੁਸਤਕ ਬੜੀ ਰੀਝ ਨਾਲ ਛਾਪੀ ਗਈ ਹੈ। ਮੈਂ ਸੰਨੀ ਧਾਲੀਵਾਲ ਨੂੰ ਇਹ ਪਲੇਠੀ ਪੁਸਤਕ ਪਾਠਕਾਂ ਦੇ ਸਨਮੁੱਖ ਕਰਨ 'ਤੇ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਉਸ ਦੀ ਕਲਮ ਅੱਗੋਂ ਵੀ ਇੰਝ ਹੀ ਸਮਾਜ ਦਾ ਚਿਤਰਣ ਕਰਦੀ ਰਹੇਗੀ।

91 97798 80184

ਮੈਂ ਕੰਮੀਆਂ ਦੀ ਕੁੜੀ/ ਸਨੀ ਧਾਲੀਵਾਲ

ਮੇਰੇ ਦਫ਼ਤਰ ਦੇ ਬਾਹਰ
ਮੇਰੇ ਦਸਤਖਤ ਕਰਾਉਣ ਵਾਲਿਆਂ ਦੀ
ਹਰ ਰੋਜ਼ ਬਹੁਤ ਭੀੜ ਰਹਿੰਦੀ ਹੈ

ਮੀਂਹ ਹੋਵੇ
ਹਨੇਰੀ ਹੋਵੇ
ਗਰਮੀ ਹੋਵੇ
ਬੱਦਲਵਾਈ ਹੋਵੇ
"ਸੰਨੀ ਡੇਅ" ਹੋਵੇ
ਬੱਸ ਸਵੇਰ ਤੋਂ ਲਾਈਨਾਂ ਲੱਗਣੀਆਂ
ਸ਼ੁਰੂ ਹੋ ਜਾਂਦੀਆਂ ਹਨ

ਅੱਜ ਤੇਰਾ ਬਾਪੂ ਵੀ ਆਇਆ
ਮੈਂ ਉਸ ਨੂੰ ਕੁਰਸੀ 'ਤੇ ਬਿਠਾਇਆ
ਹਾਲ-ਚਾਲ ਪੁੱਛਿਆ
ਚਾਹ-ਪਾਣੀ ਪਿਲਾਇਆ
ਰੋ ਪਿਆ
ਹੱਥ ਜੋੜਦਾ ਸੀ
ਮਿੰਨਤਾਂ ਤਰਲੇ ਕਰਦਾ ਸੀ
ਕਹਿੰਦਾ!
ਜ਼ਮੀਨ ਵੇਚ ਕੇ ਮੁੰਡੇ ਨੂੰ ਡਾਲਰ
ਭੇਜਣੇ ਆ
ਐਡਮਿੰਟਨ ਟੈਕਸੀ ਚਲਾਉਂਦਾ
ਡਰਾਈਵਰ ਤੋਂ ਮਾਲਕ ਬਣ ਜਾਊਗਾ
ਮੈਂ ਉਹਦਾ ਕੰਮ ਕਰ ਦਿੱਤਾ
ਪੂਰਾ ਖੁਸ਼ ਜਿਵੇਂ ਜ਼ਮੀਨ ਵੇਚੀ ਨਹੀ
ਖਰੀਦੀ ਹੋਵੇ

ਬੱਸ
ਫਿਰ ਤੂੰ ਮੇਰੇ ਖਿਆਲਾਂ ਵਿੱਚ ਆਉਣ ਲੱਗਾ
ਮੇਰੇ ਦਿਲ ਦਾ ਦਰਵਾਜ਼ਾ ਖੜਕਾਉਣ ਲੱਗਾ
ਮੈਂ ਯਾਦਾਂ ਨੂੰ ਦੂਰ ਭਜਾਉਣ ਲੱਗੀ
ਪਰ ਯਾਦਾਂ ਨੇ ਮੇਰੇ 'ਤੇ ਕਾਬੂ ਪਾ ਲਿਆ

ਪਤਾ ਨਹੀਂ ਕਿਉਂ !
ਤੂੰ ਮੈਨੂੰ ਬਹੁਤ ਚੰਗਾ ਲੱਗਦਾ ਸੀ
ਪੜ੍ਹਾਈ ਵਿੱਚ ਤੂੰ ਵੀ ਹੁਸ਼ਿਆਰ
ਮੈਂ ਤੇਰੇ ਤੋਂ ਘੱਟ ਨਹੀਂ ਸੀ।
ਕਦੀ ਤੇਰੇ ਦੋ ਨੰਬਰ ਵੱਧ ਤੇ ਕਦੀ ਮੇਰੇ

ਫੇਰ ਪਤਾ ਨਹੀਂ
ਮੇਰੇ ਦਿਲ ਨੂੰ ਕੀ ਹੋ ਗਿਆ
ਉਹ ਬੇਕਾਬੂ ਹੋ ਗਿਆ
ਧੜਕਣ ਦੀ ਸਪੀਡ ਵਧਾਉਣ ਲੱਗਾ
ਉਹ ਓਵਰ ਸਪੀਡ ਹੋ ਗਿਆ
ਆਪੇ ਤੋਂ ਬਾਹਰ ਹੋ ਗਿਆ
ਸਟੌਪ-ਸਾਈਨ 'ਤੇ ਰੁਕਣੋਂ ਹਟ ਗਿਆ
ਰੈਡ-ਲਾਈਟ ਵਿੱਚਦੀ ਲੰਘਣ ਲੱਗਾ
ਆਪਣੀ ਮਨ-ਮਰਜ਼ੀ ਕਰਨ ਲੱਗਾ
ਤੇਰੇ ਨਾਲ ਭੇਤ ਖੋਲ੍ਹਣ ਲਈ
ਦੋਸਤੀ ਪਾਉਣ ਲਈ
ਹੱਥ ਅਗਾਂਹ ਵਧਾਉਣ ਲੱਗਾ
ਜ਼ਿੱਦ ਕਰਨ ਲੱਗਿਆ
ਨੀਂਦ ਗੁਆ ਬੈਠਾ

ਸ਼ਾਇਦ ਤੈਨੂੰ ਵੀ ਚੇਤਾ ਹੋਵੇ

ਪਰ! ਤੂੰ ਕਿਹਾ
'ਇਹ ਕਿਸ ਤਰ੍ਹਾਂ ਹੋ ਸਕਦਾ
ਤੂੰ ਕੰਮੀਆਂ ਦੀ ਕੁੜੀ
ਮੈਂ ਜੱਟਾਂ ਦਾ ਮੁੰਡਾ
ਇਹ ਨਹੀ ਹੋਣਾ
ਤੂੰ ਆਪਣੇ ਰਾਹ ਪੈ
ਤੇ ਮੈਨੂੰ ਆਪਣੇ ਰਾਹ ਜਾਣ ਦੇਹ'

ਇਹ ਕਹਿਣ ਦਾ ਤੇਰਾ ਪੂਰਾ ਹੱਕ ਸੀ

ਸ਼ਾਇਦ ਤੈਨੂੰ ਅਜੇ ਵੀ ਚੇਤੇ ਹੋਵੇ,ਪਰ,
ਤੂੰ ਇਹ ਵੀ ਕਿਹਾ ਸੀ,
'ਦਿਲ-ਦੁਲ ਨੂੰ ਛੱਡ
ਹਨੇਰੇ-ਸਵੇਰੇ
ਟਿਊਬਵੈੱਲ 'ਤੇ ਆ ਜਾਵੀਂ
ਗੰਨੇ ਚੂਪ ਜਾਵੀਂ
ਹੋਲਾਂ ਖਾ ਜਾਵੀਂ
ਸਬਜ਼ੀਆਂ ਲੈ ਜਾਵੀਂ
ਸਰਹੋਂ ਦੀਆਂ ਸੱਜਰੀਆਂ ਗੰਦਲਾਂ
ਤੋੜ ਕੇ ਲੈ ਜਾਵੀਂ
ਬੱਸ
ਮੇਲ ਕਰਾ ਜਾਵੀਂ
ਪਿਆਸੇ ਬੁੱਲ੍ਹਾਂ ਨੂੰ ਥੋੜ੍ਹੀ ਨਮੀ ਦੁਆ ਜਾਵੀਂ
ਮੇਰੀ ਭੁੱਖ ਮਿਟਾ ਜਾਵੀਂ'

ਤੇਰੇ ਇਹ ਬੋਲ ਸੁਣ ਕੇ
ਮੈਂ ਸੁੰਨ ਹੋ ਗਈ ਸਾਂ

Sri Satguru Jagjit Singh Ji eLibrary NamdhariElibrary@gmail.com

ਮੇਰੇ ਮਨ ਨੂੰ
ਬਹੁਤ ਠੇਸ ਪਹੁੰਚੀ ਸੀ
ਮੈਂ ਬਹੁਤ ਰੋਈ ਸਾਂ
ਫਿਰ
ਮੈਂ ਸੰਭਲੀ
ਆਪਣੇ ਆਪ ਨੂੰ ਸਮਝਾਇਆ
ਮੇਰੀ ਸੋਚ ਬਦਲੀ
ਵਕਤ ਵਿਚਾਰਿਆ
ਮਨ ਸਿਆਣੀਆਂ ਗੱਲਾ ਕਰਨ ਲੱਗਾ
ਪੜ੍ਹਾਈ ਵੱਲ ਹੋਰ ਧਿਆਨ ਦੇਣ ਲੱਗਾ
ਬਹੁਤ ਮਿਹਨਤ ਕਰਨ ਲੱਗਾ
ਰਾਤ ਨੂੰ ਦੀਵਿਆਂ ਦਾ ਤੇਲ ਬਾਲਣ ਲੱਗਾ
ਮਿਹਨਤ ਨੂੰ ਬੂਰ ਪੈਣ ਲੱਗਾ
ਫੁੱਲਾਂ ਤੋਂ ਫਲ ਬਣਨ ਲੱਗੇ
ਮੁਕਾਬਲੇ ਦੀ ਪ੍ਰੀਖਿਆ ਪਾਸ ਕਰ ਕੇ
ਮੈਂ 'ਐਸ. ਡੀ. ਐਮ.' ਬਣ ਗਈ

ਆ ਤੈਨੂੰ ਦਿਖਾਵਾਂ
ਜੱਟਾਂ ਦੇ ਮੁੰਡੇ ਮੇਰੇ ਦਫ਼ਤਰ ਵਿੱਚ
ਪੀਅਨ, ਕਲਰਕ, ਐਸਿਸਟੈਂਟ ਲੱਗੇ ਹਨ
ਮੈਨੂੰ
ਮੈਡਮ ਜੀ, ਮੈਡਮ ਜੀ ਕਰਦੇ ਨਹੀਂ ਥੱਕਦੇ
ਮੇਰੇ ਪੈਰਾਂ ਤੋਂ ਉੱਪਰ ਆਪਣੀ ਨਿਗਾਹ
ਨਹੀਂ ਚੱਕਦੇ
ਮੇਰੇ ਦਫ਼ਤਰ ਦੇ ਬਾਹਰ ਉੱਚੀ ਜਾਤ
ਵਾਲਿਆਂ ਦੀਆਂ
ਲੰਮੀਆਂ ਲਾਈਨਾਂ ਲੱਗੀਆਂ ਹਨ
ਮੇਰੇ ਦਸਤਖ਼ਤ ਕਰਾਉਣ ਲਈ
ਲੇਲ੍ਹੜੀਆਂ ਕੱਢਦੇ ਹਨ

ਹੁਣ
ਵੱਡੇ ਘਰਾਂ ਵਾਲੇ ਜੱਟਾਂ ਦੇ ਮੁੰਡੇ
ਮੇਰੇ ਨਾਲ ਵਿਆਹ ਕਰਾਉਣ ਲਈ
ਮਿੰਨਤਾਂ ਕਰਦੇ ਫਿਰਦੇ ਹਨ
ਹੁਣ ਉਹ ਕਹਿੰਦੇ ਆ
ਨਹੀਂ ਜੀ! ਜਾਤ-ਪਾਤ ਵਿੱਚ ਕੀ ਰੱਖਿਆ
ਸਾਰੇ ਰੱਬ ਦੇ ਜੀਅ ਹਨ

ਸਾਨੂੰ ਤਾ ਬੱਸ ਚੰਗੀ ਕੁੜੀ ਚਾਹੀਦੀ ਹੈ
ਸਾਨੂੰ ਤਾ ਬੱਸ ਚੰਗੀ ਕੁੜੀ ਚਾਹੀਦੀ ਹੈ

ਅੱਗ, ਧੂੰਆਂ ਤੇ ਪਾਪ

ਅਮਰਪ੍ਰੀਤ ਸਿੰਘ ਝੀਤਾ

ਸਵੇਰਾ ਹੋਇਆ ਤਾਂ ਘਰ ਦੇ ਆਸੇ ਪਾਸੇ ਧੂੰਆ ਹੀ ਧੂੰਆ ਹੋਇਆ ਪਿਆ ਸੀ।

"ਲੱਗਦਾ ਆ ਕਿ ਧੁਤੇ-ਕਿਆਂ ਨੇ ਸਵੇਰੇ ਹੀ ਆਵਦੇ ਖੇਤਾਂ ਨੂੰ ਅੱਗ ਲਾ ਦਿੱਤੀ ਆ, ਇਹ ਨਹੀਂ ਬੰਦੇ ਦੇ ਪੁੱਤ ਬਣਨੇ!", ਅਮਰ ਸਿੰਘ ਨੇ ਖੰਘਦੇ ਹੋਏ ਨੇ ਆਖਿਆ।

ਸਾਰੇ ਹੀ ਜਣੇ ਧੂੰਏਂ ਰੌਲੀ ਕਰਕੇ ਬੜੇ ਪਰੇਸ਼ਾਨ ਹੋਏ, ਸਾਹ ਲੈਣਾ ਵੀ ਔਖਾ ਹੋਇਆ ਸੀ। ਸ਼ਿੰਦੋ ਦਾ ਵੀ ਖੰਘ ਖੰਘ ਕੇ ਬੁਰਾ ਹਾਲ ਹੋ ਗਿਆ। ਕੁਝ ਚਿਰ ਬਾਅਦ ਜਦੋਂ ਅਮਰ ਸਿੰਘ ਨੇ ਆਪਣੇ ਮੁੰਡੇ ਹਰਜੀਤ ਨੂੰ ਤਿਆਰ ਹੋ ਕੇ ਟਰੈਕਟਰ ਲੈ ਕੇ ਬਾਹਰ ਜਾਂਦੇ ਨੂੰ ਦੇਖਿਆ ਤਾਂ ਉਸਨੇ ਆਪਣੇ ਮੁੰਡੇ ਨੂੰ ਕੋਲ ਬੁਲਾਅ ਲਿਆ।

"ਬੱਲੇ! ਮੇਰਾ ਸ਼ੇਰ ਪੁੱਤ, ਅੱਜ ਚਿੱਟਾ ਕੁੜਤਾ ਪਜਾਮਾ ਪਾ ਕੇ, ਐਨਕਾਂ ਲਾ ਕੇ, ਟਰੈਕਟਰ ਲੈ ਕੇ ਕਿੱਥੇ ਚੱਲਿਆ? ਤੈਨੂੰ ਕੱਲ੍ਹ ਰਾਤੀਂ ਆਖਿਆ ਸੀ ਕਿ ਕਣਕ ਦੀ ਵਾਢੀ ਬਾਅਦ ਖੇਤ ਨੂੰ ਵੀ ਪਾਣੀ ਲੱਗੇ ਨੂੰ ਦੋ ਦਿਨ ਹੋ ਗਏ ਨੇ, ਟਰੈਕਟਰ ਲੈ ਕੇ ਉਲਟਾਵੇਂ ਹਲ਼ ਨਾਲ ਖੇਤ ਵਾਹ ਆਈਂ। ਪਰ ਤੂੰ ਕਿੱਧਰ ਅਵਾਰਾਗਰਦੀ ਕਰਨ ਚੱਲਿਆਂ?" ਅਮਰ ਸਿੰਘ ਥੋੜ੍ਹੇ ਗੁੱਸੇ ਨਾਲ ਆਪਣੇ ਮੁੰਡੇ ਨੂੰ ਬੋਲਿਆ।

"ਦੇਖ ਲਾ ਬੇਬੇ, ਬਾਪੂ ਸਵੇਰੇ ਸਵੇਰੇ ਈ ਬੋਲਣ ਲੱਗ ਪਿਆ, ਮੈਂ ਤਾਂ ਤਿਆਰ ਹੋ ਕੇ ਆਪਣੇ ਦੋਸਤ ਗੈਰੀ ਦੇ ਗਾਣੇ ਦੀ ਸ਼ੂਟਿੰਗ ਵੱਲ ਚੱਲਿਆਂ, ਨਾਲੇ ਬਾਪੂ, ਕੱਲ੍ਹ ਨੂੰ ਹਲ ਫੇਰ ਆਊਂ। ਐਨੀਂ ਕੀ ਕਾਹਲ ਆ, ਜੇ ਬਾਹਲੀ ਗੱਲ ਆ ਤਾਂ ਤੂੰ ਵੀ ਖੇਤਾਂ ਵਿੱਚ ਅੱਗ ਲਾ ਦੇ- ਨਾਲੇ ਸਰਕਾਰ ਕਿਹੜਾ ਕੁਝ ਕਹਿੰਦੀ ਆ," ਹਰਜੀਤ ਹੱਸਦਿਆਂ ਹੋਇਆ ਏਨੀ ਗੱਲ ਆਖ ਕੇ ਟਰੈਕਟਰ ਲੈ ਕੇ ਘਰੋਂ ਬਾਹਰ ਚਲਾ ਗਿਆ।

"ਦੇਖ ਲਾ ਸ਼ਿੰਦੋ, ਕਰਜ਼ਾ ਚੁੱਕ ਕੇ ਟਰੈਕਟਰ, ਇਹਨੇ, ਸਿਰਫ਼ ਆਹ ਬਕਸੇ ਲਾ ਕੇ ਗਾਣੇ ਸੁਣਨ ਨੂੰ ਤੇ ਫਜ਼ੂਲ ਦਾ ਰੌਲਾ ਪਾਉਣ ਨੂੰ ਲਿਆ ਸੀ! ਇਹਨੇ ਕਦੋਂ ਮੇਰੇ ਨਾਲ ਹੱਥ ਵਟਾਉਣਾ ਆ- ਨਾ ਇਹਦੇ ਕੋਲੋਂ ਚੱਜ ਨਾਲ ਪੜ੍ਹ ਹੋਇਆ ਤੇ ਨਾ ਕੋਈ ਇਹ ਕੰਮ ਕਰ ਹੋਇਆ। ਸਾਰਾ ਦਿਨ ਆਵਦੇ ਲੰਡਰ ਦੋਸਤਾਂ ਨਾਲ ਘੁੰਮਦਾ ਰਹਿੰਦਾ! ਨਾਲੇ ਦੇਖ, ਕਿਦਾਂ ਪਿਓ ਨੂੰ ਮੱਤਾਂ ਦਿੰਦਾ ਕਿ ਖੇਤਾਂ ਨੂੰ ਅੱਗ ਲਾ ਦਿਓ ਜੇ ਬਾਹਲੀ ਕਾਹਲੀ ਆ।... ਇਹਨੂੰ ਕੀ ਪਤਾ ਕਿ ਧਰਤੀ ਸਾਡੀ ਦੂਜੀ ਮਾਂ ਆ, ਜਿਹੜੀ ਸਾਨੂੰ ਰੋਜੀ ਦਿੰਦੀ ਆ, ਸਾਨੂੰ ਪਾਲਦੀ ਆ। ਸਾਡੇ ਬਾਬੇ ਨਾਨਕ ਨੇ ਤਾਂ ਸਾਨੂੰ ਕੁਦਰਤ ਨਾਲ ਪਿਆਰ ਕਰਨ, ਉਸਦਾ ਸਤਿਕਾਰ ਕਰਨ ਦਾ ਆਖਿਆ। ਉਹਨਾਂ ਆਪ ਖੇਤੀ ਕਰ ਕੇ ਦਿਖਾਈ ਸੀ। ਹੁਣ ਮੈਂ ਖੇਤਾਂ ਵਿੱਚ ਅੱਗ ਲਾਉਣ ਵਾਲਾ ਪਾਪ ਕਰ ਕੇ ਭੇਖੀ ਸਿੱਖ ਬਣ ਜਾਵਾਂ?! ਇਹ ਮਾੜਾ ਕੰਮ ਮੈਥੋਂ ਨਹੀਂ ਹੁੰਦਾ। ਜੇ ਪੁੱਤ ਈ ਕਹਿਣੇ ਵਿੱਚ ਨਹੀਂ ਰੱਖ ਹੋਇਆ ਤਾਂ ਕਿਹਨੂੰ ਦੋਸ਼ ਦੇਣਾਂ? ਤੂੰ ਰੋਟੀ ਡੱਬੇ ਵਿੱਚ ਪਾ ਦੇ, ਖੇਤਾਂ ਵੱਲ ਗੇੜਾ ਮਾਰ ਆਵਾਂ," ਬੜੇ ਹੀ ਦੁਖੀ ਮਨ ਨਾਲ ਅਮਰ ਸਿੰਘ ਬੋਲਿਆ।

ਨੰਗਲ ਅੰਬੀਆ (ਜਲੰਧਰ)

Sri Satguru Jagjit Singh Ji eLibrary NamdhariElibrary@gmail.com

ਟਾਰਚਾਂ ਵੇਚਣ ਵਾਲੇ

ਉਹ ਚੌਂਕ ਵਿੱਚ ਟਾਰਚਾਂ ਵੇਚਦਾ ਹੁੰਦਾ ਸੀ। ਕਈ ਦਿਨ ਤੋਂ ਕਿਤੇ ਦਿਸਿਆ ਹੀ ਨਹੀਂ ਸੀ। ਕੱਲ੍ਹ ਦੇਖਿਆ, ਉਸ ਨੇ ਤਾਂ ਦਾੜ੍ਹੀ ਵਧਾਅ ਲਈ ਸੀ। ਲੰਬਾ ਕੁੜਤਾ ਪਾਈ ਫਿਰਦਾ ਸੀ। ਮੈਂ ਪੁੱਛਿਆ, "ਕਿੱਥੇ ਰਿਹਾਂ? ਦਾੜ੍ਹੀ ਕਿਉਂ ਵਧਾਅ ਲਈ?"

ਉਹ ਬੋਲਿਆ, "ਬਾਹਰ ਗਿਆ ਸਾਂ।" ਦਾੜ੍ਹੀ ਬਾਰੇ ਕੁਝ ਕਹਿਣ ਦੀ ਥਾਂ, ਉਹ ਦਾੜ੍ਹੀ 'ਤੇ ਹੱਥ ਫੇਰਨ ਲੱਗਾ।ਮੈਂ ਪੁੱਛਿਆ, "ਤੂੰ ਅੱਜ-ਕੱਲ੍ਹ ਬੈਟਰੀਆਂ ਨਹੀਂ ਵੇਚਦਾ?"

ਉਹ ਬੋਲਿਆ, "ਬੈਟਰੀਆਂ ਵੇਚਣ ਦਾ ਕੰਮ ਬੰਦ ਕਰ ਦਿੱਤਾ ਹੈ। ਹੁਣ ਤਾਂ ਆਤਮਾਂ ਦੇ ਅੰਦਰਲੀ ਟਾਰਚ ਜਗ ਪਈ ਹੈ। ਸੂਰਜ ਛਾਪ ਟਾਰਚ ਹੁਣ ਬੇਕਾਰ ਜਿਹੀ ਲੱਗਦੀ ਹੈ।"

ਮੈਂ ਕਿਹਾ, "ਕੀ ਤੂੰ ਸੰਨਿਆਸ ਲੈ ਰਿਹੈਂ? ਜੀਹਦੀ ਆਤਮਾ ਵਿੱਚ ਏਦਾਂ ਦਾ ਪ੍ਰਕਾਸ਼ ਫੈਲ ਜਾਂਦਾ ਹੈ, ਉਹੀ ਏਦਾਂ ਦੀ ਹਰਾਮਖੋਰੀ 'ਤੇ ਉਤਰ ਆਉਂਦਾ ਹੁੰਦਾ।"..

"ਤੂੰ ਕਿਸੇ ਗੁਰੂ ਤੋਂ ਦੀਖਿਆ ਲੈ ਲਈ?" ਮੈਂ ਮੁੜ ਪੁੱਛਿਆ।

ਮੇਰੀ ਗੱਲ ਦਾ ਉਹ ਬੁਰਾ ਮੰਨ ਗਿਆ। ਬੋਲਿਆ, "ਤੇਰੇ ਕੁਰੱਖ਼ਤ ਬੋਲਾਂ ਨੇ ਮੇਰੀ ਆਤਮਾ ਨੂੰ ਦੁੱਖ ਪਹੁੰਚਾਇਆ ਹੈ। ਤੇਰੇ ਬੋਲ ਤੇਰੀ ਆਤਮਾ ਨੂੰ ਵੀ ਜ਼ਖ਼ਮੀ ਕਰ ਰਹੇ ਹੋਣਗੇ। ਆਤਮਾ ਸਭ ਦੇ ਅੰਦਰ ਇੱਕੋ ਜਿਹੀ ਹੁੰਦੀ ਹੈ।"

ਮੈਂ ਕਿਹਾ, "ਉਹ ਤਾਂ ਠੀਕ ਹੈ, ਪਰ ਤੂੰ ਇਕ ਦਮ ਏਡਾ ਵੱਡਾ ਫੈਸਲਾ ਕਿਵੇਂ ਲੈ ਲਿਆ? ਕਿਤੇ ਘਰਵਾਲੀ ਤਾਂ ਨਹੀਂ ਛੱਡ ਗਈ? ਦੁਕਾਨ ਤੋਂ ਉਧਾਰ ਮਿਲਣਾ ਤਾਂ ਨਹੀਂ ਬੰਦ ਹੋ ਗਿਆ? ਕਿਸੇ ਚੋਰੀ ਠੱਗੀ ਦੇ ਮਾਮਲੇ ਵਿੱਚ ਤਾਂ ਨਹੀਂ ਫਸ ਗਿਆ?" ਮੈਂ ਇਕ ਤੋਂ ਬਾਅਦ ਇਕ, ਅਜਿਹੇ ਕਈ ਸਵਾਲ ਕਰ ਦਿੱਤੇ।

ਉਹ ਬੋਲਿਆ, "ਐਸੀ ਕੋਈ ਗੱਲ ਨਹੀਂ।"

ਮੈਂ ਪੁੱਛਿਆ, "ਫੇਰ ਬਾਹਰੋਂ ਟਾਰਚ ਤੇਰੀ ਆਤਮਾ ਵਿੱਚ ਕਿੱਥੋਂ ਵੜ ਗਈ?"

ਉਹ ਕਹਿਣ ਲੱਗਾ, "ਤੁਹਾਡੇ ਸਾਰੇ ਅੰਦਾਜ਼ੇ ਗ਼ਲਤ ਹਨ। ਇਕ ਘਟਨਾ ਜ਼ਰੂਰ ਘਟੀ ਹੈ, ਜਿਸ ਨੇ ਮੇਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਪਰ ਉਸ ਨੂੰ ਮੈਂ ਗੁਪਤ ਹੀ ਰੱਖਣਾ ਚਾਹੁੰਦਾ ਹਾਂ। ਅੱਜ ਹੀ ਮੈਂ ਏਥੋਂ ਬੜੀ ਦੂਰ ਜਾ ਰਿਹਾ ਹਾਂ। ਚਲੋ ਆਪਣਾ ਬੰਦਾ ਹੋਣ ਕਰਕੇ, ਤੁਹਾਨੂੰ ਦੱਸ ਹੀ ਦੇਂਦਾ ਹਾਂ।" ਉਹ ਮੈਨੂੰ ਕਹਾਣੀ ਸੁਨਾਉਣ ਲੱਗਾ।

"ਪੰਜ ਸਾਲ ਪਹਿਲਾਂ ਦੀ ਗੱਲ ਹੈ। ਮੈਂ ਤੇ ਮੇਰਾ ਇਕ ਦੋਸਤ ਕਿਸੇ ਥਾਂ ਬੈਠੇ ਹੋਏ ਸਾਂ। ਸਾਡੇ ਸਾਮ੍ਹਣੇ ਅਕਾਸ਼ ਨੂੰ ਛੂੰਹਦਾ ਇਕ ਸਵਾਲ ਖਲੋਅ ਗਿਆ। ਸਵਾਲ ਸੀ 'ਪੈਸਾ ਕਿਵੇਂ ਪੈਦਾ ਕਰੀਏ'?


"ਅਸੀਂ ਦੋਵ੍ਹਾਂ ਸੁਆਲ ਦੀ ਇਕ ਇਕ ਲੱਤ ਪਕੜੀ ਅਤੇ ਉਸ ਨੂੰ ਪਰੇ ਭਜਾਉਣ ਲੱਗੇ। ਸਾਡੇ ਪਸੀਨੇ ਛੁੱਟ ਗਏ, ਪਰ ਸਵਾਲ ਪਰੇ ਨਾ ਹਟਿਆ।ਮੇਰਾ ਦੋਸਤ ਬੋਲਿਆ- 'ਸਵਾਲ ਦੇ ਪੈਰ ਤਾਂ ਡੂੰਘੇ ਜ਼ਮੀਨ ਵਿੱਚ ਗੱਡੇ ਹੋਏ ਹਨ। ਇਸ ਨੇ ਇਸ ਤਰ੍ਹਾਂ ਨਹੀਂ ਉੱਖੜਨਾ। ਹਾਲ ਦੀ ਘੜੀ ਇਸ ਕੋਸ਼ਿਸ਼ ਨੂੰ ਟਾਲ ਹੀ ਦੇਈਏ। ਅਸੀਂ ਇਕ ਦੂਜੇ ਵੱਲ ਮੂੰਹ ਘੁਮਾਇਆ। ਸਵਾਲ ਫੇਰ ਸਾਡੇ ਸਾਮ੍ਹਣੇ ਆ ਕੇ ਖਲੋ ਗਿਆ। ਮੈਂ ਕਿਹਾ- 'ਇਹ ਟਲਦਾ ਨਹੀਂ। ਆਪਾਂ ਇਸ ਨੂੰ ਹੱਲ ਕਰ ਹੀ ਲੈਂਦੇ ਹਾਂ। ਪੈਸਾ ਪੈਦਾ ਕਰਨ ਲਈ ਕੋਈ ਕੰਮ ਧੰਦਾ ਕਰਨ ਬਾਰੇ ਸੋਚੀਏ। ਕਿਸਮਤ ਅਜਮਾਉਣ ਲਈ ਆਪਾਂ ਵੱਖ ਵੱਖ ਦਿਸ਼ਾਵਾਂ ਵਿੱਚ ਨਿਕਲ ਤੁਰੀਏ। ਪੰਜ ਸਾਲ ਪਿੱਛੋਂ ਇਸੇ ਤਰੀਕ ਨੂੰ, ਇਸੇ ਥਾਂ 'ਤੇ ਮੁਲਾਕਾਤ ਕੀਤੀ ਜਾਵੇ'। ਮੇਰੇ ਦੋਸਤ ਨੇ ਕਿਹਾ- 'ਆਪਾਂ 'ਕੱਠੇ ਹੀ ਇੱਕੋ ਪਾਸੇ ਕਿਉਂ ਨਾਂ ਚੱਲੀਏ?'

"ਮੈਂ ਸਲਾਹ ਦਿੱਤੀ- 'ਇਕ ਪਾਸੇ ਜਾਣ ਨਾਲੋਂ ਤਾਂ ਆਪਾਂ ਅਲੱਗ ਅਲੱਗ ਦਿਸ਼ਾਵਾਂ ਵਿੱਚ ਹੀ ਜਾਵਾਂਗੇ। ਇੱਕੋ ਦਿਸ਼ਾ ਵਿੱਚ 'ਕੱਠੇ ਜਾਣ ਨਾਲ ਮੁਕੱਦਰਾਂ ਦਾ ਟਕਰਾਅ ਕੇ ਟੁੱਟਣ ਦਾ ਡਰ ਹੁੰਦਾ ਹੈ। ਫੇਰ ਅਸੀਂ ਵੱਖੋ ਵੱਖਰੀਆਂ ਦਿਸ਼ਾਵਾਂ ਵਿੱਚ ਤੁਰ ਪਏ। ਮੈਂ ਟਾਰਚਾਂ ਵੇਚਣ ਦਾ ਕੰਮ ਸ਼ੁਰੂ ਕਰ ਲਿਆ। ਚੌਂਕ ਵਿੱਚ ਜਾਂ ਕਿਸੇ ਖੁੱਲ੍ਹੀ ਥਾਂ 'ਤੇ ਲੋਕਾਂ ਨੂੰ ਇਕੱਠੇ ਕਰ ਲੈਂਦਾ। ਬੜੇ ਨਾਟਕੀ ਢੰਗ ਨਾਲ ਕਹਿੰਦਾ- 'ਅੱਜ-ਕੱਲ੍ਹ ਬੰਦੇ ਨੂੰ ਰਸਤਾ ਨਹੀਂ ਦੀਂਹਦਾ। ਉਹ ਭਟਕ ਜਾਂਦਾ ਹੈ। ਉਸਦੇ ਪੈਰ ਕੰਡਿਆਂ ਨਾਲ ਵਿੰਨ੍ਹੇ ਜਾਂਦੇ ਹਨ। ਉਹ ਡਿੱਗ ਪੈਂਦਾ ਹੈ। ਉਸ ਦੇ ਗੋਡੇ ਲਹੂ ਲੁਹਾਣ ਹੋ ਜਾਂਦੇ ਹਨ। ਉਸ ਦੇ ਚਾਰੇ ਪਾਸੇ ਡਰਾਉਣਾ ਨ੍ਹੇਰਾ ਛਾ ਜਾਂਦਾ ਹੈ। ਸ਼ੇਰ ਚੀਤੇ ਉਸ ਦੁਆਲੇ ਘੁੰਮਣ ਲੱਗਦੇ ਹਨ। ਜ਼ਮੀਨ ਤੇ ਸੱਪ ਰੀਂਗਦੇ ਹਨ। ਨ੍ਹੇਰਾ ਸਭ ਕੁਝ ਹੜੱਪ ਕਰ ਲੈਂਦਾ ਹੈ। ਨ੍ਹੇਰਾ ਘਰ ਦੇ ਅੰਦਰ ਵੀ ਹੈ। ਬੰਦਾ ਰਾਤੀਂ ਪਿਸ਼ਾਬ ਕਰਨ ਉੱਠ ਪਵੇ ਅਤੇ ਸੱਪ 'ਤੇ ਪੈਰ ਧਰਿਆ ਜਾਵੇ। ਗੁਸੈਲਾ ਸੱਪ ਉਸ ਦੇ ਡੰਗ ਮਾਰ ਦੇਵੇ। ਬੰਦਾ ਥਾਏਂ ਮਰ ਜਾਵੇ।'ਲੋਕ ਮੇਰੀਆਂ ਗੱਲਾਂ ਸੁਣ ਕੇ ਬਹੁਤ ਡਰ ਜਾਂਦੇ ਸਨ। ਸਿਖਰ ਦੁਪਹਿਰੇ ਲੋਕ ਨ੍ਹੇਰੇ ਤੋਂ ਡਰ ਕੇ ਕੰਬਣ ਲੱਗ ਪੈਂਦੇ। ਕਿੰਨਾ ਸੌਖਾ ਹੈ ਬੰਦੇ ਨੂੰ ਡਰਾਉਣਾ?

"ਜਦ ਲੋਕ ਡਰ ਜਾਂਦੇ ਤਾਂ ਮੈਂ ਕਹਿੰਦਾ- ਭਰਾਓ, ਜੇ ਨ੍ਹੇਰਾ ਹੈ ਤਾਂ ਰੌਸ਼ਨੀ ਵੀ ਤਾਂ ਹੈ। ਉਹੀ ਰੌਸ਼ਨੀ ਮੈਂ ਤੁਹਾਨੂੰ ਦੇਣ ਆਇਆ ਹਾਂ। ਆਹ ਸੂਰਜ ਛਾਪ ਟਾਰਚ ਖਰੀਦੋ ਅਤੇ ਨ੍ਹੇਰੇ ਨੂੰ ਦੂਰ ਭਜਾਓ। ਜਿਨ੍ਹਾਂ ਵੀਰਾਂ ਭੈਣਾਂ ਨੂੰ ਟਾਰਚ ਚਾਹੀਦੀ ਹੈ, ਹੱਥ ਜਰਾਂ ਉੱਚਾ ਕਰ ਲਓ।' ਸਾਬ੍ਹ ਮੇਰੀਆਂ ਸਾਰੀਆਂ ਹੀ ਟਾਰਚਾਂ ਵਿਕ ਜਾਂਦੀਆਂ।ਮੇਰੀ ਜ਼ਿੰਦਗੀ ਮਜ਼ੇ ਨਾਲ ਲੰਘਣ ਲੱਗੀ।ਵਾਅਦੇ ਮੁਤਾਬਿਕ ਪੰਜ ਸਾਲ ਪਿੱਛੋਂ ਅੱਜ ਮੈਂ ਇੱਥੇ ਆਪਣੇ ਦੋਸਤ ਨੂੰ ਮਿਲਣ ਆਇਆ ਸੀ। ਸਾਰਾ ਦਿਨ ਉਡੀਕਦਾ ਰਿਹਾ ਪਰ ਉਹ ਨਹੀਂ ਆਇਆ। ਪਤਾ ਨਹੀਂ ਕੀ ਹੋ ਗਿਆ। ਉਹ ਭੁੱਲ ਗਿਆ ਹੋਣਾ ਜਾਂ ਫਿਰ ਉਹ ਇਸ ਦੁਨੀਆਂ ਵਿੱਚ ਹੈ ਹੀ ਨਹੀਂ। ਮੈਂ ਉਸ ਨੂੰ ਲੱਭਣ ਤੁਰ ਪਿਆ। ਲੱਭਦਾ ਲੱਭਦਾ, ਨ੍ਹੇਰੇ ਵੇਲੇ, ਸ਼ਹਿਰ ਦੀ ਸੜਕ 'ਤੇ ਤੁਰਿਆ ਜਾ ਰਿਹਾ ਸੀ। ਮੈਂ ਦੇਖਿਆ ਦੂਰ ਇਕ ਮੈਦਾਨ ਵਿੱਚ ਖ਼ੂਬ ਚਾਨਣ ਖਿੱਲਰਿਆ ਪਿਆ ਸੀ। ਮੈਂ ਉਧਰ ਨੂੰ ਤੁਰ ਪਿਆ।ਇਕ ਪਾਸੇ ਵੱਡੀ ਸਟੇਜ ਲੱਗੀ ਹੋਈ ਸੀ। ਲਾਊਡ ਸਪੀਕਰ ਦੀ ਅਵਾਜ਼ ਆ ਰਹੀ ਸੀ। ਪੰਡਾਲ ਵਿੱਚ ਵੱਡੀ ਗਿਣਤੀ ਵਿੱਚ ਲੋਕ ਮੰਤਰ ਮੁਗਧ ਹੋਏ ਬੈਠੇ ਸਨ। ਸਟੇਜ 'ਤੇ ਇਕ ਮਹਾਂਪੁਰਖ ਰੇਸ਼ਮੀ ਪਹਿਰਾਵੇ ਵਿੱਚ ਬਿਰਾਜਮਾਨ ਸਨ। ਉਨ੍ਹਾਂ ਦੀ ਸਜੀ ਸੰਵਰੀ ਲੰਮੀ ਦਾੜ੍ਹੀ ਅਤੇ ਪਿੱਠ 'ਤੇ ਲੰਮੇ ਵਾਲ ਖੇਡ ਰਹੇ ਸਨ। ਭੀੜ ਵਿੱਚ ਜਾ ਕੇ ਮੈਂ ਇਕ ਖੂੰਜੇ ਵਿੱਚ ਬੈਠ ਗਿਆ। ਮਹਾਂਪੁਰਖ ਫ਼ਿਲਮੀ

Sri Satguru Jagjit Singh Ji eLibrary NamdhariElibrary@gmail.com

ਹਰੀਸ਼ੰਕਰ ਪਰਸਾਈ



ਸੰਤ ਲੱਗ ਰਹੇ ਸਨ। ਉਨ੍ਹਾਂ ਪ੍ਰਵਚਨ ਸ਼ੁਰੂ ਕੀਤਾ।ਉਹ ਇਸ ਤਰ੍ਹਾਂ ਬੋਲ ਰਹੇ ਸਨ, ਜਿਵੇਂ ਅਕਾਸ਼ ਦੇ ਕਿਸੇ ਕੋਨੇ ਤੋਂ ਕੋਈ ਭੇਤ ਭਰਿਆ ਸੰਦੇਸ਼, ਉਨ੍ਹਾਂ ਦੇ ਕੰਨਾਂ ਵਿੱਚ ਪੈ ਰਿਹਾ ਸੀ, ਉਹੀ ਸੰਦੇਸ਼ ਉਹ ਅੱਗੇ ਲੋਕਾਂ ਨਾਲ ਸਾਂਝਾ ਕਰ ਰਹੇ ਸਨ। ਮਹਾਂਪੁਰਖ ਬੋਲ ਰਹੇ ਸਨ- 'ਮੈਨੂੰ ਨਜ਼ਰ ਆ ਰਿਹਾ ਹੈ ਕਿ ਅੱਜ ਬੰਦਾ ਨ੍ਹੇਰੇ ਵਿੱਚ ਭਟਕ ਗਿਆ ਹੈ। ਉਸ ਦੇ ਅੰਦਰ ਸਭ ਕੁਝ ਬੁਝ ਗਿਆ ਹੈ। ਇਹ ਯੁੱਗ ਅੰਧਕਾਰ ਭਰਿਆ ਹੈ। ਨ੍ਹੇਰਾ ਉਸਦੀ ਆਤਮਾ ਤੀਕਰ ਪਹੁੰਚ ਗਿਆ ਹੈ। ਅੰਦਰਲੀਆਂ ਅੱਖਾਂ ਨੂੰ ਦਿਸਣੋਂ ਹਟ ਗਿਆ ਹੈ। ਮਨੁੱਖ ਦੀ ਆਤਮਾਂ ਪੀੜ ਅਤੇ ਡਰ ਨਾਲ ਗ੍ਰਸਤ ਹੈ।' ਉਹ ਬੋਲਦਾ ਰਿਹਾ ਅਤੇ ਲੋਕ ਸੁਣਦੇ ਰਹੇ। ਉਸਦੀਆਂ ਗੱਲਾਂ ਸੁਣ ਕੇ ਮੇਰਾ ਤਾਂ ਹਾਸਾ ਨਿਕਲ ਗਿਆ।ਬਥੇਰਾ ਰੋਕਿਆ, ਰੋਕ ਨਹੀਂ ਸਕਿਆ।ਕੋਲ਼ੇ ਬੈਠੇ ਲੋਕ ਮੈਨੂੰ ਬੁਰਾ ਭਲਾ ਕਹਿਣ ਲੱਗੇ। ਮਹਾਂਪੁਰਖ ਨੇ ਪ੍ਰਵਚਨ ਦੇ ਅਖੀਰ ਵਿੱਚ ਕਿਹਾ- 'ਸਾਧ ਸੰਗਤ ਜੀ, ਡਰੋ ਨਾ। ਜਿੱਥੇ ਨ੍ਹੇਰਾ ਹੁੰਦਾ, ਉੱਥੇ ਰੌਸ਼ਨੀ ਵੀ ਹੁੰਦੀ ਹੈ। ਇਸ ਰੌਸ਼ਨੀ ਨੂੰ ਬਾਹਰੋਂ ਨਹੀਂ, ਆਪਣੇ ਅੰਦਰੋਂ ਖੋਜੋ। ਆਪਣੇ ਅੰਦਰ ਬੁਝੀ ਜੋਤ ਨੂੰ ਜਗਾਉ। ਮੈਂ ਬੁਝੀ ਜੋਤ ਜਗਾਉਣ ਵਿੱਚ ਤੁਹਾਡੀ ਮਦਦ ਕਰਾਂਗਾ।ਸਾਡੇ ਸਾਧਨਾ ਮੰਦਰ ਵਿੱਚ ਆਉ ਅਤੇ ਆਪਣੇ ਅੰਦਰਲੀ ਜੋਤ ਨੂੰ ਜਗਾ ਕੇ ਭਰਪੂਰ ਊਰਜਾਵਾਨ ਬਣੋ।' ਫੇਰ ਤਾਂ ਮੈਂ ਉੱਚੀ ਉੱਚੀ ਹੱਸਣ ਲੱਗਾ। ਲੋਕਾਂ ਨੇ ਮੇਰੇ ਨਾਲ ਧੱਕਾ ਮੁੱਕੀ ਵੀ ਕੀਤੀ। ਪਰ ਮੈਂ ਹੌਲੀ ਹੌਲੀ ਮੰਚ ਦੇ ਨੇੜੇ ਪਹੁੰਚ ਗਿਆ। ਮਹਾਂਪੁਰਖ ਮੰਚ ਤੋਂ ਉਤਰ ਕੇ ਕਾਰ ਵਿੱਚ ਬੈਠਣ ਲੱਗੇ ਸਨ। ਮੈਂ ਧਿਆਨ ਨਾਲ ਉਨ੍ਹਾਂ ਨੂੰ ਕਰੀਬ ਤੋਂ ਦੇਖਿਆ। ਦਾੜ੍ਹੀ ਵਧੀ ਹੋਣ ਕਰਕੇ, ਮੈਂ ਉਸ ਨੂੰ ਬੁਲਾਉਣ ਤੋਂ ਝਿਜਕ ਗਿਆ।ਪਰ ਮਹਾਂਪੁਰਖਾਂ ਨੇ ਮੈਨੂੰ ਪਛਾਣ ਲਿਆ ਸੀ। ਇਸ਼ਾਰਾ ਮਿਲਿਆ ਤੇ ਮੈਨੂੰ ਉਨ੍ਹਾਂ ਨੇ ਕਾਰ ਵਿੱਚ ਬਿਠਾਅ ਲਿਆ। ਰਸਤੇ ਵਿੱਚ ਮੈਂ ਕੋਈ ਗੱਲ ਕਰਨ ਲੱਗਦਾ ਤਾਂ ਮਹਾਂਪੁਰਖ ਕਹਿੰਦੇ- 'ਏਥੇ ਕੋਈ ਗੱਲ ਨਹੀਂ ਕਰਨੀ। ਗਿਆਨ ਚਰਚਾ ਕੋਠੀ ਪਹੁੰਚ ਕੇ ਹੀ ਕਰਾਂਗੇ। ਮੈਂ ਸਮਝ ਗਿਆ ਕਿ ਇੱਥੇ ਤਾਂ ਡਰਾਇਵਰ ਵੀ ਹੈ। ਉਸਦੇ ਸਾਮ੍ਹਣੇ ਥੋੜ੍ਹਾ ਗੱਲਾਂ ਹੋ ਸਕਦੀਆਂ? ਕੋਠੀ ਪਹੁੰਚ ਕੇ ਮੈਂ ਉਸ ਦੀ ਸ਼ਾਨੋ-ਸ਼ੌਕਤ, ਸ਼ੌਕ ਦੇਖ ਕੇ ਦੰਗ ਰਹਿ ਗਿਆ। ਜਲਦੀ ਹੀ ਉਹ ਮੇਰੇ ਕੋਲ ਆ ਕੇ ਬੈਠ ਗਿਆ ਅਤੇ ਖੁੱਲ੍ਹ ਕੇ ਗੱਲਾਂ ਕਰਨ ਲੱਗਾ। ਮੈਂ ਕਿਹਾ- 'ਤੂੰ ਤਾਂ ਯਾਰ ਬਿਲਕੁਲ ਹੀ ਬਦਲ ਗਿਆ।' ਉਸ ਨੇ ਗੰਭੀਰ ਸੁਰ ਵਿੱਚ ਕਿਹਾ- 'ਪ੍ਰੀਵਰਤਨ ਜਿੰਦਗੀ ਦਾ ਅਨੰਤ ਕਰਮ ਹੈ।' ਮੈਂ ਕਿਹਾ- 'ਬਹੁਤੀ ਫਿਲਾਸਫ਼ੀ ਨਾਂ ਘੋਟ। ਇਹ ਦੱਸ ਕਿ ਤੂੰ ਐਨੀ ਦੌਲਤ ਕਿਵੇਂ ਕਮਾਅ ਲਈ, ਪੰਜ ਸਾਲਾਂ ਵਿੱਚ?'

"ਉਸ ਨੇ ਪੁੱਛਿਆ- 'ਤੂੰ ਇੰਨ੍ਹਾਂ ਸਾਲਾਂ ਵਿੱਚ ਕੀ ਕਰਦਾ ਰਿਹੈਂ?' ਮੈਂ ਕਿਹਾ- 'ਮੈਂ ਤਾਂ ਘੁੰਮ ਫਿਰ ਕੇ ਟਾਰਚਾਂ ਹੀ ਵੇਚਦਾ ਰਿਹਾ ਹਾਂ। ਮੈਨੂੰ ਲੱਗਦਾ ਕਿ ਤੂੰ ਵੀ ਟਾਰਚਾਂ ਦਾ ਹੀ ਵਪਾਰੀ ਏਂ?' ਉਸ ਕਿਹਾ- 'ਤੈਨੂੰ ਏਦਾਂ ਕਿਉਂ ਲੱਗਦੈ?'

ਮੈਂ ਉਸਨੂੰ ਦੱਸਿਆ- 'ਜਿਹੜੀਆਂ ਗੱਲਾਂ ਤੂੰ ਪ੍ਰਵਚਨ ਵਿੱਚ ਕਰਦਾਂ, ਇਹੀ ਗੱਲਾਂ ਮੈਂ ਟਾਰਚਾਂ ਵੇਚਣ ਵੇਲੇ ਲੋਕਾਂ ਨੂੰ ਕਹਿੰਦਾ ਹਾਂ। ਪਰ ਤੂੰ ਥੋੜ੍ਹਾ ਰਹੱਸਮਈ ਤਰੀਕੇ ਨਾਲ ਕਹਿੰਦਾ ਏਂ। ਮੈਂ ਵੀ ਨ੍ਹੇਰੇ ਤੋਂ ਡਰਾਅ ਕੇ ਲੋਕਾਂ ਨੂੰ ਟਾਰਚਾਂ ਵੇਚਦਾ ਹਾਂ। ਤੂੰ ਵੀ ਪ੍ਰਵਚਨ ਕਰਦਿਆਂ ਲੋਕਾਂ ਨੂੰ ਨ੍ਹੇਰੇ ਤੋਂ ਡਰਾਅ ਰਿਹਾ ਸੀ। ਫੇਰ ਤਾਂ ਤੂੰ ਵੀ ਟਾਰਚਾਂ ਹੀ ਵੇਚਦਾ ਏਂ। ਉਸਨੇ ਮੈਨੂੰ ਕਿਹਾ- 'ਤੂੰ ਮੈਨੂੰ ਨਹੀਂ ਜਾਣਦਾ। ਮੈਂ ਸਾਧੂ, ਮਹਾਤਮਾ ਅਤੇ ਦਾਰਸ਼ਨਿਕ ਅਖਵਾਉਂਦਾ ਹਾਂ। ਮੈਨੂੰ ਕੀ ਲੋੜ ਪਈ ਹੈ, ਟਾਰਚਾਂ ਵੇਚਣ ਦੀ?'

ਮੈਂ ਕਿਹਾ- 'ਤੂੰ ਕੁਝ ਵੀ ਅਖਵਾਉਂਦਾ ਹੋਵੇਂ, ਵੇਚਦਾ ਤੂੰ ਟਾਰਚਾਂ ਹੀ ਏਂ। ਤੇਰੇ ਮੇਰੇ ਪ੍ਰਵਚਨ ਇੱਕੋ ਜਿਹੇ ਹਨ। ਜੋ ਇਨਸਾਨ ਲੋਕਾਂ ਨੂੰ ਨ੍ਹੇਰੇ ਤੋਂ ਡਰਾਉਂਦਾ ਹੈ, ਸੰਤ ਹੋਵੇ ਜਾਂ ਸਾਧੂ, ਉਹ ਲੋਕਾਂ ਨੂੰ ਕਿਸੇ ਨਾ ਕਿਸੇ ਕੰਪਨੀ ਦੀਆਂ ਟਾਰਚਾਂ ਹੀ ਵੇਚਦਾ ਹੁੰਦਾ ਹੈ। ਮੈਂ ਤਾਂ ਖੁਦ ਲੋਕਾਂ ਨੂੰ ਦੁਪਹਿਰ ਵੇਲੇ, ਨ੍ਹੇਰੇ ਦਾ ਅਹਿਸਾਸ ਕਰਾਅ ਦਿੰਦਾ ਹਾਂ। ਲੋਕ ਭੈਅ ਭੀਤ ਹੋ ਕੇ ਮੇਰੀਆਂ ਟਾਰਚਾਂ ਖਰੀਦ ਲੈਂਦੇ ਹਨ। ਹੁਣ ਤੂੰ ਸੱਚੋ ਸੱਚ ਦੱਸ ਕਿ ਤੂੰ ਕਿਹੜੀ ਕੰਪਨੀ ਦੀ ਟਾਰਚ ਵੇਚਦਾ ਏਂ?'

"ਮੇਰੀਆਂ ਗੱਲਾਂ ਨੇ ਉਸ ਨੂੰ ਟਿਕਾਣੇ ਲਾ ਦਿੱਤਾ ਸੀ। ਉਹ ਬੋਲਿਆ- 'ਤੂੰ ਸਹੀ ਕਹਿੰਦਾ ਏਂ। ਮੇਰੀ ਕੰਪਨੀ ਨਹੀਂ, ਸਨਾਤਨ ਹੈ।'

"ਮੈਂ ਕਿਹਾ- 'ਤੇਰੀ ਦੁਕਾਨ ਕਿੱਥੇ ਹੈ? ਨਮੂਨੇ ਲਈ ਇਕ ਟਾਰਚ ਮੈਨੂੰ ਤਾਂ ਦਿਖਾਅ ਦੇ। ਮੇਰੀ ਟਾਰਚ ਨਾਲੋਂ ਤੇਰੀ ਟਾਰਚ ਵੱਧ ਵਿਕਦੀ ਹੈ।'

ਉਸ ਕਿਹਾ- 'ਇਸ ਟਾਰਚ ਦੀ ਕੋਈ ਦੁਕਾਨ ਨਹੀਂ ਹੈ ਬਜ਼ਾਰ ਵਿੱਚ। ਇਹ ਤਾਂ ਬੜੀ ਸੂਖਮ ਹੈ। ਪਰ ਕੀਮਤ ਇਸ ਦੀ ਕਾਫ਼ੀ ਮਿਲ ਜਾਂਦੀ ਹੈ। ਇੰਝ ਕਰ, ਤੂੰ ਦੋ ਤਿੰਨ ਦਿਨ ਮੇਰੇ ਕੋਲ ਰਹਿ। ਮੈਂ ਸਭ ਕੁਝ ਤੈਨੂੰ ਸਮਝਾਅ ਦਿਆਂਗਾ।'

"ਤਾਂ ਸਾਬ੍ਹ, ਮੈਂ ਦੋ ਤਿੰਨ ਦਿਨ ਉਸ ਕੋਲ ਠਹਿਰਿਆ। ਤੀਜੇ ਦਿਨ "ਸੂਰਜ ਛਾਪ ਟਾਰਚਾਂ" ਦੀ ਪੇਟੀ ਮੈਂ ਨਹਿਰ ਵਿੱਚ ਵਗਾਹ ਮਾਰੀ। ਮੈਂ ਵੀ ਨਵਾਂ ਕੰਮ ਸ਼ੁਰੂ ਕਰ ਲਿਆ", ਉਹ ਆਪਣੀ ਦਾੜ੍ਹੀ 'ਤੇ ਹੱਥ ਫੇਰਦਿਆ ਬੋਲਿਆ, "ਮਹੀਨੇ 'ਚ ਮੇਰਾ ਕੰਮ ਚੱਲ ਪਵੇਗਾ।"

ਮੈਂ ਪੁੱਛਿਆ- 'ਕੰਮ ਕਿਹੜਾ ਕਰੇਂਗਾ?'

"ਕੰਮ ਤਾਂ ਓਹੀ ਕਰਾਂਗਾ। ਟਾਰਚਾਂ ਵੇਚਣ ਦਾ। ਬੱਸ ਕੰਪਨੀ ਬਦਲ ਰਿਹਾ ਹਾਂ," ਉਹ ਬੋਲਿਆ।

ਅਨੁਵਾਦ: ਹਰੀ ਕ੍ਰਿਸ਼ਨ ਮਾਇਰ
mayer_hk@ yahoo.com

Sri Satguru Jagjit Singh Ji eLibrary NamdhariElibrary@gmail.com

ਸਮਾਨਤਾ ਦਾ ਪ੍ਰਸਾਰ
(ਸਭ ਓਸੇ ਤਰ੍ਹਾਂ ਦਾ ਓਸੇ ਤਰ੍ਹਾਂ)

ਹੂੰ...ਸਾਰਾ ਕੁਝ ਸਮਾਨ ਰੂਪ 'ਚ ਵਿਚਰ ਰਿਹਾ ਹੈ
ਹੱਲਾਸ਼ੇਰੀ ਦਿੱਤੀ ਭੀੜ ਦੇ ਹੱਥਾਂ 'ਚ ਲਹਿਰਾਉਂਦੇ ਹਥਿਆਰ
ਤ੍ਰਿਸ਼ੂਲਾਂ 'ਚ ਟੰਗੇ ਰਾਮ
ਜੀਪ 'ਚ ਬੱਚਿਆਂ ਸਮੇਤ ਸੜਦਾ ਸਟੇਨਜ਼
ਪਾਰਲੀਮੈਂਟ 'ਚ ਸੈਕੂਲਰਿਜ਼ਮ 'ਤੇ ਹੁੰਦੀ ਬਹਿਸ
ਜੀ ਹਾਂ, ਬਿਲਕੁਲ ਸਮਾਨ ਰੂਪ 'ਚ ਹੋ ਰਿਹੈ ਸਭ ਕੁਝ
ਦਲਿਤ ਕੁੜੀਆਂ ਦੇ ਠਾਕੁਰਾਂ ਵੱਲੋਂ ਹੋ ਰਹੇ ਰੇਪ
ਕਰਜ਼ ਹੇਠ ਦੱਬੇ ਕਿਸਾਨਾਂ ਵੱਲੋਂ ਖ਼ੁਦਕੁਸ਼ੀ
ਯੂਨੀਅਨਾਂ ਵੱਲੋਂ ਵੇਚੇ ਜਾ ਰਹੇ ਮੁਲਾਜ਼ਮਾਂ ਦੇ ਹਿਤ
ਦਿਖਾਵੇ ਦੇ ਧਰਨੇ, ਰੈਲੀਆਂ ਤੇ ਵਿਰੋਧ
ਇਹ ਵੀ ਸਮਾਨਤਾ ਦਾ ਹੀ ਰੂਪ ਹਨ
ਘਪਲਿਆਂ ਦੀ ਜਾਂਚ ਕਰਨ ਲਈ ਬਣਦੇ ਕਮਿਸ਼ਨ-ਦਰ-ਕਮਿਸ਼ਨ
ਗਰੀਬੀ ਮਿਟਾਉਣ ਲਈ ਮਿਟਾਈਆਂ ਜਾ ਰਹੀਆਂ ਗਰੀਬਾਂ ਦੀਆਂ ਜੜਾਂ
ਬੰਦੂਕਾਂ ਨਾਲ ਹੋ ਰਹੇ ਚੋਣ-ਬੂਥਾਂ 'ਤੇ ਕਬਜ਼ੇ
ਹਕੂਮਤ ਵੱਲੋਂ ਦਿਲਾਸੇ, ਵਾਅਦੇ ਤੇ ਸੁਧਾਰਾਂ ਦੇ ਐਲਾਨ
ਸੈਕਟਰੀਆਂ ਵੱਲੋਂ ਲਿਖੇ ਭਾਸ਼ਨਾਂ 'ਚ ਮੰਤਰੀਆਂ ਦੇ ਦਮਗਜੇ
ਵਿਧਾਇਕਾਂ ਦੀ ਪੂਰੀ ਦੀ ਪੂਰੀ ਬਰਾਤ ਲਈ
ਵਜ਼ੀਰੀਆਂ ਦੀ ਕਲਗੀ
ਸ਼ਾਇਦ ਇਹ ਵੀ ਹੈ ਇੱਕ ਕਿਸਮ ਦੀ ਸਮਾਨਤਾ
ਬੇਯਕੀਨੀ, ਵਿਸ਼ਵਾਸ ਤੇ ਅੰਧ-ਵਿਸ਼ਵਾਸ
ਦੀ ਤਿਕੋਨ 'ਚ ਲਟਕਦਾ ਸੱਚ
ਗੁਰਦਵਾਰਿਆਂ, ਮੰਦਿਰਾਂ ਤੇ ਮਸੀਤਾਂ 'ਚ
ਭਾਈਆਂ, ਪੰਡਿਤਾਂ ਤੇ ਮੁੱਲਿਆਂ ਹੱਥੋਂ ਜ਼ਲੀਲ ਹੁੰਦਾ ਰੱਬ
ਪ੍ਰਕਾਸ਼-ਪੁੰਜਾਂ 'ਚ ਫਸੇ ਝੂਲਦੇ
ਅੱਧ-ਜਲੇ ਪਰਵਾਨਿਆਂ ਦੇ ਸ਼ਵ
ਤੇ ਹਾਂ, ਸਮਾਨਤਾ ਦੇ ਇਸ ਪ੍ਰਸਾਰ 'ਚ
ਸਭ ਕੁਝ ਬਾ-ਦਸਤੂਰ ਜਾਰੀ ਹੈ
ਬਜ਼ੁਰਗਾਂ ਦੀਆਂ ਨਿਰਜੋਤ ਅੱਖਾਂ 'ਚ ਜੰਮ ਰਹੀ ਪੈਨਸ਼ਨ ਦੀ ਉਮੀਦ
ਫ਼ੌਜੀ ਵਿਧਵਾਵਾਂ ਨੂੰ ਜ਼ਖ਼ਮ ਸੀਣ ਲਈ
ਵੰਡੀਆਂ ਜਾਣ ਵਾਲੀਆਂ ਸਿਲਾਈ ਮਸ਼ੀਨਾਂ ਦੇ ਫੰਕਸ਼ਨ
ਕਾਕਿਆਂ ਲਈ ਰਿਹਾਈ ਦੇ ਐਲਾਨ
ਸੜਕ 'ਤੇ ਰੁਲ ਕੇ ਮਰਨ ਤੋਂ 25 ਸਾਲ ਬਾਅਦ ਦਿੱਤਾ
ਬੰਦੇ ਦੇ ਹੱਕ ਵਿੱਚ ਕੋਰਟ ਦਾ ਫ਼ੈਸਲਾ
ਸਾਹਿਤਕਾਰਾਂ ਵੱਲੋਂ ਕੀਤੇ ਜਾ ਰਹੇ ਸ਼ਬਦਾਂ ਦੇ ਕਪਟ
ਅਕਾਦਮੀਆਂ ਵੱਲੋਂ ਮਿਲ-ਮਿਲਾ ਕੇ ਵੰਡੇ ਜਾ ਰਹੇ ਇਨਾਮ
ਦੇਖੋ ਨਾ
ਸਭ ਕੁਝ ਤਾਂ ਹੋ ਰਿਹੈ
ਸਭ ਕੁਝ ਸਮਾਨ ਰੂਪ 'ਚ ਵਿਚਰ ਰਿਹੈ
ਬੱਸ, ਇੱਕ ਸੰਵਾਦ ਦਾ ਵਿਸ਼ਾ ਵਰਜਿਤ ਹੈ
ਸ਼ਾਇਦ ਏਸੇ 'ਚ ਸਭ ਦਾ ਭਲਾ ਹੈ ।

-ਤਰਲੋਕ ਬੀਰ, ਨਿਊ ਯਾਰਕ

ਹੱਥ ਹਿਲਾਉਣ ਨਾਲ ਪੀੜ ਘਟਦੀ ਹੈ



"ਦਾਦੀ, ਪੀੜ ਨਾਲ ਕਿਵੇਂ ਸਿੱਝੀਏ?"
"ਆਪਣੇ ਹੱਥਾਂ ਨਾਲ, ਧੀਏ। ਜਦੋਂ ਦਿਮਾਗ਼ ਨਾਲ ਕੋਸ਼ਿਸ਼ ਕਰੀਏ ਦੇ ਤਾਂ ਤਕਲੀਫ਼ ਹੋਰ ਪੱਕ ਜਾਂਦੀ ਹੈ।"
"ਹੱਥਾਂ ਨਾਲ, ਦਾਦੀ?"
"ਹਾਂ, ਹਾਂ। ਸਾਡੇ ਹੱਥ ਸਾਡੀ ਆਤਮਾ ਦੇ ਅਨਟੀਨੇ ਹੁੰਦੇ ਹਨ। ਜਦੋਂ ਇਨ੍ਹਾਂ ਨੂੰ ਹਿਲਾਓ ਸਿਓਂ ਕੇ, ਰਿੰਨ੍ਹ ਕੇ, ਤਸਵੀਰ ਰੰਗ ਕੇ, ਧਰਤੀ ਨੂੰ ਛੋਹ ਕੇ ਜਾਂ ਮਿੱਟੀ ਵਿਚ ਖੋਭ ਕੇ, ਤਾਂ ਇਹ ਸਿਗਨਲ ਭੇਜਦੇ ਹਨ ਤੁਹਾਡੇ ਡੂੰਘੇ ਅੰਦਰ ਨੂੰ ਕਿਤੇ ਅਤੇ ਤੁਹਾਡੀ ਆਤਮਾ ਨੂੰ ਠੰਢ ਪੈ ਜਾਂਦੀ ਹੈ। ਤਾਂ ਇਸ ਲਈ ਉਸ ਨੂੰ ਹੋਰ ਪੀੜ ਨਹੀਂ ਭੇਜਣੀ ਪੈਂਦੀ ਇਹਨੂੰ ਦਿਖਾਉਣ ਲਈ।"
"ਕੀ ਹੱਥ ਏਨੇ ਹੀ ਜ਼ਰੂਰੀ ਹੁੰਦੇ ਹਨ?"
"ਹਾਂ ਮੇਰੀਏ ਧੀਏ। ਇਆਣਿਆਂ ਨੂੰ ਹੀ ਲੈ ਲੈ: ਛੋਹ ਛੋਹ ਕੇ ਹੀ ਤਾਂ ਉਨ੍ਹਾਂ ਨੂੰ ਦੁਨੀਆ ਦਾ ਪਤਾ ਲੱਗਦਾ ਹੈ।
ਅਤੇ ਜੇ ਬੁੱਢਿਆਂ ਦੇ ਹੱਥਾਂ ਨੂੰ ਦੇਖੋ, ਤਾਂ ਹੱਥਾਂ ਤੋਂ ਹੀ ਤਾਂ, ਸਰੀਰ ਦੇ ਹੋਰ ਕਿਸੇ ਨਾਲੋਂ, ਸਭ ਤੋਂ ਵੱਧ ਪਤਾ ਲੱਗਦਾ ਹੈ ਉਨ੍ਹਾਂ ਦੀ ਜ਼ਿੰਦਗੀ ਬਾਰੇ।
ਜੋ ਕੁਝ ਵੀ ਹੱਥ ਨਾਲ ਬਣਾਈਏ, ਆਖਿਆ ਜਾਂਦਾ ਹੈ, ਦਿਲ ਨਾਲ ਬਣਾਇਆ ਗਿਆ ਹੁੰਦਾ ਹੈ ਕਿਉਂਕਿ ਸੱਚਮੁਚ ਇਹੋ ਗੱਲ ਹੈ: ਹੱਥ ਅਤੇ ਦਿਲ ਜੁੜੇ ਹੋਏ ਹਨ ਆਪੋ ਵਿਚ।
"ਇਨ੍ਹਾਂ ਨੂੰ ਹਿਲਾਇਆ ਕਰ ਮੇਰੀਏ ਪਿਆਰੀਏ, ਇਨ੍ਹਾਂ ਨਾਲ ਕੁਝ ਬਣਾਇਆ ਕਰ ਅਤੇ ਤੇਰੇ ਅੰਦਰ ਵੀ ਸਭ ਕੁਝ ਹਿੱਲ ਪਏਗਾ।
ਪੀੜ ਤਾਂ ਨਹੀਂ ਜਾਏਗੀ। ਪਰ ਇਹ ਤੇਰਾਬਣਾਇਆ ਸਭ ਤੋਂ ਕਮਾਲ ਦਾ ਕੰਮ ਹੋਏਗਾ। ਅਤੇ ਤਕਲੀਫ਼ ਵੀ ਹੁਣ ਓਨੀ ਨਹੀਂ ਹੋਇਆ ਕਰੇਗੀ, ਕਿਉਂਕਿ ਤੂੰ ਆਪਣੇ ਖਾਸੇ ਦੀ ਕਢਾਈ ਕੱਢ ਲਈ ਹੋਏਗੀ। (ਦੇਸੀ ਅਮਰੀਕੀ ਸਿਆਣਪ)

(From Native Americans- Archaeology News, Art & Ancient Wonders) on Face Book)

Sri Satguru Jagjit Singh Ji eLibrary NamdhariElibrary@gmail.com

ਰਬੀਂਦ੍ਰਨਾਥ ਟੈਗੋਰ (162ਵੇਂ ਜਨਮਦਿਨ 'ਤੇ)



@StoryTimeWithAmmuAndYou

ਛੋਟਾ ਵੱਡਾ

ਅਜੇ ਤਾਂ ਮੈਂ ਨਹੀਂ ਹਾਂ ਵੱਡਾ
ਛੋਟਾ ਹਾਂ, ਨਿੱਕਾ ਜਿਹਾ
ਪਰ
ਦੇਖਿਓ
ਇੱਕ ਦਿਨ
ਮੈਂ ਵੀ ਹੋ ਜਾਊਂ ਵੱਡਾ
ਬੱਸ
ਪਾਪਾ ਜਿੱਡਾ ਹੋ ਜਾਵਾਂ ਜ਼ਰਾ।

ਮਾਸਟਰਜੀ ਜਦ ਆਉਣਗੇ ਘਰ
ਕਹਿਣਗੇ-
ਲਿਆਓ ਆਪਣੀ ਸਲੇਟ
ਲਿਆਓ, ਹੁਣ ਨਾ ਕਰੋ ਲੇਟ।

ਕਹਾਂਗਾ ਫਿਰ ਮੈਂ-
ਪੜ੍ਹਨ ਨੂੰ ਨਾ ਕਹੋ ਏਨਾ!
ਵੱਡਾ ਹੋ ਗਿਆ ਹਾਂ
ਮੈਂ ਵੀ ਆਪਣੇ ਪਾਪਾ ਜਿੰਨਾ।

ਨਿੱਕਾ ਜਿਹਾ ਸੀ
ਕਦੋਂ ਵੱਡਾ ਹੋ ਗਿਆ, ਸ਼ੇਰ?
ਮਾਸਟਰਜੀ ਬੋਲਣਗੇ-
ਤਾਂ ਮੈਂ ਜਾਵਾਂ, ਫੇਰ?

ਘਰੋਂ ਨਿਕਲਾਂ ਮੈਂ ਬਣ ਫਬ ਕੇ ਬੜਾ
ਮੇਲਾ ਹੈ ਭੀੜ-ਭੜੱਕੇ ਵਾਲਾ
ਭੱਜੇ ਭੱਜੇ ਆਉਣਗੇ ਮਾਮਾਜੀ
ਹੱਥ ਵਧਾਅ ਕੇ ਆਖਣਗੇ-
ਓ ਮੇਰੀ ਜਾਨ!

ਹੋ ਗਿਆ ਹਾਂ ਪਾਪਾ ਜਿੰਨਾ ਵੱਡਾ
ਹੁਣ ਕਿਓਂ ਨਾ ਜਾਵਾਂ ਇਕੱਲਾ?

ਮਾਮਾ ਬੋਲੇ-
ਓ ਬਈ ਹਾਂ! ਪਹਿਲਾਂ ਇੱਥੇ ਆ!
ਕਾਕਾ ਜੋ ਆਖੇ
ਉਸਨੂੰ ਕਿਓਂ ਨਾ ਮੈਂ ਮੰਨਾਂ?

ਜਦ ਮੈਂ ਦਊਂਗਾ
ਮੇਰਾ ਧਿਆਨ ਰੱਖਦੀ ਮਾਈ
ਨੂੰ ਪੈਸਾ
ਖੋਲ੍ਹ ਕੇ ਆਪੇ ਤਾਲਾ
ਮਾਂ ਆਏਗੀ ਕਰ ਕੇ ਇਸ਼ਨਾਨ
ਮੈਨੂੰ ਦੇਖ ਕੇ ਹੋਏਗੀ ਹੈਰਾਨ
ਆਖੇਗੀ- ਓਇ ਓਇ
ਇਹ ਕੀ
ਭੋਲੇ ਸ਼ੈਤਾਨ!

ਮੈਂ ਆਖਾਂਗਾ- ਮੈਂ ਵੰਡੂੰ ਤਨਖਾਹ
ਦੇਖੋ ਮੈਂ ਹੋ ਗਿਆਂ ਪਾਪਾ ਜਿੱਡਾ
ਮਨ ਹੀ ਮਨ ਬੋਲੇਗੀ ਮਾਂ
ਹਾਂ ਮੇਰਾ ਪੁੱਤ ਹੋ ਗਿਆ ਵੱਡਾ
ਜਿਸ ਨੂੰ ਮਰਜ਼ੀ ਵੰਡੇ ਪੈਸਾ

ਦੁਸਹਿਰੇ ਦੀਆਂ ਛੁੱਟੀਆਂ ਵਿਚ
ਜਦੋਂ ਸ਼ਹਿਰੋਂ ਆਉਣਗੇ ਪਾਪਾ
ਓਦੋਂ ਸੋਚਦੇ ਹੋਣਗੇ
ਮਨ ਹੀ ਮਨ
ਬੇਟਾ ਹੈ ਮੇਰਾ ਨਿੱਕਾ ਜਿਹਾ
ਅਤੇ ਲਿਆਉਣਗੇ ਕੱਪੜੇ, ਜੁੱਤੇ
ਬੱਚਿਆਂ ਵਾਲੇ ਨਿੱਕੇ ਨਿੱਕੇ
ਫੇਰ ਆਖਣਗੇ ਬਈ,
ਪਾ ਤਾਂ ਜ਼ਰਾ!
ਪਰ ਮੈਂ ਤਾਂ ਹੋ ਗਿਆਂ
ਤੁਹਾਡੇ ਵਰਗਾ ਵੱਡਾ!
ਖ਼ੁਸ਼ ਹੋ ਕੇ ਸੋਚਣਗੇ ਪਾਪਾ
ਖਰੀਦ ਸਕਦਾ ਹੁਣ ਆਪੇ ਆਪ
ਵੱਡਾ ਹੋ ਗਿਆ ਬੇਟਾ, ਹੁਣ!

ਤਸਵੀਰ: ਰਾਜੀਵ ਆਈਪ
ਹਿੰਦੀ ਤੋਂ ਉਲਥਾ- ਪੂਨਮ

Sri Satguru Jagjit Singh Ji eLibrary NamdhariElibrary@gmail.com

ਟੈਗੋਰ ਦੇ ਬਾਲ ਗੀਤ

ਚੰਨ



ਏਨਾ ਹੀ ਤਾਂ ਕਿਹਾ ਸੀ ਮੈਂ
"ਜਦੋਂ ਸੰਝਾਂ ਨੂੰ ਪੂਰਾ ਈ ਗੋਲ ਚੰਨ
ਓਸ ਕਾਦੰਬ ਰੁੱਖ ਦੀਆਂ ਟਾਹਣਾਂ 'ਚ
ਆ ਫਸਦੈ,
ਕੀ ਓਦੋਂ ਉਹਨੂੰ ਫੜ ਨਹੀਂ ਸਕੀਦਾ?"

ਪਰ ਭਾਅ ਹੱਸ ਪਿਆ ਤੇ ਕਹਿੰਦਾ ਹੈ,
"ਤੇਰੇ ਵਰਗਾ ਝੱਲਾ ਵੀ ਮੈਂ ਕੋਈ ਨਹੀਂ
ਡਿੱਠਾ!
ਚੰਨ ਸਾਥੋਂ ਬੜੀ ਹੀ ਦੂਰ ਐ,
ਕਿਵੇਂ ਇਸ ਨੂੰ ਕੋਈ ਫੜ ਸਕਦਾ ਐ?"

ਮੈਂ ਕਿਹਾ, "ਭਾਅ ਤੂੰ ਕੁਝ ਨਹੀਂ ਜਾਣਦਾ!
ਮਾਂ ਜਦ ਤਾਕੀ ਥਣੀਂ ਸਾਨੂੰ
ਖੇਡਦਿਆਂ ਨੂੰ ਤੱਕਦੀ ਤੇ ਮੁਸਕਾਂਦੀ
ਐ,
ਕੀ ਉਹਨੂੰ ਬੜੀ ਹੀ ਤੂੰ ਦੂਰ ਦੱਸੇਂਗਾ?"

ਭਾਅ ਨੇ ਪਰ ਮੁੜ ਓਹੋ ਆਖਿਆ:
"ਝੱਲਾ ਨਾ ਹੋਵੇ ਤਾਂ!
ਤੇ ਭਲਾ ਚੰਨ ਨੂੰ ਫੜਨ ਵਾਲਾ
ਵੱਡਾ ਸਾਰਾ ਜਾਲ ਕਿੱਥੋਂ
ਲਿਆਵੇਂਗਾ?"

ਮੈਂ ਤਾਂ ਕਹਿ ਦਿੱਤਾ,
"ਲੈ ਉਹ ਤਾਂ ਅਸੀਂ
ਹੱਥਾਂ ਨਾਲ ਈ ਫੜ ਲੈਨੈਂ।"

ਭਾਅ ਫੇਰ ਹੱਸਿਆ
ਤੇ ਬੱਸ ਏਨਾ ਆਖਿਆ,
"ਤੇਰੇ ਵਰਗਾ ਝੱਲਾ ਮੁੰਡਾ
ਹੋਰ ਨਹੀਂ ਲੱਭਣਾ!
ਆਵੇ ਚੰਨ ਨੇੜੇ ਕਦੇ ਫੇਰ ਤੈਨੂੰ ਲੱਗੇ
ਪਤਾ
ਪਈ ਇਹ ਕਿੰਨਾ ਵੱਡਾ ਐ!"

ਅੱਗੋਂ ਮੈਂ ਆਖ ਦਿੱਤਾ,
"ਭਾਅ ਤੇਰੇ ਸਕੂਲ 'ਚ ਵੀ ਕੀ
ਉਲਟ ਪੁਲਟ ਪੜ੍ਹਾਉਂਦੇ ਨੇ!
ਮਾਂ ਜਦੋਂ ਚੁੰਮਣ ਸਾਨੂੰ
ਆਪਣਾ ਮੂੰਹ ਨਿਵਾਂਦੀ ਐ
ਓਹਦਾ ਮੂੰਹ ਓਦੋਂ ਕਿਤੇ ਬਹੁਤਾ ਵੱਡਾ
ਦਿਸਦੈ?"

ਭਾਅ ਪਰ ਅਜੇ ਵੀ ਓਹੀ ਗੱਲ ਆਖੀ
ਜਾਂਦੈ,
"ਝੱਲਾ ਮੁੰਡਾ! ਝੱਲਾ ਮੁੰਡਾ!

ਫੁੱਲ ਚੰਪਾ ਦਾ



ਜੇ ਮੈਂ ਬਣ ਕੇ ਫੁੱਲ ਚੰਪਾ ਦਾ
ਓਸ ਬਿਰਛ ਦੀ ਟੀਸੀ ਦੀ ਟਾਹਣੀ
ਜਾ ਲੱਗਾਂ
ਹਵਾ ਵਿਚ ਝੂਮਾਂ ਹੱਸ ਹੱਸ ਕੇ
ਨਵਿਆਂ ਪੱਤਿਆਂ ਉੱਤੇ ਨੱਚ ਨੱਚ-
ਤਾਂ ਕੀ ਤੂੰ ਮੈਨੂੰ ਪਛਾਣ ਲਏਂਗੀ, ਮਾਂ?

ਤੂੰ ਮਾਰੇਂਗੀ ਹਾਕਾਂ, "ਪੁੱਤਰਾ, ਕਿੱਥੇ ਐਂ?"
ਮੈਂ ਆਪਣੇ ਮਨ ਵਿਚ ਹੱਸਾਂਗਾ,
ਚੁੱਪ ਕਰ ਕੇ ਤੇ ਲੁਕਿਆ ਲੁਕਿਆ।

ਫਿਰ ਅੱਖ ਬਚਾਅ ਪੱਤੀਆਂ ਖੋਲ੍ਹਾਂਗਾ
ਤੈਨੂੰ ਕੰਮ ਕਰਦੀ ਡਿੱਠਾਂਗਾ।

ਨ੍ਹਾਵਣ ਮਗਰੋਂ ਜਦ ਤੂੰ
ਆਪਣੇ ਗਿੱਲੇ ਕੇਸ ਮੋਢੇ 'ਤੇ ਛੰਡ ਕੇ
ਚੰਪਾ ਹੇਠੋਂ ਲੰਘਦੀ
ਵਿਹੜੇ ਵਿਚ ਵੜੇਂਗੀ
ਆਪਣੀ ਪੂਜਾ ਵਾਲੀ ਥਾਂ ਨੂੰ ਜਾਂਦੀ
ਤੈਨੂੰ ਉਸ ਫੁੱਲ ਦੀ ਖੁਸ਼ਬੋਈ ਆਵੇ।
ਪਰ ਨਹੀਂ ਤੈਨੂੰ
ਕੁਝ ਪਤਾ ਵੀ ਲੱਗਣਾ
ਕਿ ਉਹ ਖੁਸ਼ਬੋਈ ਮੇਰੀ ਹੀ ਐ!

ਜਦੋਂ ਦੁਪਹਿਰੀਂ ਰੋਟੀ ਮਗਰੋਂ
ਬਾਰੀ ਕੋਲ ਬਹਿ 'ਰਮੈਣ ਪੜ੍ਹੇਂਗੀ
ਛਾਂ ਬਿਰਛ ਦੀ ਤੇਰੇ ਕੇਸਾਂ ਉੱਤੇ ਜਾ ਪਏਗੀ
ਮੈਂ ਆਪਣਾ ਨਿਕਚੂ ਪਰਛਾਵਾਂ
ਤੇਰੀ ਪੋਥੀ ਦੇ ਸਫ਼ੇ 'ਤੇ ਪਾਵਾਂ;
ਪਰ ਕੀ ਤੂੰ ਇਹ ਜਾਣ ਸਕੇਂਗੀ
ਕਿ ਇਹ ਨਿੱਕੜਾ ਜਿਹਾ ਪਰਛਾਵਾਂ
ਤੇਰੇ ਨਿੱਕੇ ਪੁੱਤਰ ਦਾ ਈ ਐ?

ਆਥਣ ਨੂੰ ਜਦ
ਤੂੰ ਹੱਥ ਵਿਚ ਦੀਵਾ ਲੈ
ਗਾਈਆਂ ਕੋਲ ਜਾਣਾ
ਮੈਂ ਝੱਟ ਭੋਇੰ 'ਤੇ ਡਿੱਗ ਪਵਾਂਗਾ
"ਚੱਲ ਸੁਣਾਅ ਵੀ ਹੁਣ ਬਾਤ," ਮੈਂ
ਆਖੀ ਜਾਣਾ।
"ਕਿੱਥੇ ਸੀ ਤੂੰ, ਓਇ ਇੱਲਤੀਆ?"
ਤੂੰ ਪੁੱਛਣੈਂ।
"ਮੈਂ ਕਿਓਂ ਤੈਨੂੰ ਦੱਸਾਂ, ਮਾਂ!"
ਝਟਪਟ ਮੈਂ ਹੈ ਅੱਗੋਂ ਕਹਿਣਾ।

{ਅਨੁ: ਪੂਨਮ

Sri Satguru Jagjit Singh Ji eLibrary NamdhariElibrary@gmail.com



ਕਾਗਤਾਂ ਦੀ ਬੇੜੀ

ਰਬੀਂਦ੍ਰਨਾਥ ਟੈਗੋਰ

ਅਨੁ: ਨਵਤੇਜ ਸਿੰਘ

ਰੋਜ਼ ਮੈਂ ਆਪਣੀਆਂ ਕਾਗਤਾਂ ਦੀਆਂ ਬੇੜੀਆਂ
ਇੱਕ ਇੱਕ ਕਰਕੇ ਨਦੀ ਦੇ ਵਹਿੰਦੇ ਪਾਣੀਆਂ ਵਿਚ
ਛੱਡਦਾ ਹਾਂ
ਵੱਡੇ ਵੱਡੇ ਕਾਲੇ ਅੱਖਰਾਂ ਵਿਚ
ਮੈਂ ਉਹਨਾਂ ਉਤੇ ਆਪਣਾ ਨਾਂ ਲਿਖਦਾ ਹਾਂ,
ਤੇ ਆਪਣੇ ਪਿੰਡ ਦਾ ਵੀ, ਜਿੱਥੇ ਮੈਂ ਰਹਿੰਦਾ ਹਾਂ।
ਮੈਂ ਸੋਚਦਾ ਹਾਂ
ਕਿਸੇ ਦੂਜੀ ਦੁਨੀਆ ਵਿਚ ਕੋਈ ਉਹਨਾਂ ਨੂੰ ਵੇਖੇਗਾ
ਤੇ ਉਹਨੂੰ ਮੇਰਾ ਪਤਾ ਲੱਗੇਗਾ।

ਮੈਂ ਆਪਣੀਆਂ ਇਹ ਬੇੜੀਆਂ
ਆਪਣੇ ਬਾਗ਼ ਵਿਚੋਂ ਲਿਆਂਦੇ
ਹਾਰਸ਼ਿੰਗਾਰ ਦੇ ਫੁੱਲਾਂ ਨਾਲ ਭਰ ਦੇਂਦਾ
ਹਾਂ।
ਸੋਚਦਾ ਹਾਂ ਕਿ ਸਵੇਰ ਦੇ ਖਿੜੇ ਹੋਏ ਇਹ ਫੁੱਲ
ਰਾਤ ਵੇਲੇ ਉਸ ਦੁਨੀਆ ਵਿਚ ਪੁਜ ਜਾਣਗੇ।

ਮੈਂ ਆਪਣੀਆਂ ਬੇੜੀਆਂ ਨਦੀ ਵਿਚ ਛੱਡਦਾ ਹਾਂ
ਤੇ ਅਸਮਾਨ ਵੱਲ ਤੱਕਦਾ ਹਾਂ
ਨਿੱਕੇ ਨਿੱਕੇ ਬੱਦਲਾਂ ਨੂੰ
ਆਪਣੇ ਚਿੱਟੇ ਬਾਦਬਾਨ ਖੋਲ੍ਹਦੇ ਵੇਖਦਾ ਹਾਂ।

ਮੈਨੂੰ ਨਹੀਂ ਪਤਾ,
ਅਸਮਾਨ ਵਿਚ ਕਿਹੜਾ ਬੇਲੀ
ਉਹਨਾਂ ਨੂੰ ਥੱਲੇ ਹਵਾ ਵਿਚ
ਮੇਰੀਆਂ ਬੇੜੀਆਂ ਨਾਲ ਦੌੜ ਲਾਣ ਲਈ ਛਡਦਾ
ਏ!

ਜਦੋਂ ਰਾਤ ਪੈਂਦੀ ਏ
ਮੈਂ ਆਪਣਾ ਮੂੰਹ ਆਪਣੀਆਂ ਬਾਹਾਂ ਵਿਚ ਲੁਕੋ ਲੈਂਦਾ ਹਾਂ।
ਮੈਂ ਸੁਪਨੇ ਵੇਖਦਾ ਹਾਂ:
ਮੇਰੀਆਂ ਬੇੜੀਆਂ ਅੱਧੀ ਰਾਤ ਵੇਲੇ, ਤਾਰਿਆਂ ਥੱਲੇ,
ਅਗਾਂਹ ਹੀ ਅਗਾਂਹ ਤਰਦੀਆਂ ਜਾ ਰਹੀਆਂ ਨੇ,
ਨੀਂਦਰ ਦੀਆਂ ਪਰੀਆਂ ਉਹਨਾਂ ਵਿਚ ਸਵਾਰੀ ਕਰਦੀਆਂ ਨੇ,
ਫੁੱਲਾਂ ਨਾਲ ਭਰੀਆਂ ਆਪਣੀਆਂ ਟੋਕਰੀਆਂ
ਉਹਨਾਂ ਵਿਚ ਲੱਦੀ ਲਈ ਜਾਂਦੀਆਂ ਨੇ।

ਬੁੱਢੇ ਜੰਗਲ ਦੀਆਂ ਪਰੀ ਕਥਾਵਾਂ



ਮਿੱਠੀ ਅਤੇ ਜਾਦੂ-ਭਰੀ ਕਲਾ: Iris Esther

ਕਦੇ ਕਦੇ
ਜਦੋਂ ਅਸੀਂ ਹਾਂ ਗੁਆਚੇ ਗੁਆਚੇ ਹੁੰਦੇ
ਸਾਨੂੰ ਆਪਣੀ ਮੋਮਬੱਤੀ ਆਪ ਬਾਲਣੀ ਚਾਹੀਦੀ ਹੈ
ਅਤੇ ਆਪਣਾ ਰਾਹ ਪੱਬਣਾ
ਇਕੱਲੀਆਂ ਤੋਂ ਇਕੱਲੀਆਂ ਥਾਵਾਂ ਵਿਚੋਂ
ਹਨੇਰੀਆਂ ਤੋਂ ਹਨੇਰੀਆਂ ਥਾਵਾਂ ਵਿਚੋਂ
ਅਤੇ ਜਦੋਂ ਸਿੱਖ ਚੁੱਕੇ ਹੁੰਦੇ ਹਾਂ ਉਨ੍ਹਾਂ ਥਾਵਾਂ ਤੋਂ
ਜੋ ਸਿੱਖਣਾ ਜਰੂਰੀ ਸੀ
ਓਦੋਂ ਹੀ ਫੇਰ ਇਹ ਹੁੰਦਾ ਹੈ ਸਿਰਫ਼
ਕਿ ਸਾਨੂੰ ਰਾਹ ਵੀ ਲੱਭ ਪੈਂਦਾ ਹੈ
ਵਾਪਿਸ ਆਪਣੇ ਘਰ ਦਾ


Athey Thompson ਦੀ ਇੱਕ ਨਿੱਕੀ ਕਵਿਤਾ
{ਅਨੁ: ਪੂਨਮ

ਕੀ ਤੁਸੀਂ ਜਾਣਦੇ ਹੋ?



1. ਇਹ ਕਰਨਾ ਸੰਭਵ ਤਾਂ ਨਹੀਂ ਹੈ, ਪਰ ਜੇ ਸਾਡੀ ਧਰਤੀ ਵਿਚ ਕਿਸੇ ਥਾਂ ਤੋਂ ਇੱਕ ਸੁਰੰਗ ਪੁੱਟੀ ਜਾਏ, ਥੱਲੇ ਐਨ ਦੂਜੇ ਪਾਸੇ ਤੱਕ ਜਾਂਦੀ, ਅਤੇ ਤੁਸੀਂ ਇਸ ਵਿਚ ਛਾਲ ਮਾਰਦੇ ਹੋ- ਤਾਂ ਤੁਸੀਂ ਸਿਰਫ਼ ਕੋਈ 42 ਮਿਨਟਾਂ ਅਤੇ 16 ਸਕਿੰਟਾਂ ਵਿਚ ਓਥੇ ਬਾਹਰ ਪਹੁੰਚ ਜਾਓਗੇ!

ਆਓ ਲੱਭੀਏ ਕਿ ਕਿਓਂ ਧਰਤੀ ਵਿਚ ਇਹੋ ਜਿਹੀ ਸੁਰੰਗ ਪੁੱਟੀ ਜਾਣੀ ਅਸੰਭਵ ਹੈ।



2. ਪੁਲ ਉੱਤੇ ਸ਼ਹਿਰ? ਇਹ ਘਰ ਪੁਲ ਉੱਤੇ ਹਨ? ਜੀ ਹਾਂ, ਅਸਲ ਵਿਚ ਹੀ, ਇਸ ਪੁਲ ਉੱਤੇ ਇੱਕ ਨਿੱਕਾ ਜਿਹਾ ਸ਼ਹਿਰ ਵਸਿਆ ਹੋਇਆ ਹੈ! ਚੀਨ ਦਾ ਸ਼ਹਿਰ Chongqing ਨਾਂ ਦਾ ਨਿੱਕਾ ਜਿਹਾ ਸ਼ਹਿਰ ਪੁਲ ਉੱਤੇ ਹੀ ਬਣਿਆ ਅਤੇ ਵਸਿਆ ਹੋਇਆ ਹੈ! ਕਿਓਂ ਨਾ ਇਸ ਬਾਰੇ ਹੋਰ ਤਸਵੀਰਾਂ ਲੱਭੀਆਂ ਜਾਣ ਅਤੇ ਹੋਰ ਜਾਣਕਾਰੀ- ਕਿ ਇਹ ਬਣਨਾ ਕਿਓਂ ਜਰੂਰੀ ਸੀ?







Artist : Jurga Ryan

3. ਸੜਕ ਕਿਨਾਰੇ ਬੈਠਦੇ ਡਾਕਟਰ ਸਾਹਿਬ- ਭਾਰਤ ਦੇ ਦੱਖਣ ਵਿਚ ਇਹ ਡਾਕਟਰ ਸਾਹਿਬ ਸੜਕ ਦੇ ਕਿਨਾਰੇ ਕਿਤੇ ਵੀ ਬੈਠ ਕੇ, ਰੋਜ਼, ਆਮ ਮਰੀਜ਼ਾਂ ਨੂੰ ਦੇਖਦੇ ਹਨ ਅਤੇ ਦਵਾਈਆਂ ਲਿਖਦੇ ਹਨ। ਇਨ੍ਹਾਂ ਦੀ ਫ਼ੀਸ ਬਹੁਤ ਹੀ ਥੋੜ੍ਹੀ ਹੈ!



Sri Satguru Jagjit Singh Ji eLibrary NamdhariElibrary@gmail.com

ਕੌਣ ਕਹਿੰਦਾ ਹੈ ਸ਼ਬਦਾਂ ਨਾਲ ਨਹੀਂ ਖੇਡਿਆ ਜਾ ਸਕਦਾ

ਅਮਰਜੀਤ ਟਾਂਡਾ

ਕੌਣ ਕਹਿੰਦਾ ਹੈ
ਕਿ ਸ਼ਬਦਾਂ ਨਾਲ ਨਹੀਂ
ਖੇਡਿਆ ਜਾ ਸਕਦਾ?

ਮੀਟੀ ਨਹੀਂ ਦੇ ਸਕਦੇ ਅੱਖਰ?

ਨਜ਼ਮ ਕੁੜੀ ਨਾਲ ਕਿੱਕਲੀ ਨਹੀਂ
ਪਾਈ ਜਾ ਸਕਦੀ?

ਕਿ ਬਲਦਾਂ ਦੀਆਂ ਟੱਲੀਆਂ 'ਚ
ਗੀਤ ਨਹੀਂ ਸੀ ਗੁਆਚੇ ਹੁੰਦੇ

ਕਿ ਰੋੜੀ ਕੁੱਟਦੀ
ਅੱਲ੍ਹੜ ਮੁਟਿਆਰ ਦੇ
ਹੱਥਾਂ ਵਿਚ ਸਰਗਮ ਨਹੀਂ ਸੀ ਹੁੰਦੀ

ਕਿ ਨੇੜੇ ਬੂਟੇ ਦੀ ਬਾਂਹ ਨਾਲ
ਬੱਝੇ ਚਾਦਰ ਦੇ ਝੂਲੇ ਵਿਚ
ਚੰਨ ਨਹੀਂ ਸੀ ਲਿਸ਼ਕਦਾ
ਸੁਪਨਿਆਂ 'ਚ ਸੁੱਤਾ
ਕਦੇ ਕਦੇ ਮੁਸਕਰਾਹਟਾਂ ਵੰਡਦਾ

ਹਰਫ਼ ਹੀ ਨੇ
ਜੋ ਬੋਲ ਕੇ ਦੱਸਦੇ ਨੇ
ਕਿ ਤੇਰੀਆਂ ਨਜ਼ਰਾਂ 'ਚ ਕੀ ਲਿਖਿਆ
ਕੀ ਮੰਗਦੀ ਹੈ ਤੇਰੇ
ਚਿੱਟਿਆਂ ਹੱਥਾਂ ਦੀ ਮਹਿੰਦੀ
ਹੋਠਾਂ ਦੀ ਮੁਸਕੜੀ
ਲਫ਼ਜ਼ ਨਾ ਹੁੰਦੇ ਤਾਂ
ਕਿਹਨੇ ਗੀਤ ਗਾਉਣੇ ਸੀ
ਤੇਰੀ ਝਾਂਜਰ
ਤੇ ਕੁੱਟੀ ਹੋਈ ਚੂਰੀ ਦੇ

ਕਿਹਨੂੰ ਚੇਤੇ ਰਹਿਣੀ ਸੀ
ਕਹਾਣੀ ਲੈਲਾ ਮਜਨੂੰ ਦੀ
ਲੂਣਾ ਦੀ ਰੂਹ ਨੂੰ ਲੱਗੇ ਸੰਤਾਪ
ਕਿਹਨੇ ਗਿਣਨੇ ਸੀ

ਕਿ ਤੈਨੂੰ ਰਾਤੀਂ
ਕਿਉਂ ਨਹੀਂ ਸੌਣ ਦਿੱਤਾ
ਏਸ ਰੁੱਤੇ ਲਾਏ ਵਟਣੇ ਦੀ
ਮਹਿਕ ਤੇ ਰੰਗ ਨੇ

ਇਹ ਅੱਖਰ ਹੀ ਨੇ
ਜੋ ਚਿੱਤਰਦੇ ਨੇ ਦੂਰ ਖੜ੍ਹੇ
ਕਿ ਤੇਰੀ ਸੱਜਰੀ ਅੰਗੜਾਈ ਨੂੰ
ਕਿਹਦੀ ਯਾਦ ਆਈ ਸੀ
ਕਿਹਨੇ ਰੜਕ ਪਾਈ ਸੀ

ਤੇਰੀਆਂ ਅਣਸੁੱਤੀਆਂ ਪਲਕਾਂ ਵਿਚ

ਤੇ ਕਿਹੜਾ ਗੀਤ ਤੂੰ ਹੁਣੇ
ਉਹਦੇ ਲਈ ਗੁਣਗੁਣਾਇਆ ਸੀ
ਅਸਟ੍ਰੇਲੀਆ



ਰੰਗ ਰੰਗ ਕਰਤਾਰੀ

ਪਰਮਿੰਦਰ ਸੋਢੀ

ਰੱਬ ਦੇ ਬੜੇ ਨਾਮ ਨੇ। ਮਿਸਾਲ ਵਜੋਂ ਕ੍ਰਿਸ਼ਨ ਭਗਵਾਨ ਅਤੇ ਵਿਸ਼ਣੂ ਭਗਵਾਨ ਦੇ ਵੀ ਬੜੇ ਨਾਮ ਪ੍ਰਚੱਲਿਤ ਨੇ। ਭਗਵਾਨ ਕ੍ਰਿਸ਼ਨ ਦੇ ਇੱਕ ਸੌ ਅੱਠ ਨਾਮ ਗਿਣਨ ਦੀ ਪਰੰਪਰਾ ਹੈ, ਜਦ ਕਿ 'ਵਿਸ਼ਣੂ ਸਹਸਰਨਾਮਾਵਲੀ' ਵਿਚ ਭਗਵਾਨ ਵਿਸ਼ਣੂ ਦੇ ਇੱਕ ਹਜ਼ਾਰ ਅੱਠ ਨਾਮ ਦਰਜ ਹਨ।

ਰੱਬ ਦਾ ਇੱਕ ਨਾਮ ਜ਼ਿਦਗੀ ਵੀ ਹੈ।

ਰੱਬ ਨੇ ਜਿਸ ਰਾਹ ਆਉਣਾ ਹੋਵੇ ਓਹੀ ਰਾਹ ਸੋਹਣਾ ਹੋ ਜਾਂਦਾ ਹੈ। ਮੈਨੂੰ ਰੱਬ ਬੜੀ ਵਾਰ ਸੌਖਿਆਂ ਹੀ ਮਿਲ ਮਿਲਾ ਜਾਦਾ ਹੈ। ਪਿਛਲੇ ਹਫ਼ਤੇ ਕਿਸੇ ਰਹਿਮਦਿਲ ਦੀ ਛੋਹ ਬਣਕੇ ਆ ਗਿਆ ਸੀ। ਚੌਥ ਉਹ ਕਵਿਤਾ ਬਣ ਮਿਲਣ ਆ ਗਿਆ। ਪਰਸੋਂ ਅਚਾਨਲਕ ਬਾਰਸ਼ ਬਣ ਆ ਗਿਆ ਸੀ। ਕੱਲ੍ਹ ਉਹ ਆਪਣੇ ਬੰਦਿਆਂ ਦੇ ਮੂੰਹੋਂ ਸੋਹਣੇ ਨੇਕ ਸ਼ਬਦ ਬਣ ਆ ਗਿਆ। ਅੱਜ ਮੋਹ ਮੁਹੱਬਤ ਪਿਆਰ ਬਣ ਕੇ ਜਾਂ ਕਹਿ ਲਓ ਅਪਣੱਤ ਬਣ ਕੇ ਆ ਗਿਆ। ਉਹ ਅਕਸਰ ਉਪਰੋਂ ਕਿਤਿਓਂ ਰੰਗਾਂ ਦੀ ਕਿਣਮਿਣ ਬਣ ਵਰ੍ਹਦਾ ਰਹਿੰਦਾ ਹੈ ਅਤੇ ਮੈਂ ਭਿੱਜਦਾ ਰਹਿੰਦਾ ਹਾਂ।


ਦਰਸਨ ਪਰਸਨ ਸਰਸਨ ਹਰਸਨ
ਰੰਗਿ ਰੰਗੀ ਕਰਤਾਰੀ ਰੇ॥

ਫਿਰ ਉਸ ਦੇ ਰੰਗਾਂ ਵਿਚ ਭਿੱਜਦੇ ਹੋਏ ਮੈਨੂੰ ਉਸ ਦੇ ਦਰਸ਼ਨ ਹੁੰਦੇ ਹਨ, ਉਸ ਦੀ ਛੋਹ ਮਿਲਦੀ ਹੈ, ਮਨ ਵਿਚ ਆਨੰਦ ਛਾ ਜਾਂਦਾ ਹੈ ਅਤੇ ਅਦਰ ਖਿੜਾਉ ਪੈਦਾ ਹੋ ਜਾਂਦਾ ਹੈ। ਜਾਪਾਨ

{ ਨਵੀਂ ਛਪੀ ਕਿਤਾਬ: ਝਰਨੇ ਦੀ ਆਤਮਕਥਾ

Sri Satguru Jagjit Singh Ji eLibrary NamdhariElibrary@gmail.com

ਪੁਰਾਤਨ ਮਿਸਰ ਦੇ ਰਾਜੇ ਨੇ ਰਾਣੀ ਦੇ ਲਈ ਪੱਥਰ 'ਤੇ ਕੀ ਲਿਖਿਆ



ਮੈਨੂੰ ਤੇਰੀ ਸਹੁੰ ਲੱਗੇ, ਰੱਬਾ, ਇਸ ਨੂੰ ਆਪਣੇ ਦਿਲ ਵਿਚ ਐਸੀ ਰੌਸ਼ਨੀ ਬਣਾਅ ਕੇ ਰੱਖਾਂਗਾ ਜੋ ਬੁਝੇਗੀ ਨਹੀਂ, ਅਤੇ ਆਪਣਾ ਆਪ ਇਸਦੀ ਰੀੜ੍ਹ ਦਾ ਨੂੰਮੂਣਾ ਬਣਾਵਾਂਗਾ, ਕਿਓਂਕਿ ਇਹ ਮੇਰੇ ਤੋਂ ਹੈ ਅਤੇ ਮੈਂ ਇਹਦੇ ਤੋਂ ਹਾਂ, ਅਤੇ ਅਸੀਂ ਦੋਏ ਇੱਕ ਦੂਜੇ ਦੀ ਹੋਂਦ ਦਾ ਭੇਤ ਹਾਂ।

– ਇਹ ਲਿਖਿਆ ਹੈ Akhenaten ਨੇ ਆਪਣੀ ਪਤਨੀ Nefertiti ਦੇ ਲਈ, Amarna ਮੰਦਰਾਂ ਦੀਆਂ ਕੰਧਾਂ 'ਤੇ।

Akhenaten (1353–36 bce), ਯੁਨਾਨੀ ਵੀ ਸੱਦੇ ਜਾਂਦੇ, ਪੁਰਾਤਨ ਈਜਿਪਟ ਦੇ 18ਵੀਂ ਵੰਸ਼ ਦਾ, ਜਿਸ ਨੇ ਆਪਣੇ ਫਲਸਫਾਨਾ ਇਨਕਲਾਬੀਪੁਣੇ ਦੇ ਨਾਲ Aton (ਸੂਰਜ ਦੀ ਗੇਂਦ ਨੁਮਾ ਸ਼ਕਲ) ਦਾ ਨਵਾਂ ਧਰਮ ਕਾਇਮ ਕੀਤਾ ਸੀ। Akhenaten ਨਾਂ ਦਾ ਮਤਲਬ ਹੈ- Aton ਲਈ ਚੰਗਾ।

ਨੈਨੋ ਤੋਂ ਵੀ ਨਿੱਕਾ ਨਾਟਕ

ਸਤੀਸ਼ ਕੁਮਾਰ ਵਰਮਾ

(ਸ਼ਾਮ ਦਾ ਵੇਲਾ, ਬਜ਼ੁਰਗ ਜੋੜਾ, ਚਾਹ ਪੀਂਦੇ ਗੱਲਾਂ ਕਰਦੇ ਹੋਏ ਅਤੀਤ ਦੇ ਵਰਕੇ ਫੋਲ ਰਹੇ)

ਪਤਨੀ: ਯਾਦ ਹੈ, ਜਦੋਂ ਆਪਾਂ ਹਨੀਮੂਨ 'ਤੇ ਗਏ ਸੀ।

ਪਤੀ: (ਹੱਸ ਕੇ) ਸਹੁਰੀ ਕਮਲੀ, ਮੈਂ ਭੁੱਲ ਸਕਦੈਂ? ਜਿਹੋ ਜਿਹੀ ਕੱਪੜਿਆਂ ਦੀ ਪੰਡ ਵਰਗੀ ਗੁੱਦਣ ਮੁੱਦਣ ਗਈ ਉਹੋ ਜਿਹੀ ਮੁੜ ਆਈ।

ਪਤਨੀ: ਮੈਨੂੰ ਥੋਥੋਂ ਸੰਗ ਆਈ ਗਈ।

ਪਤੀ: (ਸ਼ਰਾਰਤ ਨਾਲ) ਫੇਰ ਸੰਗ ਕਦੋਂ ਲੱਥੀ?

ਪਤਨੀ: ਹੁਣ ਤਾਂ ਨਿਆਣਿਆਂ ਦੇ ਵੀ ਨਿਆਣੇ ਹੋ ਗਏ, ਸੰਗ ਲੱਥੀ ਦੇ ਜਿਉਂਦੇ ਜਾਗਦੇ ਸਬੂਤ।

ਪਤੀ: (ਗੰਭੀਰ ਹੋ ਕੇ) ਉਂ ਕਮਲਾ, ਜ਼ਿੰਦਗੀ ਆਪਣੀ ਲੰਘੀ ਤਾਂ ਸੋਹਣੀ ਓ ਐ ਨਾ?

ਪਤਨੀ: ਜੋ ਸੱਤਰ ਟੱਪ ਕੇ ਵੀ ਇੱਕ ਦੂਏ ਨਾਲ ਚਹੇਡਾਂ ਕਰ ਰਹੇ ਐਂ, ਤਾਂ ਇਹ ਸੁਆਲ ਬਣਦੈ?

ਪਤੀ: ਨਹੀਂ, ਸੁਆਲ ਤਾਂ ਨਹੀਂ ਬਣਦਾ, ਊਂਈ ਰਿਗਰੈਟ ਜਿਹਾ ਮਹਿਸੂਸ ਹੁੰਦੈ ਬਈ ਕਿਤੇ ਜਾਣੇ ਅਣਜਾਣੇ ਮੈਂ ਤੈਨੂੰ ਦੁੱਖ ਨਾ ਪੁਚਾਇਆ ਹੋਵੇ।

ਪਤਨੀ: ਜੇ ਪੁਚਾਇਆ ਵੀ ਹੋਊ ਤਾਂ (ਹੱਸ ਕੇ) ਡਿਉਢਾ ਮਿਲਿਆ ਵੀ ਹੋਊ ਮੇਰੇ ਵੱਲੋਂ ਸਣੇ ਵਿਆਜ।

ਪਤੀ: (ਹਉਕਾ ਭਰ ਕੇ) ਹੂੰਅਅ।

ਪਤਨੀ: (ਘਬਰਾਅ ਕੇ) ਕੀ ਗੱਲ ਹਉਕਾ ਭਰਿਐ?

ਪਤੀ: ਕੁਛ ਨਹੀਂ। ਬੱਸ ਕਦੇ ਕਦੇ ਯਾਦ ਆਉਂਦੈ ਕਿ ਹੁਣ ਜਾਣਾ ਵੀ ਐ...

ਪਤਨੀ: (ਹੈਰਾਨੀ ਨਾਲ) ਕਿੱਥੇ?

ਪਤੀ: ਆਹੀ, ਬਈ ਹੁਣ ਮਰਨਾ-ਮੁਰਨਾ ਵੀ ਐ।

ਪਤਨੀ: (ਹੱਸ ਕੇ) ਦੇਖ ਭਾਈ, ਜਦ ਤੱਕ ਵਾਹ ਚੱਲਿਆ ਤੈਨੂੰ ਮਰਨ ਮੈਂ ਦੇਣਾ ਨਹੀਂ ਤੇ ਆਪੂੰ ਮੈਂ ਮਰਨਾ ਨਹੀਂ।

ਪਤੀ: ਮਤਲਬ? ਆਹ ਕੀ ਗੱਲ ਹੋਈ?

ਪਤਨੀ: (ਟਿੱਚਰ ਨਾਲ) ਉਦੋਂ ਮੈਨੂੰ ਗੁੱਦਣ ਮੁੱਦਣ ਨੂੰ ਸੁਣਾਈ ਸਵਿੱਤਰੀ ਸੱਤਿਆਵਾਨ ਦੀ ਕਹਾਣੀ ਭੁੱਲ ਗਿਆ?

ਪਤੀ: ਪਰ ਇਥੇ ਕਿਵੇਂ ਲਾਗੂ ਹੁੰਦੀ ਐ?

ਪਤਨੀ: ਜੇ ਤੈਨੂੰ ਲੈਣ ਆਏ ਤਾਂ ਮੈਂ ਸਵਿੱਤਰੀ ਬਣ ਕੇ ਅੜ ਜੂੰ ਬਈ ਮੈਂ ਆਪਣੇ ਸਤਿਆਵਾਨ ਨੂੰ ਲਿਜਾਣ ਨਹੀਂ ਦਿੰਦੀ।

ਪਤੀ: ਪਰ ਜੇ ਉਲਟ ਹੋ ਗਿਆ ਤਾਂ ਮੈਂ ਕੀ ਕਰੂੰ??

ਪਤਨੀ: ਓ ਮੇਰੇ ਭੋਲੇ ਪਾਤਸ਼ਾਹ, ਰਿਹਾ ਨਾ ਘੁੱਗੂ ਦਾ ਘੁੱਗੂ! ਤੂੰ ਕਹਿ ਦਈਂ ਬਈ ਮੈਂ ਤਾਂ ਸਾਰੇ ਕੰਮਕਾਰ ਇਹਨੂੰ ਸੌਂਪ ਕੇ ਇਹਨੂੰ 'ਘਰਵਾਲਾ' ਬਣਾ 'ਤਾ ਸੀ, ਤੇ ਆਪ 'ਘਰਵਾਲੀ' ਬਣ ਕੇ ਇਹਦੇ ਮਗਰ ਹਿਬੜ ਹਿਬੜ ਕਰਦਾ ਫਿਰੀ ਗਿਆ, ਸੋ ਭਾਈ ਜਮਦੂਤੋ ਮੈਂ ਤਾਂ ਆਪਣੇ 'ਪਤੀ' ਨੂੰ ਜਾਣ ਨਹੀਂ ਦਿੰਦਾ (ਹੱਸ ਕੇ) ਮਤਲਬ ਜਾਣ ਨੀ ਦਿੰਦੀ।

ਪਤੀ: ਵਾਹ! ਕਿਤਾਬਾਂ ਪੜ੍ਹੀ ਮੈਂ ਗਿਆ, ਗੁੜ੍ਹੀ ਤੂੰ ਗਈ!

(ਦੋਵੇਂ ਖਲੁੱਲ [illegible] ਅੱਖਾਂ 'ਚੋਂ ਆਇਆ ਪਾਣੀ ਪੂੰਝਦੇ ਹਨ।)

Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਨਾਲ ਹਨ ਜੀਵਨ ਵਿੱਚ ਰੌਣਕ ਮੇਲੇ!

ਸ਼ਮਸ਼ੀਲ ਸਿੰਘ ਸੋਢੀ



ਲੁਧਿਆਣਾ ਸ਼ਹਿਰ ਵਿੱਚ ਕਾਫ਼ੀ ਲੰਮੇ ਸਮੇਂ ਤੋਂ ਸਹਿਕਾਰੀ ਬੈਂਕ ਦੇ ਸਰਕਾਰੀ ਅਦਾਰੇ ਵਿੱਚ ਕੰਪਿਊਟਰ ਅਪਰੇਟਰ ਵਜੋਂ ਕੰਮ ਕਰਦਾ ਰਵੀ ਕੁਮਾਰ, ਆਪਣੇ ਦਫ਼ਤਰ ਵਿੱਚ ਬੈਠਾ, ਕੰਪਿਊਟਰ 'ਤੇ ਕੋਈ ਸਰਕਾਰੀ ਚਿੱਠੀ ਪੱਤਰ ਟਾਈਪ ਕਰ ਰਿਹਾ ਸੀ ਕਿ ਅਚਾਨਕ ਉਸਦੇ ਪਿੰਡੋਂ ਆਏ ਫ਼ੋਨ ਨੇ ਉਸਦੀਆਂ ਅੱਖਾਂ ਸਾਹਮਣੇ ਹਨੇਰਾ ਕਰ ਦਿੱਤਾ। ਇਹ ਫ਼ੋਨ ਉਸਦੇ ਬਾਪੂ ਦਾ ਸੀ। ਬਾਪੂ ਫ਼ੋਨ ਵਿੱਚ ਗੱਚ ਭਰਦਾ ਬੋਲਿਆ, "ਪੁੱਤਰ! ਤੇਰੀ ਬੇਬੇ ਇਸ ਦੁਨੀਆਂ 'ਚ ਨਹੀਂ ਰਹੀ। ਕੱਲ੍ਹ ਸਵੇਰੇ ਦਸ ਵਜੇ ਉਸਦਾ ਅੰਤਿਮ ਸਸਕਾਰ ਹੈ। ਛੇਤੀ ਆ ਜਾ ਪੁੱਤ!"

ਜਿਵੇਂ ਹੀ ਬਾਪੂ ਨੇ ਫ਼ੋਨ ਕੱਟਿਆ ਰਵੀ ਨੂੰ ਉਹ ਵੇਲ਼ਾ ਮੁੜ ਸੈਨਤਾਂ ਮਾਰਦਾ ਅੱਖਾਂ ਅੱਗੇ ਘੁੰਮਦਾ ਨਜ਼ਰ ਆ ਰਿਹਾ ਸੀ ਜਦੋਂ ਬੇਬੇ ਨੇ ਆਪਣੇ ਹੱਥੀਂ ਰਵੀ ਨੂੰ ਦੇਸੀ ਘਿਓ ਵਿੱਚ ਗੁੰਨ੍ਹੀ ਹੋਈ ਚੂਰੀ ਖਵਾਉਣੀ ਅਤੇ ਰਵੀ ਆਪਣੀ ਨਿੱਕੀ ਭੈਣ ਮੀਤੋ ਦੀ ਬਾਟੀ ਵਿੱਚ ਪਈ ਚੂਰੀ ਵੀ ਖਾ ਜਾਂਦਾ; ਜਦ ਮੀਤੋ ਬੇਬੇ ਨੂੰ ਸ਼ਿਕਾਇਤ ਕਰਦੀ ਤਾਂ ਬੇਬੇ ਕਹਿੰਦੀ, "ਧੀਏ! ਖਾ ਲੈਣ ਦੇ ਇਹਨੂੰ। ਮੈਂ ਤੈਨੂੰ ਹੋਰ ਚੂਰੀ ਕੁੱਟ ਦੇਂਦੀ ਆ।" ਉੱਤੋਂ, ਰਵੀ, ਮੀਤੋ ਦੀ ਚੂਰੀ ਖਾ ਕੇ ਵੀ ਉਸ ਨੂੰ ਚਿੜਾਉਣ ਲਈ ਮੁੜ ਜ਼ੋਰ ਲਾਉਂਦਾ ਤੇ ਮੀਤੋ ਰੋਣ ਲੱਗ ਪੈਂਦੀ। ਨਿੱਕੀ ਭੈਣ ਨੂੰ ਰੋਂਦਿਆਂ ਵੇਖ ਰਵੀ ਉਸ ਨੂੰ ਕਲਾਵੇ ਵਿੱਚ ਲੈ ਲੈਂਦਾ ਅਤੇ ਮਸੀਂ ਚੁੱਪ ਕਰਾਉਂਦਾ ਪਰ ਹੁਣ ਉਹੀ ਮੀਤੋ ਵਿਆਹੀ ਜਾ ਚੁੱਕੀ ਸੀ ਅਤੇ ਇੱਕ ਮੁੰਡੇ ਦੀ ਮਾਂ ਸੀ! ਖ਼ੈਰ ਇਹਨਾਂ ਯਾਦਾਂ ਵਿੱਚੋਂ ਬਾਹਰ ਹੋ ਰਵੀ ਆਪਣੇ ਆਪ ਨੂੰ ਸੰਭਾਲਦਿਆਂ ਮਾਂ ਦੇ ਸਸਕਾਰ ਦੀਆਂ ਆਖ਼ਰੀ ਰਸਮਾਂ ਕਰਨ ਲਈ ਪਿੰਡ ਪਹੁੰਚਿਆ। ਜਦ ਉਹ ਘਰ ਪਹੁੰਚਿਆ ਤਾਂ ਮਾਂ ਦੀ ਲਾਸ਼ ਨੂੰ ਚਿੱਟੇ ਕੱਪੜਿਆਂ ਵਿੱਚ ਘਿਰੀ ਵੇਖ ਭੁੱਬਾਂ ਮਾਰ ਰੋਣ ਲੱਗਾ। ਉਹਦੇ ਰਿਸ਼ਤੇਦਾਰਾਂ ਨੇ ਮਸੀਂ ਉਸ ਨੂੰ ਚੁੱਪ ਕਰਾਇਆ।

ਜਦ ਉਹ ਮਾਂ ਦੇ ਸਸਕਾਰ ਦੀਆਂ ਆਖ਼ਰੀ ਰਸਮਾਂ ਨਿਭਾਉਂਦਿਆਂ ਮਾਂ ਦੀ ਲਾਸ਼ ਨੂੰ ਅਗਨਭੇਂਟ ਕਰ ਰਿਹਾ ਸੀ ਤਾਂ ਉਹ ਆਪਣੇ ਆਪ ਨੂੰ ਕਹਿ ਰਿਹਾ ਸੀ, "ਮਾਂ, ਕਾਸ਼! ਮੈਂ ਤੇਰੇ ਕੋਲ਼ ਹੀ ਰਹਿੰਦਾ। ਜਿਹੜੇ ਜੀਵਨ ਵਿਚਲੇ ਮੇਲਿਆਂ ਅਤੇ ਰੌਣਕਾਂ ਨੂੰ ਤੇਰੀ ਉਂਗਲ ਫੜ ਕੇ ਦੇਖਿਆ ਸੀ, ਹੁਣ ਉਹ ਮੇਲੇ ਅਤੇ ਰੌਣਕਾਂ ਤੇਰੇ ਬਾਝੋਂ ਚੰਗੇ ਨਹੀਂ ਲੱਗਣੇ। ਮਾਂ ਉੱਠ ਜਾਗ! ਮਾਂ ਉੱਠ ਜਾ! ਮਾਂ ਇੱਕ ਵਾਰ ਤਾਂ ਉੱਠ ਜਾ!"

.....

ਰਵੀ ਨੂੰ ਉਸਦੀ ਪਤਨੀ ਨੇ ਸਵੇਰੇ ਪੰਜ ਵਜੇ ਉਠਾਉਂਦਿਆਂ ਕਿਹਾ, "ਕੀ ਕਹੀ ਜਾਂਦੇ ਹੋ, ਤੁਸੀਂ! ਬੇਬੇ ਨੂੰ ਕੁਝ ਨੀਂ ਹੋਇਆ। ਉਹ ਠੀਕ ਨੇ। ਲੱਗਦੈ ਤੁਸੀਂ ਕੋਈ ਬੁਰਾ ਸੁਫ਼ਨਾ ਦੇਖ ਲਿਆ। ਚਲੋ ਉੱਠੋ। ਅਤੇ ਅਹੁ ਬੇਬੇ-ਬਾਪੂ ਜੀ ਦੇ ਕਮਰੇ ਵਿੱਚ ਜਾ ਕੇ ਦੇਖੋ- ਦੋਵੇਂ ਠੀਕ ਨੇ।"

ਆਪਣੀ ਪਤਨੀ ਰਾਣੀ ਦੀ ਗੱਲਬਾਤ ਸੁਣ ਰਵੀ, ਨੀਂਦ ਵਿੱਚੋਂ ਬਾਹਰ ਆਉਂਦਿਆਂ ਆਪਣੇ ਆਪ ਨੂੰ ਸੰਭਾਲਦਿਆਂ, ਆਪਣੇ ਬੇਬੇ ਬਾਪੂ ਦੇ ਕਮਰੇ ਵਿੱਚ ਜਾ ਕੇ, ਲਾਈਟ ਜਗਾ ਕੇ, ਬੇਬੇ ਬਾਪੂ ਨੂੰ ਅਵਾਜ਼ ਮਾਰਦਿਆਂ ਬੋਲਿਆ, "ਬੇਬੇ! ਤੂੰ ਠੀਕ ਹੈਂ ਨਾ! ਬੇਬੇ ਮੈਨੂੰ ਛੱਡ ਕੇ ਕਿੱਧਰੇ ਨਾ ਚਲੀ ਜਾਵੀਂ।".

ਰਵੀ ਨੂੰ ਇਸ ਤਰ੍ਹਾਂ ਬੋਲਦਿਆਂ ਵੇਖ ਉਸਦਾ ਬਾਪੂ ਬੋਲਿਆ, "ਪੁੱਤ! ਤੂੰ ਘਬਰਾ ਨਾ। ਤੇਰੀ ਬੇਬੇ ਬਿਲਕੁਲ ਠੀਕ ਆ ਅਤੇ ਮੈਂ ਵੀ ਠੀਕ ਹਾਂ। ਸ਼ਾਇਦ ਤੂੰ ਕੋਈ ਬੁਰਾ ਸੁਫ਼ਨਾ ਵੇਖ ਲਿਆ, ਪੁੱਤਰਾ। ....ਕਾਲੀਆਂ ਰਾਤਾਂ ਦੇ ਖ਼ੌਫ਼ ਤੋਂ ਡਰੀਦਾ ਥੋੜ੍ਹੀ ਆ! ਓਦੋਂ ਰੱਬ ਨੂੰ ਯਾਦ ਕਰ ਲਿਆ, ਜਦੋਂ ਇਹ ਕਾਲ਼ੇ ਰੰਗ ਦੇ ਖ਼ੌਫ਼, ਘੇਰੇ ਪਾ ਪਾ, ਤੈਨੂੰ ਡਰਾਉਣ ।"

ਇਹ ਸੁਣ ਕੇ ਰਵੀ ਬੋਲਿਆ, "ਬੇਬੇ! ਮੈਨੂੰ ਜ਼ਿੰਦਗੀ ਦੇ ਇਹ ਮੇਲੇ ਤੇ ਮੇਰੇ ਜੀਵਨ ਦੀ ਹਰ ਰੌਣਕ ਸਿਰਫ਼ ਤੇਰੇ ਅਤੇ ਬਾਪੂ ਕਰਕੇ ਚੰਗੀ ਲੱਗਦੀ ਹੈ। ਤੁਹਾਥੋਂ ਬਗੈਰ ਤਾਂ ਮੇਰਾ ਜਿਊਣਾ ਵੀ ਮਰਨ ਬਰਾਬਰ ਹੈ।"

ਰਵੀ ਦੀ ਗੱਲ ਸੁਣ ਕੇ ਉਸ ਦੀ ਪਤਨੀ ਬੋਲੀ," ਇਹੋ ਜਿਹੀਆਂ ਗੱਲਾਂ ਨਹੀਂ ਕਰੀਦੀਆਂ, ਗਗਨ ਦੇ ਬਾਪੂ, ਕਿਉਂਕਿ ਇਹ ਜ਼ਿੰਦਗੀ ਤਾਂ ਖ਼ੁਸ਼ੀਆਂ ਅਤੇ ਚਾਵਾਂ ਦੀ ਧੀ ਹੈ। ਇਹ ਜ਼ਿੰਦਗੀ ਉਮੀਦਾਂ ਦੀ ਸਹੇਲੀ ਹੈ। ਜਿਹੜੀ ਚੀਜ਼ ਕਿਸੇ ਤੋਂ ਉਧਾਰੀ ਨਾ ਲਈ ਜਾਵੇ ਉਹੀ ਜ਼ਿੰਦਗੀ ਹੈ ਅਤੇ ਨਾਲੇ ਇਹ ਨਾ ਭੁੱਲੋ ਕਿ ਜਦ ਹਨੇਰਿਆਂ ਦੇ ਹਨੇਰੇ, ਸੂਰਜ ਦੀਆਂ ਕਿਰਨਾਂ ਮੂਹਰੇ ਦਮ ਤੋੜ ਜਾਂਦੇ ਨੇ ਤਦ ਖ਼ੁਸ਼ੀਆਂ ਵੰਡਦੀ ਸਵੇਰ ਆਪਣੇ ਚਾਨਣ ਨਾਲ਼ ਸਭ ਘਰਾਂ ਦੇ ਵਿਹੜਿਆਂ ਵਿੱਚ ਚਾਨਣ ਕਰਨ ਤੋਂ ਭੱਜਦੀ ਨਹੀਂ।"

ਆਪਣੀ ਪਤਨੀ ਦੇ ਮੂੰਹੋਂ ਮਸ਼ਹੂਰ ਪੰਜਾਬੀ ਫ਼ਿਲਮ "ਅਰਦਾਸ ਕਰਾਂ" ਵਰਗੇ ਡਾਇਲਾਗ ਸੁਣ ਕੇ, ਜੋ ਉਨ੍ਹਾਂ ਅਜੇ ਪਰਸੋਂ ਹੀ ਵੇਖੀ ਸੀ, ਰਵੀ ਨੇ ਕਿਹਾ, "ਆਹ ਜਿਹੜੀ ਤੂੰ ਗੱਲ ਕੀਤੀ ਹੈ ਨਾ, ਰਾਣੀਏ! ਸੱਚੀਂ ਇਸਨੇ ਮੇਰੇ ਹੌਲ ਨੂੰ ਦੂਰ ਕਰ ਇੱਕ ਵਾਰ ਤਾਂ ਮੈਨੂੰ ਜ਼ਿੰਦਗੀ ਦੇ ਮੇਲੇ ਅਤੇ ਰੌਣਕ ਦਾ ਮਤਲਬ ਸਮਝਾਅ ਦਿੱਤਾ ਐ।"

ਏਨਾ ਕਹਿ ਰਵੀ ਆਪਣੇ ਮਾਪਿਆਂ ਨੂੰ ਜੱਫੀ ਵਿੱਚ ਲੈਂਦਿਆਂ ਹੋਇਆਂ ਆਪਣੇ ਆਪ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਵਿਚ ਸੀ ਕਿ ਬੇਸ਼ਕ ਉਸਨੂੰ ਇਹ ਤਾਂ ਪੱਕਾ ਪਤਾ ਹੈ ਕਿ ਮਾਪਿਆਂ ਨਾਲ਼ ਹੀ ਮੇਲੇ ਅਤੇ ਰੌਣਕਾਂ ਹਨ- ਪਰ ਫਿਰ ਇਹ ਵੀ ਤਾਂ ਸਹੀ ਹੈ ਕਿ ਮੇਲੇ ਅਤੇ ਰੌਣਕਾਂ ਜੀਵਨ ਦੇ ਗਹਿਣੇ ਹਨ ਅਤੇ ਇਹਨਾਂ ਦੇ ਰੰਗਾਂ ਦੀ ਰੰਗਤ ਵਿੱਚ ਜ਼ਿੰਦਗੀ ਜ਼ਿੰਦਾਬਾਦ ਦੇ ਨਾਅਰੇ ਹੀ ਸੋਹਣੇ ਲੱਗਦੇ ਰਹਿਣੇ ਹਨ। ਫਿਰ ਵੀ ਉਹ ਸੋਚ ਰਿਹਾ ਸੀ- ਆਹ! ਕੀ ਮਾਪੇ ਹਮੇਸ਼ਾ ਨਹੀਂ ਰਹਿ ਸਕਦੇ ਹੁੰਦੇ!

ਚੰਡੀਗੜ੍ਹ 9501013321

ਮੇਰਾ ਬੇ-ਫ਼ੈਸਲਾ ਵਰ੍ਹਾ (1911-12)- 2

ਦੋ-ਤਿੰਨਾਂ ਮਹੀਨਿਆਂ ਵਿਚ ਮੈਂ ਦਫ਼ਤਰ ਵਿੱਚ ਲੋੜੀਂਦਾ ਲੱਗਣ ਲੱਗ ਪਿਆ। ਇੱਕ ਹੋਰ ਕਲਰਕ ਰੱਖਿਆ ਗਿਆ, ਮੇਰੀ ਤਨਖਾਹ ਵੀਹ ਰੁਪਏ ਹੋ ਗਈ, ਪਰ ਵੱਡਾ ਵਾਧਾ ਸੱਜਣ ਪੁਰਸ਼ਾਂ ਨਾਲ ਮੇਰਾ ਵਾਹ ਸੀ। ਭਾਈ ਹੀਰਾ ਸਿੰਘ ਜੀ ਫਰੂਕੇ ਵਾਲੇ ਪ੍ਰਚਾਰ ਲਈ ਸਮਾਂ ਦਿਆ ਕਰਦੇ ਸਨ। ਉਨ੍ਹਾਂ ਮੈਨੂੰ ਬੜਾ ਪਿਆਰ ਦਿੱਤਾ।

ਇੱਕ ਬੜੀ ਸੋਹਣੀ ਦਿੱਖ ਵਾਲੇ ਚੀਫ਼ ਖਾਲਸਾ ਦੀਵਾਨ ਦੇ ਇੰਸਪੈਕਟਰ ਤੇਜਾ ਸਿੰਘ ਹੁੰਦੇ ਸਨ। ਉਨ੍ਹਾਂ ਦੀ ਵਿਆਹ-ਪੜ੍ਹਾਈ ਦੀਆਂ ਧੁੰਮਾਂ ਸਨ। ਉਨ੍ਹਾਂ ਹੱਸ ਕੇ ਇਕ ਵਾਰੀ ਆਖਿਆ, ਉਹ ਮੇਰਾ ਵਿਆਹ ਪੜ੍ਹਾ ਕੇ ਬੜੇ ਖੁਸ਼ ਹੋਣਗੇ।

ਸਰਦਾਰ ਖੜਕ ਸਿੰਘ ਜੀ ਸੁਆਗਤੀ ਕਮੇਟੀ ਦੇ ਪ੍ਰਧਾਨ ਸਨ, ਜਨਤਕ ਕੰਮ ਵਿਚ ਇਹ ਉਨ੍ਹਾਂ ਦੀ ਪਹਿਲੀ ਸ਼ਮੂਲੀਅਤ ਸੀ। ਉਹ ਬੜੇ ਸੰਤੁਸ਼ਟ ਮਨੁੱਖ ਸਨ; ਛੇ-ਛੇ ਮਹੀਨੇ ਘਰੋਂ ਨਹੀਂ ਸਨ ਨਿਕਲਦੇ। ਮਹੱਲ ਵਰਗੇ ਆਪਣੇ ਘਰ ਵਿੱਚ ਉਨ੍ਹਾਂ ਨੂੰ ਚੋਖਾ ਜੀਵਨ ਮਿਲ ਜਾਂਦਾ ਸੀ। ਕਦੇ ਕਦੇ ਆਪਣੇ ਅਜ਼ੀਜ਼ਾਂ ਨੂੰ ਬੁਲਾ ਕੇ ਉਹ ਆਪਣੀਆਂ ਨਜ਼ਮਾਂ ਬੜੀ ਮਟਕ ਨਾਲ ਸੁਣਾਇਆ ਕਰਦੇ ਸਨ। "ਤਾਲਿਬ" ਉਨ੍ਹਾਂ ਦਾ ਤਖ਼ੱਲਸ ਸੀ। ਉਰਦੂ ਵਿਚ ਉਹ ਸ਼ਿਅਰ ਲਿਖਦੇ ਸਨ।

ਉਨ੍ਹਾਂ ਨੇ ਪ੍ਰਧਾਨਗੀ ਦੀ ਤਕਰੀਰ ਛਪਾ ਕੇ ਸਾਨੂੰ ਆਪਣੇ ਬਾਗ ਵਿਚ ਸੱਦਿਆ। ਸਾਡੇ ਸਾਹਮਣੇ ਉਨ੍ਹਾਂ ਆਪਣੀ ਤਕਰੀਰ ਦਾ ਪਰਤਾਵਾ ਕੀਤਾ।

ਕਾਨਫ਼ਰੰਸ ਦੇ ਪ੍ਰਧਾਨ ਮਹਾਰਾਜਾ ਪਟਿਆਲਾ ਸਨ। ਮਹਾਰਾਜਿਆਂ ਦਾ ਜਾਦੂ ਓਦੋਂ ਬੜੇ ਜ਼ੋਰਾਂ ਉਤੇ ਸੀ। ਸਾਰੇ ਸ਼ਹਿਰ ਵਿਚ ਭੀੜਾਂ ਜੁੜ ਰਹੀਆਂ ਸਨ। ਬੜਾ ਸ਼ਾਨਦਾਰ ਜਲੂਸ ਬਾਜ਼ਾਰਾਂ ਵਿੱਚੋਂ ਲੰਘਣਾ ਸੀ।

ਮਹਾਰਾਜਾ ਸਾਹਬ ਨਾ ਅਪੜੇ, ਸਰ ਜੁਗਿੰਦਰ ਸਿੰਘ ਨੇ ਉਨ੍ਹਾਂ ਦੀ ਥਾਂ ਲਈ। ਰੌਣਕਾਂ ਬੇਅੰਤ ਸਨ, ਪਰ ਸਿਰਫ਼ ਸਿੱਖ ਪੰਥ ਦੀ ਸ਼ਰਧਾ ਦਾ ਕ੍ਰਿਸ਼ਮਾ ਹੀ ਉਹ ਆਖੀਆਂ ਜਾ ਸਕਦੀਆਂ ਸਨ, ਕਾਨਫ਼ਰੰਸ ਦੀ ਮੂਲ ਕਾਰਵਾਈ ਅੰਗਰੇਜ਼ੀ ਵਿੱਚ ਹੀ ਹੁੰਦੀ ਸੀ। ਸਿਰਫ਼ ਸ਼ਬਦ ਕੀਰਤਨ, ਜਾਂ ਅੰਤ ਉਤੇ ਬੜੀ ਲੰਮੀ ਅਰਦਾਸ ਭਾਈ ਤਖਤ ਸਿੰਘ ਹੋਰੀਂ ਪੰਜਾਬੀ ਵਿੱਚ ਕਰਦੇ ਸਨ, ਜਿਸ ਦੇ ਚੋਖੇ ਭਾਗ ਵਿੱਚ ਬਾਦਸ਼ਾਹ ਸਲਾਮਤ ਦੀ ਸੁਖ ਤੇ ਅੰਗਰੇਜ਼ੀ ਰਾਜ ਲਈ ਅਕਾਲ-ਪੁਰਖ ਦੀ ਮਿਹਰ ਮੰਗੀ ਹੁੰਦੀ ਸੀ, ਪਰ ਦੋ ਗੱਲਾਂ ਉਸ ਕਾਨਫ਼ਰੰਸ ਦੀਆਂ ਪੱਥਰ ਉਤੇ ਉਕਰੇ ਚਿੱਤਰਾਂ ਵਾਂਗ ਮੇਰੇ ਦਿਲ ਉਤੇ ਸਦਾ ਉਘੜੀਆਂ ਰਹੀਆਂ।

ਪੂਰਨ ਸਿੰਘ!

ਇੱਕ ਸੀ, ਜ਼ਿੰਦਗੀ ਦੇ ਬਾਗ ਵਿੱਚੋਂ ਕਿਸੇ ਸੋਹਣੇ ਫੁੱਲ ਦੀ ਮਹਿਕ ਨਾਲ ਨਸ਼ਿਆਏ ਪੂਰਨ ਸਿੰਘ ਦੀ ਭੌਰੇ ਵਰਗੀ ਮਸਤੀ। ਮੰਚ ਉਤੇ ਇੱਕ ਥਾਂ ਖੜੋ ਕੇ ਨਹੀਂ, ਕਦਮ ਪੁਟ ਪੁਟ ਕੇ ਪੈਰ ਮਾਰ ਮਾਰ ਉਹ ਬੋਲਦੇ ਸਨ, ਤੇ ਉਨ੍ਹਾਂ ਦੀ ਮਸਤ ਅਦਾਅ ਵਿੱਚੋਂ ਕੋਈ ਜਾਦੂ ਝਰਦਾ ਸੀ। ਅਨੋਖੇ ਹੋਣ ਦਾ ਰਹੱਸ ਉਨ੍ਹਾਂ ਦੀਆਂ ਅੱਖਾਂ ਤੇ ਉਨ੍ਹਾਂ ਦੇ ਬੋਲ ਵਿੱਚ ।

ਦਾੜ੍ਹੀ ਕਤਰੀ ਹੋਈ, ਗੋਰਾ ਲਾਲ ਰੰਗ, ਭਰਿਆ ਹੋਇਆ ਸਰੀਰ, ਖ਼ੁਮਾਰ ਭਰੀਆਂ ਅੱਖੀਆਂ।

ਉਹ ਜਾਪਾਨੋਂ ਆ ਕੇ ਸਵਾਮੀ ਰਾਮ ਤੀਰਥ ਨਾਲ ਜੋਗੀ ਬਣੇ ਰਹੇ, ਪਰ ਹੁਣ ਕਹਿੰਦੇ ਸਨ, ਉਹ ਆਪਣੇ ਸਹੀ ਆਸਤਾਨੇ ਉਤੇ ਆ ਅਪੜੇ ਸਨ।

ਦੂਜਾ ਸੀ , ਜ਼ਿੰਦਗੀ ਦੇ ਬਾਗ ਅੰਦਰ ਵੜਦੇ ਇੱਕ ਕਾਕੇ ਸਮੁੰਦ ਸਿੰਘ ਦੀ ਪ੍ਰਸੰਨ ਟੁਣਕਦੀ ਤੇ ਸੀਟੀਆਂ ਵਜਾਂਦੀ ਲੈਅ। ਉਸ ਨੇ ਕਿਸੇ ਤਰ੍ਹਾਂ ਹੀ ਇਹ ਸ਼ਬਦ ਪੜ੍ਹਿਆ

"ਛਛਾ ਛੂਹਰੇ ਦਾਸ ਤਿਹਾਰੇ-
ਦਾਸ ਦਾਸਨ ਦੇ ਪਾਣੀਹਾਰੇ"

ਆਹ ~! ਅਨੇਕਾਂ ਸਿਆਣੇ ਬਿਆਣਿਆਂ ਨੂੰ ਉਹਦੀ ਲੈਅ ਨੇ ਛੂਹਰੇ ਬਣਾ ਦਿੱਤਾ। "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗੂੰਜ ਉਠੇ। ਜਦੋਂ ਅੰਗਰੇਜ਼ੀ ਵਿੱਚ ਹੋ ਰਹੀ ਕਾਰਵਾਈ ਤੋਂ ਸੰਗਤਾਂ ਅੱਕ ਜਾਂਦੀਆਂ ਤਾਂ ਕਾਕੇ ਸਮੁੰਦ ਸਿੰਘ ਦੇ ਸ਼ਬਦ ਦੀ ਮੰਗ ਅਮੋੜ ਹੋ ਜਾਂਦੀ।



(ਮੇਰਾ) ਵਿਆਹ ਰਚ ਗਿਆ। ਸਿੰਘ-ਸਭਾ ਦੀ ਨਵੀਂ ਲਹਿਰ ਜ਼ੋਰਾਂ ਉਤੇ ਸੀ, ਕਈਆਂ ਬੁੱਢੇ ਧਰਮੀ ਜੋੜਿਆਂ ਨੇ ਆਪਣੇ ਪਹਿਲੇ ਸਨਾਤਨੀ ਵਿਆਹ ਦੀ ਗਲਤੀ ਨੂੰ ਨਵੇਂ ਆਨੰਦ ਨਾਲ ਸਹੀ ਕਰ ਲਿਆ। ਪੁਰਾਣੀਆਂ ਰਸਮਾਂ ਮਨ-ਮਤ ਹੋ ਗਈਆਂ। ਖਾਰਾ, ਵਟਣਾ, ਗਾਨੇ ਤੇ ਗੌਣ ਵਰਜੇ ਗਏ। ਹਰ ਮੌਕੇ ਉਤੇ ਸ਼ਬਦਾਂ ਦਾ ਕੀਰਤਨ ਪ੍ਰਚਾਰਿਆ ਗਿਆ।

ਪਰ ਮੇਰੇ ਪਿਤਾ ਜੀ ਦੇ ਵਿਆਹ ਦੇ ਬਾਅਦ ਇਹ ਪਹਿਲੀ ਜੰਞ ਸਾਡੇ ਘਰੋਂ ਚੜ੍ਹਨੀ ਸੀ।

"ਪਿਆ ਕੋਈ ਕੁਝ ਆਖੇ," ਮੇਰੀ ਦਾਦੀ ਨੇ ਆਖਿਆ, "ਮੈਂ ਤਾਂ ਕਾਕੇ ਦਾ ਵਿਆਹ ਉਸੇ ਤਰ੍ਹਾਂ ਕਰਨਾ ਏ, ਜਿਸ ਤਰ੍ਹਾਂ ਮੈਂ ਆਪਣੇ ਪਸ਼ੌਰ (ਮੇਰੇ ਪਿਤਾ ਜੀ) ਦਾ ਕੀਤਾ ਸੀ।"

ਰੋਜ਼ ਰਾਤੀਂ ਸਾਡੇ ਘਰ ਚਾਚੀਆਂ ਤਾਈਆਂ, ਭੈਣਾਂ, ਭਾਬੀਆਂ ਗੌਣ ਆਉਂਦੀਆਂ। ਥੁੜਾਂ-ਭਰੀ ਜ਼ਿੰਦਗੀ ਦੇ ਸੁੰਨੇ ਬੁੱਲਾਂ ਵਿੱਚੋਂ ਗੀਤ ਝਰਨ ਲੱਗ ਪਏ। ਕੋਈ ਸ਼ਬਦ ਪੜ੍ਹਦੀ ਤੇ ਕੋਈ "ਕਾਹਨ" ਦਾ ਵਿਛੋੜਾ ਗੌਂਦੀ, ਕੋਈ ਆਪਣੇ ਪੁੰਨੂ ਦਾ ਗਿਲਾ ਕਰਦੀ, ਤੇ ਕੋਈ ਬੇਲੇ ਦੀਆਂ ਉਚੀਆਂ ਲੰਮੀਆਂ ਟਾਹਲੀਆਂ ਉਤੇ ਹੀਰ ਦੀ ਪੀਂਘ ਝੁਟਾਂਦੀ।

Sri Satguru Jagjit Singh Ji eLibrary NamdhariElibrary@gmail.com

ਵੱਡਿਆਂ ਹੋ ਕੇ ਵੀ ਮੈਂ ਭਾਈ ਪੂਰਨ ਸਿੰਘ ਜੀ ਤੇ ਭਾਈ ਸਮੁੰਦ ਸਿੰਘ ਨੂੰ ਮਿਲਿਆ ਹਾਂ, ਪਰ ਉਹ "ਪੂਰਨ" ਤੇ ਉਹ "ਕਾਕਾ" ਮੈਂ ਉਹਨਾਂ ਵਿੱਚੋਂ ਨਹੀਂ ਪਛਾਣ ਸਕਿਆ।

1928 ਵਿੱਚ ਮੈਂ ਨੌਸ਼ਹਿਰੇ ਰੇਲਵੇ ਦਾ ਅਸਿਸਟੈਂਟ ਐਗਜ਼ੈਕਟਿਵ ਐਂਜੀਨੀਅਰ ਹੁੰਦਾ ਸਾਂ।

ਪੂਰਨ ਸਿੰਘ ਜੀ ਦੇ ਛੋਟੇ ਭਰਾ ਸਰਦਾਰ ਰਾਮ ਸਿੰਘ ਐਡਵੋਕੇਟ ਮੇਰੇ ਮਿੱਤਰ ਸਨ। ਉਨ੍ਹਾਂ ਕੋਲ ਪੂਰਨ ਸਿੰਘ ਜੀ ਆਏ। ਇੱਕ ਗੁਰਦੁਆਰੇ ਵਿੱਚ ਉਨ੍ਹਾਂ ਤਕਰੀਰ ਕਰਨੀ ਸੀ। ਮੈਂ ਵੀ ਸੱਦਿਆ ਹੋਇਆ ਸਾਂ। ਮੇਰੇ ਕੋਲ ਉਹ ਬੈਠੇ ਸਨ, ਮੈਂ ਯਾਦ ਕਰ ਰਿਹਾ ਸਾਂ, ਉਹ ਵੇਲਾ, ਜਦੋਂ ਉਨ੍ਹਾਂ ਦੇ ਮੂੰਹੋਂ ਲਫ਼ਜ਼ ਨਿਕਲਦੇ ਸਨ ਜਿਉਂ ਚਸ਼ਮੇ 'ਚੋਂ ਪਾਣੀ ਫੁਟਦਾ ਹੈ। ਪਰ ਅੱਜ ਉਹ ਅੱਖਾਂ ਮੀਟੀ ਆਪਣੀ ਤਕਰੀਰ ਦੇ ਲਫ਼ਜ਼ ਕਈ ਵਾਰੀ ਮਨ ਹੀ ਮਨ ਵਿੱਚ ਦੁਹਰਾ ਰਹੇ ਜਾਪਦੇ ਸਨ, ਕਦੇ ਉਹ ਉਂਗਲਾਂ ਉਤੇ ਗਿਣਤੀ ਵੀ ਕਰਦੇ ਸਨ। ਮੈਨੂੰ ਮਹਿਸੂਸ ਹੋਇਆ ਓਦੋਂ ਉਹ ਜ਼ਿੰਦਗੀ ਨਾਲ ਨੱਚ ਰਹੇ ਸਨ ਤੇ ਅੱਜ ਉਹ ਜ਼ਿੰਦਗੀ ਕੋਲੋਂ ਝਕ ਰਹੇ ਸਨ। ਬੋਲ ਵਿੱਚ ਲਟਕ ਕਦੇ ਆ ਜਾਂਦੀ, ਪਰ ਅੱਖਾਂ ਵਿੱਚ ਉਹ ਜਾਦੂ ਨਹੀਂ ਸੀ ਰਿਹਾ।

ਮੇਰੀ ਏਸ ਮਿਲਣੀ ਦੇ ਦੋ ਵਰ੍ਹਿਆਂ ਬਾਅਦ ਉਹ ਪੂਰੇ ਹੋ ਗਏ। ਮੈਂ ਨਾ ਜਾਚਿਆ, ਪੰਜਾਬੀ ਜੀਵਨ ਵਿੱਚ ਕੇਡਾ ਖੱਪਾ ਪੈ ਗਿਆ ਸੀ, ਸਿਰਫ ਆਪਣੇ ਦੋਸਤ ਨੂੰ ਉਨ੍ਹਾਂ ਦੇ ਭਰਾ-ਵਿਛੋੜੇ ਉਤੇ ਅਫ਼ਸੋਸ ਦਾ ਖਤ ਲਿਖ ਕੇ ਮੈਂ ਪੂਰਨ ਸਿੰਘ ਜੀ ਨੂੰ ਭੁੱਲ ਗਿਆ।

ਓਦੋਂ ਤੱਕ ਮੈਂ ਉਨ੍ਹਾਂ ਦੀ ਇੱਕੋ ਕਿਤਾਬ, ਅੰਗਰੇਜ਼ੀ ਵਿੱਚ 'ਛਜਜਤਵਕਗਤ ਗਿ ਵੀਕ ਛਬਜਅਅਜਅਪ ਹੈਕਕ;' ਪੜ੍ਹੀ ਹੋਈ ਸੀ। ਪੰਜਾਬੀ ਸਾਹਿਤ ਤੋਂ ਮੈਂ ਕੋਰਾ ਸਾਂ।

1933 ਵਿੱਚ ਜਦੋਂ ਮੈਂ ਪੰਜਾਬ ਦੀ ਏਸ ਦੌਲਤ ਨੂੰ ਤੋਲਿਆ ਤਾਂ ਮੇਰੇ ਅੰਦਰੋਂ ਇੱਕ ਹਸਰਤ ਬੜੇ ਦੁਖ ਨਾਲ ਉਠੀ: "ਜੇ ਓਦੋਂ ਮੈਂ ਹੁਣ ਦਾ ਗੁਰਬਖਸ਼ ਸਿੰਘ ਹੁੰਦਾ, ਮੈਂ ਉਨ੍ਹਾਂ ਨੂੰ ਏਡੀ ਛੇਤੀ ਆਪਣੀ ਦੁਨੀਆ 'ਚੋਂ ਜਾਣ ਨਹੀਂ ਸੀ ਦੇਣਾ। ਉਨ੍ਹਾਂ ਦੀ ਲੇਖਣੀ ਵਿਚ ਮੈਨੂੰ ਓਸ "ਝੱਲ" ਦੀਆਂ ਨਿਸ਼ਾਨੀਆਂ ਮਿਲੀਆਂ ਜਿਹੜਾ ਝੱਲ ਮੈਂ ਲੁਕਾ ਰੱਖਣ ਵਿੱਚ ਕਾਮਯਾਬ ਹੋਣ ਕਰਕੇ ਅਜੇ ਜਿਊਂਦਾ ਹਾਂ। ਜੇ ਕਦੇ ਦੋ ਝੱਲੇ ਆਪਣੇ ਦਿਲ ਇੱਕ ਦੂਜੇ ਅੱਗੇ ਖੋਲ੍ਹ ਲੈਂਦੇ ਤਾਂ ਸਿਆਣਿਆਂ ਨੂੰ ਉਂਗਲਾਂ ਮੂੰਹ ਵਿੱਚ ਪਾਣੀਆਂ ਪੈਂਦੀਆਂ।"

ਕਾਕਾ ਸਮੁੰਦ ਸਿੰਘ ਵੀ ਹੁਣ ਕੀਰਤਨ ਦਾ ਸਮੁੰਦਰ ਬਣ ਗਿਆ ਹੈ। ਰੇਡੀਓ ਉਤੇ ਉਨ੍ਹਾਂ ਦੇ ਸ਼ਬਦ ਮੈਂ ਕਈ ਵਾਰੀ ਸੁਣਦਾ ਹਾਂ, ਪਰ ਹਰ ਵਾਰੀ ਸੁਚੱਜੇ ਵਿਹਾਰੀ ਕੀਰਤਨੀਏ ਦੀ ਸੰਤੁਸ਼ਟ ਆਵਾਜ਼ ਵਿੱਚੋਂ ਓਸ ਕਾਕੇ ਦੀ ਰਸ ਢੂੰਡਦੀ ਤੇ ਤਾਲ ਦੀਆਂ ਕੁੰਜੀਆਂ ਟੋਹਦੀ ਆਤਮਾ ਨੂੰ ਪਛਾਨਣ ਦਾ ਜਤਨ ਕਰਦਾ ਹਾਂ।

ਓਸ ਕਾਨਫ਼ਰੰਸ ਦੇ ਇਹ ਦੋ "ਸ਼ਾਹਕਾਰ" ਸਨ ਪਰ ਉਥੇ ਮੇਰੇ ਸਹੁਰੇ ਸਾਕ ਵੀ ਆਏ ਹੋਏ ਸਨ। ਮੈਨੂੰ ਵੇਖ ਕੇ ਉਹ ਬੜੇ ਖਸ਼ ਹੋਏ। ਉਹਨਾਂ ਦਾ ਭਰਮ ਉਡ ਗਿਆ, ਕਿ ਭੈਣ ਦੀ ਬੀਮਾਰੀ ਦਾ ਮੇਰੇ ਉਤੇ ਵੀ ਕੋਈ ਅਸਰ ਹੋਵੇਗਾ। ਆਉਂਦੀ ਅਪ੍ਰੈਲ ਦਾ ਉਹ ਮੇਰਾ ਵਿਆਹ ਦੇ ਗਏ।

ਮੇਰੇ ਪਿਤਾ ਜੀ ਦੇ ਦੋਸਤ, ਸਾਡੇ ਪਰਵਾਰ ਦੇ ਪਰਮ ਸਨੇਹੀ, ਸਰਦਾਰ ਰਘਬੀਰ ਸਿੰਘ ਜੀ ਅਮਲਾਂ ਤੇ ਖਿਆਲਾਂ ਦੀ ਦਲੇਰੀ ਰੱਖਣ ਵਾਲੇ ਆਦਮੀ ਸਨ। ਉਨ੍ਹਾਂ ਸਲਾਹ ਦਿੱਤੀ ਕਿ ਮੇਰਾ ਵਿਆਹ ਨਹੀਂ ਹੋਣਾ ਚਾਹੀਦਾ। ਅਸੀਂ ਆਪਣਾ ਇੱਕ ਮਕਾਨ, ਤੇ ਸਾਰੇ ਗਹਿਣੇ ਵੇਚ ਦੇਈਏ। ਰੁਪਈਆ ਉਹ ਆਪਣੀ ਜ਼ਿੰਮੇਵਾਰੀ ਉਤੇ ਜਮ੍ਹਾ ਕਰਾ ਦੇਣਗੇ- ਸਾਨੂੰ ਮਾਹਵਾਰੀ ਸੂਦ ਡੇਢ ਸੌ ਆ ਜਾਇਗਾ। ਸਾਰੇ ਬੱਚੇ ਪੜ੍ਹ ਜਾਣਗੇ ਤੇ ਸਰਮਾਇਆ ਬਚਿਆ ਰਹੇਗਾ। ਇਸ ਗੱਲ ਵਿੱਚ ਘਰਦਿਆਂ ਨੇ ਨਮੋਸ਼ੀ ਸਮਝੀ, ਤੇ ਵਿਆਹ ਕਰਾਣ-ਨਾ ਕਰਾਣ ਬਾਰੇ ਮੈਂ ਆਪ ਦੋਚਿੱਤੀ ਵਿੱਚ ਪੈ ਗਿਆ।

ਚਾਚਾ ਜੀ ਕਹਿੰਦੇ ਸਨ, "ਕਿੱਥੇ ਵੀਹਾਂ-ਤੀਹਾਂ ਦੀ ਨੌਕਰੀ ਕਰ ਕੇ ਸਾਰੀ ਉਮਰ ਮਾਤਹਿਤੀ ਵਿੱਚ ਰੁਲਦਾ ਰਹੇਂਗਾ, ਤੇ ਕਿੱਥੇ ਪੜ੍ਹ ਕੇ ਅਫ਼ਸਰੀ ਤੋਂ ਸ਼ੁਰੂ ਕਰ ਸਕੇਂਗਾ।"

ਪਰ ਮੈਨੂੰ ਵਿਆਹ ਵੀ ਲਲਚਾ ਰਿਹਾ ਸੀ।

ਆਹ! ਮੇਰੀ ਮਿਲਣ-ਤ੍ਰਿਸ਼ਨਾ-- ਇੱਕ ਕੁੜੀ ਨਿਰੋਲ ਮੈਨੂੰ ਮਿਲ ਜਾਏਗੀ। ਉਹਦੇ ਕੋਲ ਮੈਂ ਇਕੱਲਿਆਂ ਬਹਿ ਸਕਾਂਗਾ, ਉਹਦੀਆਂ ਅੱਖਾਂ ਵਿੱਚ ਆਪਣੀਆਂ ਰੁਕੀਆਂ ਸਾਰੀਆਂ ਮੁਸਕਰਾਹਟਾਂ ਪਾ ਦਿਆਂਗਾ, ਉਹਨੂੰ ਮੈਂ ਮਖਣੀ ਦੀਆਂ ਗੱਲਾਂ ਸੁਣਾ ਸਕਾਂਗਾ। ਉਹਦੇ ਨਾਲ ਰਲ ਕੇ ਮੈਂ ਮਖਣੀ ਦੇ ਕੰਮ ਆਉਣ ਲਈ ਤਜਵੀਜ਼ਾਂ ਸੋਚ ਸਕਾਂਗਾ।

ਕਾਮ-ਇੱਛਾ ਦਾ ਏਸ ਮੇਰੀ ਰੀਝ ਨਾਲ ਵੀ ਲੇਸ-ਮਾਤਰ ਸੰਬੰਧ ਨਹੀਂ ਸੀ। ਮੈਂ ਜਾਣਦਾ ਹਾਂ, ਆਪਣੇ ਪ੍ਰਸ਼ੰਸਕਾਂ ਦੇ ਵਿਸ਼ਵਾਸ ਉਤੇ ਮੈਂ ਭਾਰ ਪਾ ਰਿਹਾ ਹਾਂ -ਪਰ ਏਸ ਮੇਰੀ ਅਵਸਥਾ ਦਾ, ਭਾਵੇਂ ਇਹ ਬਹੁਤੀ ਤੇ ਭਾਵੇਂ ਥੋੜ੍ਹੀ ਅਨੋਖੀ ਹੋਵੇ, ਮੇਰੀ ਜੀਵਨੀ ਨਾਲ ਬੜਾ ਸੰਬੰਧ ਹੈ। ਇਹਨੂੰ ਸਮਝੇ ਬਿਨਾਂ ਮੇਰੀਆਂ ਕਈ ਗੱਲਾਂ ਸਮਝੀਆਂ ਨਹੀਂ ਜਾਣੀਆਂ, ਏਸ ਲਈ ਇਹਦਾ ਜ਼ਿਕਰ ਮੈਂ ਜ਼ਰੂਰੀ ਸਮਝਿਆ ਹੈ।

ਰਾਤ ਦਿਨ ਇਹੋ ਗੀਟ੍ਹੀਆਂ ਮੈਂ ਗਾਲਦਾ ਰਹਿੰਦਾ ਸਾਂ। ਇੱਕ, ਖਾਸ ਇੱਕ ਕੁੜੀ ਦਾ ਮੈਨੂੰ ਮਿਲ ਜਾਣਾ-ਦੂਜੇ ਪਾਸੇ ਮਖਣੀ ਦੀਆਂ ਨਜ਼ਰਾਂ ਵਿੱਚ ਕਿਸੇ ਚੰਗੇ ਅਹੁਦੇ ਉਤੇ ਹੋ ਜਾਣਾ, ਕੋਈ ਇਮਤਿਹਾਨ ਕਿਸੇ ਬਣਾਏ ਮਨੋਰਥ ਦੇ ਅਧੀਨ ਮਨ-ਚਿਤਵੇ ਨਤੀਜੇ ਨਾਲ ਪਾਸ ਕਰਨਾ।

ਗਿਣਤੀ ਦੇ ਦਿਨ ਵਿਆਹ ਵਿੱਚ ਰਹਿ ਗਏ। ਚਾਚਾ ਜੀ ਨੂੰ ਅਜੇ ਤੱਕ ਆਸ ਹੈ ਸੀ ਕਿ ਮੈਂ ਸਿਆਣਾ ਮੁੰਡਾ ਹਾਂ, ਵਿਆਹ ਤੋਂ ਹੁਣ ਵੀ ਇਨਕਾਰ ਕਰਨ ਦੀ ਜੁਰਅਤ ਪੈਦਾ ਕਰ ਲਵਾਂਗਾ।

ਪਰ ਕੋਈ ਫੈਸਲਾ ਮੈਂ ਪੱਕਾ ਨਾ ਕਰ ਸਕਿਆ ਤੇ ਦੁਪਾਸੀਂ ਵਿਆਹ ਦੀਆਂ ਤਿਆਰੀਆਂ ਵਧਦੀਆਂ ਗਈਆਂ।

Sri Satguru Jagjit Singh Ji eLibrary NamdhariElibrary@gmail.com

ਮੇਰਾ ਵਿਆਹ

ਮੇਰੇ ਵਿਆਹ ਦੀ ਤਰੀਕ ਨੇੜੇ ਆਉਂਦੀ ਗਈ। ਮੇਰੀ ਸਿਆਣਪ ਦਾ ਅੰਦਾਜ਼ਾ ਚਾਚਾ ਜੀ ਨੇ ਕੁੱਝ ਵਧੇਰੇ ਹੀ ਲਾ ਲਿਆ। ਉਮੈਦ ਕਰ ਲਈ, ਕਿ ਮੈਂ ਉਨ੍ਹਾਂ ਦੀ ਸਹੀ ਸਲਾਹ ਉਤੇ ਅਮਲ ਕਰ ਕੇ ਹਾਲੇ ਵਿਆਹ ਤੋ ਇਨਕਾਰ ਕਰ ਦਿਆਂਗਾ, ਤੇ ਉਹ ਮੈਨੂੰ ਕਿਸੇ ਉਚੇਰੇ ਭਵਿੱਖ ਲਈ ਪ੍ਰੇਰ ਸਕਣਗੇ।

ਪਰ ਭਵਿੱਖ ਦੀ ਓਦੋਂ ਕੋਈ ਝਾਕ ਮੈਨੂੰ ਹੈ ਨਹੀਂ ਸੀ, ਰੁੱਖੀ ਜ਼ਿੰਦਗੀ ਦੇ ਤਪਦੇ ਥਲਾਂ ਵਿੱਚ ਮੈਂ ਕਿਸੇ ਹਰੀ ਟਹਿਣੀ ਦੀ ਕੂਲੱਤਣ ਆਪਣੇ ਨਾਲ ਮਹਿਸੂਸ ਕਰਨਾ ਚਾਹੁੰਦਾ ਸਾਂ।

ਵਿਆਹ ਮੈਨੂੰ ਦੋ ਕੁਆਰੀਆਂ ਅੱਖਾਂ ਵਿੱਚੋਂ ਏਉਂ ਤੱਕਣ ਦਾ ਹੱਕ ਦੇ ਦੇਵੇਗਾ ਜਿਉਂ ਤੱਕਣ ਲਈ ਮੇਰੀਆਂ ਅੱਖਾਂ ਤਰਲਾਣ ਲੱਗ ਪਈਆਂ ਸਨ।

ਇਹ ਮੇਰੀ ਲੋਚਨਾ, ਮਖਣੀ ਨਾਲ ਬੇਵਫਾਈ ਵੀ ਮੈਨੂੰ ਨਹੀਂ ਸੀ ਜਾਪਦੀ, ਮਖਣੀ ਮੇਰੀ ਦੁਨੀਆ ਨਹੀਂ ਸੀ, ਇੱਕ ਰੌਸ਼ਨ ਤਾਰਾ ਸੀ, ਜਿਹੜਾ ਮੇਰੀ ਦੁਨੀਆ ਉਤੇ ਘਿਰੇ ਬੱਦਲਾਂ ਦੀ ਕਿਸੇ ਵਿਰਲ ਵਿੱਚੋਂ ਲਿਸ਼ਕ ਕੇ ਮੇਰੇ ਹਨੇਰੇ ਰਸਤੇ ਦੀ ਸੇਧ ਚਮਕਾ ਗਿਆ।

ਏਸ ਤਾਰੇ ਦੀ ਯਾਦ ਇੱਕ ਡੂੰਘਾ ਸੂਕਰੀਆ ਬਣ ਕੇ ਮੇਰੇ ਦਿਲ ਦੀਆਂ ਡੂੰਘਾਣਾਂ ਵਿੱਚ ਲਹਿ ਗਈ, "ਕਾਸ਼! ਤਾਰਾ ਨਹੀਂ, ਉਹ ਮੇਰੇ ਆਕਾਸ਼ ਦਾ ਸੂਰਜ ਹੁੰਦਾ! ਆਹ- ਜੇ ਕਦੇ ਮਖਣੀ ਦਾ ਪਤੀ ਚੰਗਾ ਹੁੰਦਾ, ਉਹ ਖੁਸ਼ ਵਸਦੀ, ਉਹਦੇ ਬੱਚੇ ਮੇਰੇ ਬੱਚਿਆਂ ਨਾਲ ਖੇਡਦੇ, ਮੈਂ ਖੁਸ਼ੀਆਂ ਦੀ ਸਿਖਰ ਛੁਹ ਲਈ ਸਮਝਦਾ।"

ਪਰ ਇਉਂ ਨਹੀਂ ਸੀ ਹੋਣਾ। ਮੈਨੂੰ ਖਬਰਾਂ ਪਹੁੰਚ ਗਈਆਂ ਸਨ ਕਿ ਸਾਡੀ ਮਿਲਣੀ ਦੇ ਸਭ ਰਸਤੇ ਮੇਸ ਦਿੱਤੇ ਗਏ ਹਨ, ਉਸ ਜੀਵਨ-ਤਾਰੇ ਨੇ ਫੇਰ ਕਦੇ ਮੇਰੀ ਦੁਨੀਆ ਉਤੇ ਨਹੀਂ ਲਿਸ਼ਕਣਾ।

ਪਿਆਰ-ਸੂਰਜ ਲਈ ਚਾਹ ਏਸ ਲਈ ਪ੍ਰਬਲ ਹੁੰਦੀ ਗਈ, ਤੇ ਮੈਂ ਚਾਚਾ ਜੀ ਨੂੰ ਲਿਖ ਦਿੱਤਾ,

"ਮੇਰੇ ਨਾਲ ਗੁੱਸੇ ਨਾ ਹੋਣਾ। ਇਹ ਨਹੀਂ ਕਿ ਮਾਪਿਆਂ ਦੀ ਮਰਜ਼ੀ ਨੂੰ ਮੈਂ ਤੁਹਾਡੀ ਮਰਜ਼ੀ ਨਾਲੋਂ ਪਹਿਲ ਦਿੱਤੀ ਹੈ। ਤੁਹਾਡੀ ਮਰਜ਼ੀ ਮੈਨੂੰ ਸਭ ਤੋਂ ਪਹਿਲਾਂ- ਪਰ ਗੱਲ ਇਹ ਹੈ ਕਿ ਮੇਰੀ ਆਪਣੀ ਮਰਜ਼ੀ ਮੈਨੂੰ ਤੁਹਾਥੋਂ ਝੂਠਿਆਂ ਪਾ ਰਹੀ ਹੈ - ਤੁਸੀਂ ਸ਼ਾਮਲ ਨਹੀਂ ਹੋਵੋਗੇ, ਮੇਰਾ ਦਿਲ ਹਿਸਦਾ ਹੈ- ਪਰ ਚੰਗੇ ਚਾਚਾ ਜੀ, ਕਰ ਲੈਣ ਦਿਓ ਇਸ ਵਾਰੀ, ਮੈਨੂੰ ਆਪਣੀ ਮਰਜ਼ੀ- ਖਿਮਾਂ ਕਰ ਦੇਣਾ, ਤੇ ਮੈਨੂੰ ਆਪਣੇ ਦਿਲੋਂ ਨਾ ਕੱਢ ਦੇਣਾ।"

ਵਿਆਹ ਰਚ ਗਿਆ। ਸਿੰਘ-ਸਭਾ ਦੀ ਨਵੀਂ ਲਹਿਰ ਜ਼ੋਰਾਂ ਉਤੇ ਸੀ, ਕਈਆਂ ਬੁੱਢੇ ਧਰਮੀ ਜੋੜਿਆਂ ਨੇ ਆਪਣੇ ਪਹਿਲੇ ਸਨਾਤਨੀ ਵਿਆਹ ਦੀ ਗਲਤੀ ਨੂੰ ਨਵੇਂ ਆਨੰਦ ਨਾਲ ਸਹੀ ਕਰ ਲਿਆ। ਪੁਰਾਣੀਆਂ ਰਸਮਾਂ ਮਨ-ਮਤ ਹੋ ਗਈਆਂ। ਖਾਰਾ, ਵਟਣਾ, ਗਾਨੇ ਤੇ ਗੌਣ ਵਰਜੇ ਗਏ। ਹਰ ਮੌਕੇ ਉਤੇ ਸ਼ਬਦਾਂ ਦਾ ਕੀਰਤਨ ਪ੍ਰਚਾਰਿਆ ਗਿਆ।

ਪਰ ਮੇਰੇ ਪਿਤਾ ਜੀ ਦੇ ਵਿਆਹ ਦੇ ਬਾਅਦ ਇਹ ਪਹਿਲੀ ਜੰਞ ਸਾਡੇ ਘਰੋਂ ਚੜਨ੍ਹੀ ਸੀ।

"ਪਿਆ ਕੋਈ ਕੁੱਝ ਆਖੇ," ਮੇਰੀ ਦਾਦੀ ਨੇ ਆਖਿਆ, "ਮੈਂ ਤਾਂ ਕਾਕੇ ਦਾ ਵਿਆਹ ਉਸੇ ਤਰ੍ਹਾਂ ਕਰਨਾ ਏ, ਜਿਸ ਤਰ੍ਹਾਂ ਮੈਂ ਆਪਣੇ ਪਸ਼ੌਰ (ਮੇਰੇ ਪਿਤਾ ਜੀ) ਦਾ ਕੀਤਾ ਸੀ।"

ਰੋਜ਼ ਰਾਤੀਂ ਸਾਡੇ ਘਰ ਚਾਚੀਆਂ ਤਾਈਆਂ, ਭੈਣਾਂ, ਭਾਬੀਆਂ ਗੌਣ ਆਉਂਦੀਆਂ। ਥੁੜ੍ਹਾਂ-ਭਰੀ ਜ਼ਿੰਦਗੀ ਦੇ ਸੁੰਨੇ ਬੁੱਲਾਂ ਵਿੱਚੋਂ ਗੀਤ ਝਰਨ ਲੱਗ ਪਏ। ਕੋਈ ਸ਼ਬਦ ਪੜ੍ਹਦੀ ਤੇ ਕੋਈ "ਕਾਹਨ" ਦਾ ਵਿਛੋੜਾ ਗੌਂਦੀ, ਕੋਈ ਆਪਣੇ ਪੁੰਨੂ ਦਾ ਗਿਲਾ ਕਰਦੀ, ਤੇ ਕੋਈ ਬੇਲੇ ਦੀਆਂ ਉੱਚੀਆਂ ਲੰਮੀਆਂ ਟਾਹਲੀਆਂ ਉੱਤੇ ਹੀਰ ਦੀ ਪੀਂਘ ਝੁਟਾਂਦੀ।

ਮੇਰੇ ਬਾਪੂ ਜੀ ਬੜੇ ਚੰਗੇ ਸਿੱਖ ਸਨ, ਪਰ ਸਿੰਘ-ਸਭੀਏ ਨਹੀਂ ਸਨ। ਉਨ੍ਹਾਂ ਵੱਲੋਂ ਖੁੱਲ੍ਹ ਸੀ, "ਭਾਵੇਂ "ਯਾਰੜੇ ਦਾ ਸੱਥਰ" ਗਾਵੋ, ਤੇ ਭਾਵੇਂ ਰਾਂਝਣ ਲਈ ਰੀਝਾਂ ਕਰੋ, ਭਾਵੇਂ ਬੀਬੀ ਚੌਂਕੜੀ ਮਾਰ ਕੇ ਬਹੋ; ਤੇ ਭਾਵੇਂ ਖਰੂਦ ਪਾਵੋ।" ਉਹ ਸਗੋਂ ਹਰ ਸ਼ੋਖੀ ਲਈ ਲੋੜੀਂਦਾ ਸਾਮਾਨ ਆਪ ਲਿਆ ਦੇਂਦੇ ਸਨ। ਕੁੜੀਆਂ ਸਾਂਗ ਬਣਦੀਆਂ ਨਕਲਾਂ ਕਰਦੀਆਂ।

ਕੁੜੀਆਂ ਨੇ ਮੈਨੂੰ ਮਹਿੰਦੀ ਲਾਈ, ਮੈਂ ਖਾਰੇ ਬੈਠਾ, ਮੈਨੂੰ ਵਟਣਾ ਮਲਿਆ, ਮੈਂ ਮੁਕਟ ਪਾਇਆ, ਮੇਰੇ ਸਿਰ ਉੱਤੇ ਛਤਰ ਝੁਲਿਆ, ਮੈਂ ਤਿੱਲੇਦਾਰ ਕਾਠੀ ਵਾਲੀ ਘੋੜੀ ਉਤੇ ਚੜ੍ਹਿਆ, ਮੇਰੇ ਉਤੇ ਚਾਂਦੀ ਦੀ ਗੁਲਾਬਦਾਨੀ 'ਚੋਂ ਗੁਲਾਬ ਛਿੜਕਿਆ ਗਿਆ। ਭੈਣਾਂ ਨੇ ਵਾਗਾਂ ਫੜੀਆਂ, ਭਾਬੀਆਂ ਨੇ ਸੁਰਮਾ ਪਾਇਆ।

ਵਿਆਹ ਨਾਲੋਂ ਬਹੁਤੀ ਇਹਨਾਂ ਭੈਣਾਂ ਭਾਬੀਆਂ ਦੀ ਯਾਦ ਕਦੇ ਕਦੇ ਇੱਕ ਮਿੱਠੀ ਖੁਸ਼ਬੋਈ ਵਾਂਗ ਮੇਰੀਆਂ ਹੁਣ ਦੀਆਂ ਰਾਤਾਂ ਦੇ ਉਨੀਂਦਰੇ ਵਿੱਚ ਆ ਰਚਦੀ ਹੈ, ਤੇ ਮੈਂ ਪਾਸੇ ਪਰਤਣੇ ਭੁੱਲ ਜਾਂਦਾ ਹਾਂ, ਤੇ ਜਿਹੜੀ ਨੀਂਦ ਸੌ ਜਾਚਾਂ ਵਰਤਿਆਂ ਵੀ ਆਉਂਦੀ ਨਹੀਂ ਉਹ, ਸੁਪਨਾ ਬਣ ਕੇ ਮੇਰੀਆਂ ਅੱਖੀਆਂ ਸੁਰਮਾ ਜਾਂਦੀ ਹੈ।

ਦਸ ਕੋਹਾਂ ਉਤੇ ਮੇਰਾ ਸਹੁਰਾ ਪਿੰਡ ਸੀ। ਉਹਨਾਂ ਦੇ ਬਾਗ ਵਿੱਚ ਸਾਡਾ ਪਹਿਲਾ ਸੁਆਗਤ ਕੀਤਾ ਗਿਆ। ਖੂਹ ਉਤੇ ਨਹਾ ਧੋ ਸਾਰਿਆਂ ਤਿਆਰੀ ਕੀਤੀ, ਤੇ ਦਿਨ ਡੁੱਬੇ ਅਸੀਂ ਸਜਣਾਂ ਦੇ ਘਰ ਢੁੱਕੇ। ਇੱਕ ਪਾਸੇ ਉਹ ਤੇ ਸਾਹਮਣੇ ਉਹਨਾਂ ਦੇ ਅਸੀਂ ਖੜੋ ਗਏ। ਉਹਨਾਂ ਦੇ ਪਾਸਿਓਂ ਧੁਨ ਉਠੀ

"ਤੂੰ ਘਰ ਆ ਸਜਣਾ,
ਹੂ ਦਰਸ਼ਨ ਦੇਖਾਂ ਤੇਰਾ"।

ਆਪਣੇ ਸ਼ਹਿਰ ਦੀਆਂ ਵਿਆਹ-ਮਿਲਣੀਆਂ ਨਾਲੋਂ ਏਸ ਪੇਂਡੂ ਮਿਲਣੀ ਵਿੱਚ ਮੈਨੂੰ ਬਹੁਤਾ ਚਾਅ ਦਿੱਸਿਆ ਸੀ। ਨਿਰੇ ਸਿੱਖ ਹੀ ਨਹੀਂ, ਗਾਂਧੀ ਤੇ ਕਪੂਰ ਸਨ, ਸ਼ੇਖ ਤੇ ਕੱਕੇਜ਼ਈ ਸਨ, ਚੌਧਰੀ ਸਨ, ਨੰਬਰਦਾਰ ਸਨ, ਸਭ ਮੇਰੇ ਸਹੁਰਾ ਜੀ ਦੇ ਯਾਰ ਭਿਆਲ ਸਨ- ਤੇ ਸਭ ਦੇ ਵਿਚਕਾਰ ਸਾਡੇ ਆਪਣੇ ਸ਼ਹਿਰ ਦੀ ਦਰਸ਼ਨੀ ਝਾਤੀ ਸਰਦਾਰ ਖੜਕ ਸਿੰਘ ਖੜੋਤੇ ਸਨ- ਸੋਹਣੀ ਪੁਰਤਾਨ ਪੁਸ਼ਾਕ, ਚੂੜੀਦਾਰ ਪਜਾਮੇ ਉਤੇ ਚਿੱਟਾ ਚੋਗਾ ਤੇ ਦੂਹਰੀ ਦਸਤਾਰ। ਜਦੋਂ ਕਦੇ ਇਹ ਸਾਡੇ

Sri Satguru Jagjit Singh Ji eLibrary NamdhariElibrary@gmail.com

ਸ਼ਹਿਰ ਦੇ ਬਾਜ਼ਾਰ ਵਿੱਚੋਂ ਲੰਘਦੇ, ਹੱਟੀਆਂ ਵਾਲੇ ਉਠ ਉਠ ਆਪਣੇ ਸੋਹਣੇ ਪੁਰਾਣੇ ਪੰਜਾਬ ਦੀ ਯਾਦ ਕਰਦੇ।

ਇੱਕ ਪਾਸੇ ਮੇਰੇ ਸਹੁਰੇ-ਘਰ ਦੇ ਗੁਆਂਢੀ ਹਿੰਦੂ ਸਨ, ਦੂਜੇ ਪਾਸੇ ਮੁਸਲਮਾਨ। ਇਕੱਲੇ ਸਿੱਖ-ਘਰ ਦੀਆਂ ਦੁਪਾਸੀਂ ਕੰਧਾਂ ਹਿੰਦੂ-ਮੁਸਲਮਾਨ ਘਰਾਂ ਨਾਲ ਸਾਂਝੀਆਂ ਸਨ।

ਮੰਨੇ-ਦੰਨੇ ਜਾਮਕਿਆਂ ਦੇ ਖਤਰੰਮੇ ਪਿੰਡ ਵਿੱਚ ਇਹ ਪਹਿਲਾ ਗੁਰ-ਰੀਤੀ ਵਿਆਹ ਸੀ। ਨਵਾਂ ਕੁੱਝ ਵੇਖਣ ਦੀ ਉਤਸੁਕਤਾ ਨੇ ਸਾਰਾ ਪਿੰਡ ਜੋੜ ਲਿਆ ਸੀ । ਕੋਠੇ ਇਸਤ੍ਰੀਆਂ ਦੇ ਗੌਂਦੇ ਭਾਰ ਨਾਲ ਝੁਕੇ ਪਏ ਸਨ ਤੇ ਸੱਜਿਓਂ ਖੱਬਿਓਂ ਸਿੱਠਣੀਆਂ ਵਰ੍ਹ ਰਹੀਆਂ ਸਨ, ਮਸ਼ਾਲਾਂ ਬਲ ਰਹੀਆਂ ਸਨ।

ਮਿਲਣੀ ਹੋ ਗਈ। ਮਾਮਿਆਂ ਚਾਚਿਆਂ ਨੇ ਦੋਹਾਂ ਪਾਸਿਆਂ ਤੋਂ ਜੱਫੀਆਂ ਪਾ ਲਈਆਂ, ਨਵੇਂ ਸਾਕਾਂ ਦੇ ਸਿਰਾਂ ਦੀਆਂ ਬਲਾਵਾਂ ਲੈ ਲਈਆਂ।

ਰੋਟੀ ਲਈ, ਜੰਞ ਦੇ ਨਾਲ ਇੱਕ ਪਾਲ ਵਿੱਚ ਮੈਂ ਬੈਠਾ ਹੀ ਸਾਂ ਕਿ ਦੋ ਬੜੀਆਂ ਸੋਹਣੀਆਂ ਕੁੜੀਆਂ ਮੇਰੇ ਕੋਲ ਆਈਆਂ, ਇਹ ਮੇਰੇ ਸ਼ਹਿਰ ਦੀਆਂ ਭੈਣਾਂ ਸਨ, ਮਿੱਤਰੋ ਤੇ ਰਵੇਲਾਂ, ਸਰਦਾਰ ਖੜਕ ਸਿੰਘ ਹੋਰਾਂ ਦੀਆਂ ਭਤੀਜੀਆਂ। ਇਹਨਾਂ ਨੂੰ ਆਪਣੇ ਸ਼ਹਿਰ ਵਿੱਚ ਜਦੋਂ ਕਦੇ ਮੈਂ ਵੇਖ ਲੈਂਦਾ ਸਾਂ, ਮੇਰਾ ਦਿਨ ਚੰਗਾ ਲੰਘ ਜਾਂਦਾ ਸੀ।

"ਚਲੋ ਭਰਾ ਜੀ, ਤੁਹਾਨੂੰ ਤੁਹਾਡੀਆਂ ਸਾਲੀਆਂ ਬੁਲਾਂਦੀਆਂ ਨੇ।"

ਬੜਾ ਪਿਆਰਾ ਝੁਰਮਟ ਪਿਆ ਸੀ। ਸਿਆਣੀਆਂ ਤਾਈਆਂ ਚਾਚੀਆਂ ਪਿੱਛੇ ਖਲੋਤੀਆਂ ਤੇ ਕੁੜੀਆਂ ਚਿੜੀਆਂ ਅੱਗੇ ਬੈਠੀਆਂ ਸਨ--ਵਿਚਕਾਰ ਉਨ੍ਹਾਂ ਮੈਨੂੰ ਬਿਠਾ ਲਿਆ। ਇੱਕ ਪਾਸੇ ਮੈਂ ਵੇਖਿਆ, ਦੋ ਚੌਂਹ ਕੁੜੀਆਂ ਦੀ ਆੜ ਵਿੱਚ ਗੁੱਛਾ ਮੁੱਛਾ ਹੋਈ ਕੋਈ ਬੈਠੀ ਸੀ। ਕੇਸਰ ਤੇ ਮਹਿੰਦੀ ਦੀ ਭਿੰਨੀ ਭਿੰਨੀ ਮਹਿਕ ਤੋਂ ਮੈਂ ਜਾਚ ਲਿਆ, ਇਹ ਕੌਣ ਸੀ।

ਸ਼ੁਭ-ਇੱਛਾ ਨੇ ਉਹ ਸਾਰੇ ਮੂੰਹ ਕੇਡੇ ਪਿਆਰੇ ਬਣਾ ਦਿੱਤੇ ਸਨ। ਇੱਕ ਇਦਕ ਵੱਲ ਮੈਂ ਵੇਖਦਾ ਤੇ ਦਿਲ ਵਿੱਚ ਹੀ ਉਹਨੂੰ ਕੁੱਝ ਆਖਦਾ।

ਇੱਕ ਕੁੜੀ ਜਿਹੜੀ ਪਿੱਛੋਂ ਮੇਰੀ ਬੜੀ ਵਾਕਫ ਬਣੀ, ਤੇਲੀਆਂ ਦੀ ਜੀਓ ਸੀ। ਰਿਵਾਜ ਅਨੁਸਾਰ ਓਸ ਮੇਰੀ ਮਾਂ ਨੂੰ ਮਖੌਲ ਕਰਨ ਵਾਲੀ ਗੌਣ ਦੀ ਹੇਕ ਛੁਹੀ। ਦੋ ਹੋਰ ਕੁੜੀਆਂ ਨੇ ਵੀ ਉਹਦੇ ਨਾਲ ਹੇਕ ਮੇਲ ਦਿੱਤੀ। ਪਰ ਮੈਨੂੰ ਬੁਲਾ ਕੇ ਲਿਆਉਣ ਵਾਲੀਆਂ ਭੈਣਾਂ ਬੋਲ ਪਈਆਂ, "ਨਾ ਨੀ ਅੜੀਓ, ਭਣੁਜੇ ਨਾਲੋਂ ਪਹਿਲਾਂ ਇਹ ਸਾਡਾ ਭਰਾ ਏ- ਗਾਲ੍ਹ ਮੰਦਾ ਕੋਈ ਨਾ ਦੇਵੇ।"

"ਚੰਗਾ ਜੇ ਗਾਲ੍ਹ ਦੁਪੜ ਨਹੀਂ ਸੂ ਖਾਣੀ, ਤਾਂ ਸਾਨੂੰ ਕੋਈ ਛੰਦ ਸੁਣਾ ਦੇਵੇ"। ਉਹਦੀ ਛੰਦ ਦੀ ਮੰਗ ਨੂੰ ਹੋਰਨਾਂ ਵੀ ਚੁੱਕ ਲਿਆ।

ਮੇਰੇ ਵੱਡੇ ਸਾਲਾ ਜੀ ਬੜੇ ਪੱਕੇ ਸਿੰਘ-ਸਭੀਏ ਸਨ। ਉਨ੍ਹਾਂ ਦੇ ਡਰੋਂ, ਵਿਆਹ ਸਮੇਂ ਮਾੜੀ ਮੋਟੀ ਖੁੱਲ੍ਹ ਨੂੰ ਉਡੀਕਦਿਆਂ ਇਸਤ੍ਰੀਆਂ ਦੇ ਸਾਹ ਘੁਟੇ ਘੁਟੇ ਸਨ।

"ਵੇਖਣਾ ਜੇ ਕੋਈ ਅੱਲਮ ਗੱਲਮ ਗੌਣ ਤੁਸਾਂ ਗੰਵਿਆ- ਸ਼ਬਦ ਪੜ੍ਹੋ- ਛੱਡੋ ਨਿਕੰਮੀਆਂ ਰਸਮਾਂ ਨੂੰ," ਉਹ ਆਂਹਦੇ।

ਤੇ ਮੈਨੂੰ ਵੀ ਉਨ੍ਹਾਂ ਸਮਝਾਇਆ, "ਕੋਈ ਛੰਦ ਮੰਦ ਨਾ ਪਿਆ ਬੋਲੀਂ- ਜੇ ਬਹੁਤਾ ਹੀ ਤੈਨੂੰ ਕਿਸੇ ਤੰਗ ਕੀਤਾ, ਤਾਂ ਇਹ ਛੰਦ ਬੋਲ ਸੁਣਾਈਂ-"

ਉਨ੍ਹਾਂ ਮੈਨੂੰ ਇਹੋ ਜਿਹੇ ਦੋ ਟੱਪੇ ਸੁਣਾਏ, ਜਿਹੜੇ ਜੇ ਮੈਂ ਬੋਲ ਸਕਦਾ, ਤਾਂ ਹੋਰ ਕੁੱਝ ਮੈਥੋਂ ਸੁਣਨ ਦੀ ਮੰਗ ਕਿਸੇ ਕਰਨੀ ਨਹੀਂ ਸੀ।

ਪਰ ਚੁਣੇ ਜਾਣਾ ਮੇਰੀਆਂ ਵੱਡੀਆਂ ਮੰਗਾਂ ਵਿੱਚੋਂ ਇੱਕ ਸੀ, ਤੇ ਮੇਰੀ ਮਾਂ ਨੇ ਸੱਸ, ਸਾਲੀਆਂ, ਪਤਰੀਸਾਂ ਸਭ ਲਈ ਚੰਗਾ ਚੰਗਾ ਕੁੱਝ ਸਿਖਾਇਆ ਸੀ, ਮੇਰੇ ਆਪਣੇ ਦਿਲ ਵਿਚ ਵੀ ਬੜਾ ਕੁੱਝ ਸੀ।

ਬਹੁਤਾ ਚਿਰ ਨਹੀਂ ਹੋਇਆ ਮੇਰੇ ਅੰਦਰੋਂ ਕਵਿਤਾ ਮਚਲ ਮਚਲ ਉਠਦੀ ਸੀ, ਤੇ ਮੈਂ ਮਖਣੀ ਦੇ ਨਾਂ ਹੇਠਾਂ ਸੋਲਾਂ ਸਤਾਰਾਂ ਕਵਿਤਾਵਾਂ ਲਿਖ ਦਿੱਤੀਆਂ ਸਨ।

"ਮਾੜਾ ਜਾਂ ਚੰਗਾ," ਮੈਂ ਫੈਸਲਾ ਕਰ ਲਿਆ ਕਿ, "ਮੈਂ ਆਪਣਾ ਬਣਾਇਆ ਛੰਦ ਹੀ ਬੋਲਾਂਗਾ।" ਤੇ ਸਭ ਮੁਸਕਰਾਂਦੇ ਮੂੰਹਾਂ ਵੱਲ ਤੱਕ ਕੇ ਆਖਿਆ,

"ਛੰਦ ਪਰਾਗੇ ਆਖੀਏ,
ਛੰਦੇ ਅੱਗੇ ਛੱਲੀਆਂ,
ਸਭੋ ਤੁਸੀਂ ਪਿਆਰੀਆਂ,
ਜਿਓਂ ਹੱਸ ਹੱਸ ਖਿੜੀਆਂ ਕਲੀਆਂ।"

ਬਸ ਫੇਰ ਕੀ ਸੀ, ਸ਼ੋਖ ਤੋਂ ਸ਼ੋਖ ਕੁੜੀ ਦੇ ਮੂੰਹ ਵਿੱਚੋਂ ਉਠ ਉਠ ਨਿਕਲਦੀ ਗਾਲ੍ਹ ਉਹਦੇ ਗਲ ਵਿੱਚ ਰੁਕ ਗਈ, ਕਿਸੇ ਮੇਰੀ ਮਾਂ ਨਾ ਪੁਣੀ, ਨਾ ਭੈਣ ਨੂੰ ਠੱਠਾ ਕੀਤਾ।

ਇਕ ਦੋ ਛੰਦ ਮੈਂ ਹੋਰ ਸੁਣਾਏ। ਸਭ ਨਾਲ ਅਪਣਤ ਦਾ ਰਿਸ਼ਤਾ ਬਣ ਗਿਆ, ਤੇ ਮੈਂ ਆਖਿਆ, " ਹੁਣ ਤੁਸੀਂ ਵੀ ਮੈਨੂੰ ਕੁੱਝ ਸੁਣਾਓ।"

"ਵਹੁਟੀ ਆਪਣੀ ਦਾ ਤਰਲਾ ਕਰ -ਬੜਾ ਚੰਗਾ ਗੌਂਦੀ ਊ," ਜੀਓ ਬੋਲੀ।

"ਉਹ ਤਾਂ ਮੈਨੂੰ ਰੁੱਸੀ ਬੈਠੀ ਦਿੱਸਦੀ ਏ -ਤੁਸੀਂ ਹੀ ਕੁੱਝ ਸੁਣਾ ਦਿਓ।"

ਦੋ ਚੌਂਹ ਨੇ ਮੇਰੀਆਂ ਸਿਆਲਕੋਟੀ ਭੈਣਾਂ ਨੂੰ ਗੌਣ ਲਈ ਕਿਹਾ ।

"ਸੌ ਵਾਰੀ ਅਸੀਂ ਗੌਂ ਦੇਂਦੀਆਂ, ਪਰ ਸ਼ਬਦਾਂ ਦੇ ਸਿਵਾ ਗੌਣ ਸਾਨੂੰ ਕੋਈ ਆਉਂਦਾ ਨਹੀਂ," ਉਹਨਾਂ ਆਖਿਆ।

"ਸ਼ਬਦ ਮੈਨੂੰ ਓਦੂੰ ਵੀ ਚੰਗਾ ਲੱਗੇਗਾ," ਮੈਂ ਆਖਿਆ।

ਤੇ ਦੋਹਾਂ ਮਿੱਠੀਆਂ ਭੈਣਾਂ ਨੇ ਸੁਰ ਮੇਲ ਕੇ ਗਾਇਆ-

"ਮਿੱਤਰ ਪਿਆਰੇ ਨੂੰ
ਸਾਡਾ ਹਾਲ ਮੁਰੀਦਾਂ ਦਾ ਕਹਿਣਾ"

ਏਨੇ ਚਿਰ ਵਿੱਚ ਜੰਞ ਰੋਟੀ ਖਾ ਕੇ ਵਿਦਿਆ ਹੋਣ ਲੱਗੀ। ਹੇਠੋਂ ਕਿਸੇ ਸਿਆਣੇ ਨੇ ਉੱਚੀ ਦਿੱਤੀ ਆਖਿਆ, "ਕਾਕੇ ਨੂੰ ਭੁੱਖਿਆ ਰੱਖਣਾ ਜੇ?"

ਕੁਝ ਘੁਸਰ ਮੁਸਰ ਹੋਈ, ਮੈਨੂੰ ਮਹਿਸੂਸ ਹੋਇਆ ਕਿ ਕੋਈ ਮੇਰੇ ਕੋਟ ਦਾ ਪੱਲਾ ਖੇਸ ਨਾਲ ਸੀਉਂ ਰਿਹਾ ਸੀ, ਪਰ ਮੈਂ ਇਸ ਤਰ੍ਹਾਂ ਬੈਠਾ ਰਿਹਾ ਜਿਉਂ ਮੈਨੂੰ ਪਤਾ ਨਹੀਂ ਸੀ ਲੱਗਾ। -ਮਤੇ ਓਸ ਕੁੜੀ ਦੀ ਖੇਡ ਵਿਗੜ ਜਾਏ, ਜਦੋਂ ਓਸ ਸੀਉਂ ਲਿਆ, ਤਾਂ ਉਹਨਾਂ ਆਖਿਆ ਮੈਂ ਉਠ ਕੇ ਆਪਣੀ

Sri Satguru Jagjit Singh Ji eLibrary NamdhariElibrary@gmail.com

ਮੇਰਾ ਬੇ-ਫ਼ੈਸਲਾ...

ਜੁੱਤੀ ਪਾ ਲਵਾਂ।

ਉੱਠਣ ਤੋਂ ਪਹਿਲਾਂ ਮੈਂ ਹੇਠਲਾ ਖੇਸ ਤਹਿ ਕਰ ਕੇ ਆਪਣੇ ਨਾਲ ਹੀ ਚੁੱਕ ਲਿਆ ।

"ਤੇ ਤੂੰ ਸਾਡਾ ਖੇਸ ਹੀ ਲੈ ਚੱਲਿਐਂ, ਘਰ ਤੁਹਾਡੇ ਖੇਸ ਕੋਈ ਨਹੀਂ ਸੀ?"

"ਮੈਂ ਜਾਤਾ, ਵਿਆਹ ਦੀ ਇਹ ਤੁਸਾਂ ਮੈਨੂੰ ਪਹਿਲੀ ਸੁਗਾਤ ਦਿੱਤੀ ਏ।"

ਸਾਰੀਆਂ ਹੱਸ ਪਈਆਂ, ਤੇ ਇੱਕ ਨੇ ਤੋਪੇ ਉਧੇੜ ਕੇ ਖੇਸ ਹੇਠਾਂ ਰਖ ਲਿਆ।

ਆਵਾਜ਼ਾਂ ਆਈਆਂ -"ਤੁਹਾਡੀ ਜੁੱਤੀ ਏਧਰ ਜੀ। "

ਮੈਨੂੰ ਪਤਾ ਸੀ, ਜੁੱਤੀਆਂ ਲੁਕ ਜਾਇਆ ਕਰਦੀਆਂ ਨੇ। ਮੈਂ ਉੱਤਰ ਦਿੱਤਾ, "ਜੁੱਤੀ ਕੀ ਪਾਣੀ ਏਂ, ਤੁਹਾਡੀ ਹਾਜ਼ਰੀ ਵਿਚ ਨੰਗੇ ਪੈਰੀਂ ਹੀ ਤੁਰਨਾ ਚਾਹਾਂਗਾ।"

"ਅਸੀਂ ਨਹੀਂ ਸਾਂ ਆਂਹਦੀਆਂ , ਸਾਡੇ ਭਰਾ ਨੇ ਤੁਹਾਡੇ ਮਖੌਲ ਹੇਠਾਂ ਨਹੀਂ ਆਉਣਾ," ਮੇਰੀਆਂ ਸਿਆਲਕੋਟੀ ਭੈਣਾਂ ਨੇ ਫ਼ਖ਼ਰ ਕੀਤਾ।

ਇਹ ਰਾਤ ਮੇਰੀਆਂ ਉਨ੍ਹਾਂ ਯਾਦਾਂ ਵਿੱਚੋਂ ਹੈ ਜਿਹੜੀਆਂ ਕੁਚੱਜੀ ਜ਼ਿੰਦਗੀ ਦੀਆਂ ਰੁਖਾਈਆਂ ਨੂੰ ਭੁਠਲਾਣ ਲਈ ਮੈਂ ਸਾਂਭੀਆਂ ਹੋਈਆਂ ਹਨ।

ਇਹ ਦੋਵੇਂ ਭੈਣਾਂ ਹੁਣ ਸਿਆਣੀਆਂ ਸਰਦਾਰਨੀਆਂ ਹਨ, ਇਹਨਾਂ ਦੇ ਬੱਚਿਆਂ ਦੇ ਵਿਆਹ ਵੀ ਹੋ ਗਏ ਹਨ, ਪਰ ਜਦੋਂ ਕਦੇ ਇਹ ਮੈਨੂੰ ਮਿਲਦੀਆਂ ਹਨ, ਮੈਂ ਇਹਨਾਂ ਨੂੰ ਇਹੀ ਯਾਦ ਕਰਾ ਕੇ ਖੁਸ਼ ਹੁੰਦਾ ਹਾਂ ਕਿ ਕੇਡੀ ਮਿਠੀ ਤਰ੍ਹਾਂ ਉਹਨਾਂ ਉਦੋਂ "ਅਸੀਸ" ਪੜ੍ਹੀ ਤੇ ਮੈਨੂੰ ਸ਼ਬਦ ਸੁਣਾਇਆ ਸੀ। ਉਹਨਾਂ ਦੇ ਉਹ ਮੂੰਹ ਤੇ ਉਹ ਸਮਾਂ ਮੇਰੀ ਆਤਮਾ ਦਾ ਭਾਗ ਬਣੇ ਹੋਏ ਹਨ।

ਸਵੇਰੇ ਅਨੰਦ ਕਾਰਜ ਹੋਣਾ ਸੀ। ਭਾਈ ਹੀਰਾ ਸਿੰਘ ਫਰੂਕੇ ਵਾਲਿਆਂ ਦੀ ਤਾਰ ਆ ਗਈ ਕਿ ਉਹ ਨਹੀਂ ਆ ਸਕਣਗੇ, ਹੋਰ ਇੱਕ ਰਾਗੀ ਜੱਥਾ ਪਹੁੰਚ ਜਾਵੇਗਾ। ਚੀਫ਼ ਖਾਲਸਾ ਦੀਵਾਨ ਦੇ ਪ੍ਰਸਿੱਧ ਮਿੱਠੇ ਇਨਸਪੈਕਟਰ ਤੇਜਾ ਸਿੰਘ ਜੀ ਮੇਰੇ ਨਾਲ ਕੀਤੇ ਕੌਲ ਉੱਤੇ ਪਹੁੰਚ ਗਏ। ਪਿੰਡ ਵਿੱਚ ਪਹਿਲਾ ਗੁਰ-ਮਰਯਾਦਾ ਅਨੁਸਾਰ ਵਿਆਹ- ਹਰ ਕਿਸੇ ਦੀ ਜ਼ੁਬਾਨ ਉਤੇ ਸੀ। ਸਭ ਕਿਸਮ ਦੇ ਲੋਕ ਵੇਖਣ ਆ ਗਏ।

ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠੇ ਮੇਰੇ ਨਾਲ ਕੁੱਝ ਇਸਤ੍ਰੀਆਂ ਨੇ ਸਿਰ ਤੋਂ ਪੈਰਾਂ ਤੱਕ ਸਾਲੂ ਸੁਭਰਾਂ ਵਿੱਚ ਲਪੇਟੀ, ਹੱਥੋ-ਹੱਥੀਂ ਸਾਂਭੀ, ਅਣਦਿੱਸਦੇ ਪੈਰ ਪੁੱਟਦੀ, ਕਿਸੇ ਨੂੰ ਲਿਆ ਬਿਠਾਇਆ।

ਹੱਥਾਂ ਵਾਲੇ ਪਾਸਿਆਂ ਤੋਂ ਲਮਕਦੇ ਕਲੀਰਿਆਂ ਦੇ ਛੁੱਟ, ਸਿਰ, ਧੌਣ, ਮੋਢਿਆਂ ਦੀ ਕੋਈ ਲਕੀਰ ਨੀਝ ਲਾਇਆਂ ਵੀ ਮੈਨੂੰ ਨਾ ਦਿੱਸੀ।

ਇਨਸਪੈਕਟਰ ਸਾਹਿਬ ਨੇ ਧੀਆਂ ਨਿਮਾਣੀਆਂ ਦੀ ਬੇਚਾਰਗੀ ਦਾ ਉਹ ਨਕਸ਼ਾ ਬੰਨ੍ਹਿਆ- ਕਿਲਿਓਂ ਖੋਲ੍ਹ ਗਊ ਬੇਗਾਨੇ ਹੱਥ ਫੜਾ ਦਿੱਤੀ ਗਈ, ਜਿਸ ਘਰ ਤੂੰ ਏਨਾ ਚਿਰ ਆਪਣਾ ਜਾਤਾ ਉਹ ਹੁਣ ਤੇਰਾ ਨਹੀਂ ਰਿਹਾ, ਇਹਦੇ ਵਿੱਚ ਨਿੱਕੀ ਤੋਂ ਨਿੱਕੀ ਚੀਜ਼ ਉੱਤੇ ਵੀ ਤੇਰਾ ਦਾਅਵਾ ਉਡ ਗਿਐ, ਤੈਨੂੰ ਦਿੱਤੇ ਨਾਲਿਆਂ ਤੱਕ ਦੀ ਗਿਣਤੀ ਵੀ ਸੁਣਾਈ ਜਾਏਗੀ- ਤੇਰੇ ਸੱਭੋ ਸਾਕ ਕੂੜੇ ਹੋ ਗਏ, ਹੁਣ ਤੂੰ ਸਹੁਰਿਆਂ ਨੂੰ ਮਾਪੇ ਜਾਣੀਂ, ਤੇ ਪਤੀ ਨੂੰ ਪਰਮੇਸ਼ਰ ਸਮਝੀ.......

ਉਹ ਸਾਰੇ ਜਿਹੜੇ ਘੜੀ ਕੁ ਹੋਏ ਹੱਸਦੇ ਮਖੌਲ ਕਰਦੇ ਸਨ, ਡੁਸਕਣ ਲੱਗ ਪਏ। ਸਰਦਾਰ ਖੜਕ ਸਿੰਘ ਹੋਰਾਂ ਦੀਆਂ ਪਸੀਜੀਆਂ ਅੱਖਾਂ ਵਿੱਚੋਂ ਸੋਹਣੇ ਦਾੜ੍ਹੇ ਉਤੇ ਚੁਪ ਅੱਥਰੂ ਤ੍ਰਿਪ ਰਹੇ ਸਨ। ਸਰਦਾਰ ਜੀ ਦੀ ਕੋਮਲਤਾ ਸਾਰੀ ਬਰਾਦਰੀ ਦੀ ਚਰਚਾ ਸੀ। ਉਨ੍ਹਾਂ ਅੱਗੇ ਮਾੜਾ ਜਿਹਾ ਦਰਦ ਕਿਸੇ ਸੁਣਾਇਆ ਨਹੀਂ, ਕਿ ਉਨ੍ਹਾਂ ਦੇ ਅੱਥਰੂ ਛੰਮ ਛੰਮ ਵਗੇ ਨਹੀਂ।

ਉਨ੍ਹਾਂ ਵਰਗਾ ਦਿੱਸਣ ਖਾਤਰ ਸਾਡੀ ਬਰਾਦਰੀ ਵਿੱਚ ਹਰ ਮਰਨੇ-ਪਰਨੇ ਤੇ ਸ਼ਬਦ-ਕੀਰਤਨ ਸਮੇਂ ਅੱਥਰੂ ਆਉਣ ਨਾ ਆਉਣ, ਅੱਖਾਂ ਅੱਗੇ ਰੁਮਾਲ ਧਰ ਕੇ ਮਾੜੀ ਜਿਹੀ ਡੁਸਕਣੀ ਸੁਣਨ ਦਾ ਰਿਵਾਜ ਚੱਲ ਪਿਆ ਸੀ। ਜਿਨ੍ਹਾਂ ਦੇ ਸਖਤ ਸਲੂਕੋਂ ਗੁਆਂਢੀ ਡਰਦੇ ਹਰ ਹਰ ਕਰਦੇ ਸਨ, ਉਹ ਵੀ ਸਰਦਾਰ ਜੀ ਵਰਗੇ ਦਰਦਮੰਦ ਜਾਪਣ ਲਈ ਆਪਣੀਆਂ ਸੁੱਕੀਆਂ ਅੱਖਾਂ ਛਿਟਕਣ ਲੱਗ ਪੈਂਦੇ ਸਨ।

ਵਿਆਹ ਵੇਲੇ ਲਾੜਿਆਂ ਦੇ ਘੁੱਟੇ ਵੱਟੇ ਮੂੰਹ ਮੈਨੂੰ ਕਦੇ ਵੀ ਢੁੱਕਦੇ ਨਹੀਂ ਸਨ ਜਾਪੇ, ਮੈਂ ਮਨ ਵਿੱਚ ਧਾਰਿਆ ਹੋਇਆ ਸੀ ਕਿ ਮੂੰਹ ਮਾੜਾ ਬਣਾ ਕੇ ਏਸ ਮੌਕਿਆਂ ਦੇ ਮੌਕੇ ਨੂੰ ਮੈਂ ਖਸਿਆਣਾ ਨਹੀਂ। ਪਰ ਚੁਤਰਫੀਂ ਪਈਆਂ ਉਂਧੀਆਂ ਤੇ ਰੁੰਨੀਆਂ ਅੱਖਾਂ ਨੇ ਮੇਰਾ ਚਾਅ ਵੀ ਗੁਗ੍ਹਾਲ ਦਿੱਤਾ। ਹੱਥੋਂ ਹੱਥੀ ਚੁੱਕੀ ਸਾਲੂਆਂ ਵਿੱਚ ਵਲ੍ਹੇਟੀ ਮੇਰੀ ਸਾਥਣ ਨੇ ਮੇਰੇ ਪਿੱਛੇ ਪਿੱਛੇ ਮੇਰਾ ਪੱਲਾ ਫੜੀ ਚਾਰ ਲਾਵਾਂ ਲਈਆਂ। ਅਸੀਂ ਪਤੀ ਪਤਨੀ ਬਣ ਗਏ।

ਲੌਂਢੇ ਪਹਿਰ ਮੈਨੂੰ ਫੇਰ ਸਾਲੀਆਂ ਨੇ ਬੁਲਾਇਆ। ਬੜੀਆਂ ਖੇਡਾਂ ਖਿਡਾਈਆਂ, ਮੁੱਠ ਖੁਲ੍ਹਾਈ, ਮੇਰੇ ਉਤੇ ਫੁਰਕੜਾ ਮਰਵਾਇਆ, ਆਟੇ ਦੀ ਉਖਲੀ ਮੈਥੋਂ ਆਏ ਦੇ ਮੌਲੇ ਨਾਲ ਛੜਾਈ , ਤੇ ਜਦੋਂ ਉਹਨਾਂ ਚਾਹਿਆ ਕਿ ਮੈਂ ਵਹੁਟੀ ਦੇ ਗਲ ਸੁਹਾਗ-ਸੂਤਰ ਬੰਨ੍ਹਾਂ ਤਾਂ ਲੰਮੇ ਘੁੰਡ ਦੇ ਕੋਲ ਤੱਕ ਸੂਤਰ ਖੜ ਕੇ ਮੈਂ ਹੱਥ ਪਿਛਾਂਹ ਖਿੱਚ ਲਏ।

"ਅਗਾਂਹ ਤਾਂ ਬਿਲਕੁਲ ਹਨੇਰਾ ਏ, ਇਨ੍ਹਾਂ ਦਾ ਗਲ ਮੈਨੂੰ ਲੱਭਣਾ ਨਹੀਂ- ਮਤੇ ਥਾਂ-ਕੁਥਾਂ ਹੀ ਬੰਨ੍ਹ ਧਰਾਂ।"

"ਮਾਂ ਕੋਲੋਂ ਲਾਲਟੈਣ ਨਾਲ ਲੈ ਆਉਣੀ ਸਾਈ," ਕਿਸੇ ਚੰਚਲੋ ਨੇ ਆਖਿਆ ।

ਦੂਜੇ ਦਿਨ ਸਵੇਰ ਪਿੱਛੋਂ ਬਾਹਰਵਾਰ ਬਾਉਲੀ ਦੇ ਕੋਲ ਕਹਾਰ ਡੋਲੀ ਤਿਆਰ ਕਰੀ ਬੈਠੇ ਸਨ। ਜਾਂਞੀ ਤੇ ਮਾਂਞੀ ਤੇ ਪਿੰਡ ਦੇ ਸਨੇਹੀ ਸਭ ਉਥੇ ਪਹੁੰਚ ਗਏ। ਮੇਰੀ ਵਹੁਟੀ ਕੱਲ੍ਹ ਵਾਂਗ ਸਾਲੂ ਸੁਭਰਾਂ ਵਿਚ ਵਲ੍ਹੇਟੀ ਬੇ-ਨਕਸ਼ ਗੰਢ ਤਾਂ ਨਹੀਂ, ਪਰ ਦੂਹਰਾ ਘੁੰਡ ਕੱਢੀ ਕਿਸੇ ਵੱਡੀ ਦੇ ਮੋਢੇ ਲੱਗੀ ਡੁਸਕਦੀ ਆ ਰਹੀ ਸੀ।

ਗੱਡੀ ਉਤੇ ਛੱਡਣ ਆਇਆਂ ਦੀ ਜਾਂ ਆਪਣੀ ਖਲਾਸੀ ਲਈ, ਜੀਕਰ ਅਸੀਂ ਚਾਹੁੰਦੇ ਹਾਂ ਗੱਡੀ ਹੁਣ ਤੁਰ ਹੀ ਪਵੇ, ਓਕਰ ਮੈਂ ਵੀ ਚਾਹੁੰਦਾ ਸਾਂ ਏਥੇ ਕੋਈ ਲੰਮੀ ਰਸਮ ਨਾ ਛੁਹ ਧਰੀ ਜਾਏ।

Sri Satguru Jagjit Singh Ji eLibrary NamdhariElibrary@gmail.com

ਪਰ ਕਿਸੇ ਰਸਮ ਨੇ ਏਦੂੰ ਲੰਮੇਰਾ ਕੀ ਹੋਣਾ ਸੀ, ਕਿ ਮੇਰੀ ਵਹੁਟੀ ਨੇ ਹਰ ਕਿਸੇ ਦੇ ਗਲ ਲੱਗ ਕੇ ਰੋਣਾ ਸ਼ੁਰੂ ਕਰ ਦਿੱਤਾ। ਘੁੰਡ 'ਚੋਂ ਉਹਨੂੰ ਪਤਾ ਤਾਂ ਕੀ ਹੋਣਾ ਸੀ ਕਿ ਗਲ ਚਾਚੀ ਦਾ ਸੀ ਕਿ ਝਿਊਰੀ ਦਾ, ਭਰਜਾਈ ਦਾ ਸੀ ਕਿ ਮਿਰਾਸਣ ਦਾ, ਪਰ ਹਰ ਗਲ-ਲਗਣੀ ਉਤੇ ਓਸ ਨੇ ਇੱਕੋ ਜਿੰਨੀਆਂ ਚੀਕਾਂ ਮਾਰੀਆਂ।

ਮੈਨੂੰ ਉਹਦੇ ਉਤੇ ਤਰਸ ਵੀ ਆਵੇ -ਉਹਦਾ ਘੁੰਡ ਸਾਰਾ ਗੱਚ ਹੋ ਗਿਆ ਸੀ। ਤੇ ਮੈਨੂੰ ਅਫ਼ਸੋਸ ਵੀ ਆਵੇ- ਕਿ ਉਹਨੂੰ ਮੇਰੇ ਨਾਲ ਜਾਣ ਦੀ ਜ਼ਰਾ ਵੀ ਕਾਹਲ ਨਹੀਂ ।

ਓੜਕ ਉਹ ਡੋਲੀ ਵਿੱਚ ਬਹਿ ਗਈ। ਦੋਹਾਂ ਪਾਸਿਆਂ ਦੇ ਪਰਦੇ ਮੇਲ ਦਿੱਤੇ ਗਏ- ਬਹਾਰ ਭਾਵੇਂ ਅਪ੍ਰੈਲ ਦੀ ਸੀ।

ਚੌਹ ਕਹਾਰਾਂ ਨੇ ਡੋਲੀ ਮੋਢਿਆਂ ਉਤੇ ਧਰ ਲਈ।

ਮੇਰੇ ਬਾਪੂ ਜੀ ਨੇ ਇੱਕ ਮੁੱਠ ਨਿੱਕੀ ਜਿਹੀ, ਦੁਆਨੀਆਂ, ਚੁਆਨੀਆਂ, ਅਠਿਆਨੀਆਂ ਤੇ ਰੁਪਈਆਂ ਦੀ ਡੋਲੀ ਉਤੋਂ ਸੁੱਟੀ। ਫੇਰ ਕਈ ਭਰਵੀਆਂ ਧੇਲਿਆਂ ਪੈਸਿਆਂ ਦੀਆਂ ਸੁੱਟੀਆਂ। ਪਿੰਡ ਦੀ ਸਾਰੀ ਗੁਰਬਤ ਡੋਲੀ ਦੇ ਅੱਗੇ ਪੈਸਿਆਂ ਦੇ ਛੱਟੇ ਵੱਲ ਮੂੰਹ ਚੁੱਕੀ ਤੁਰੀ ਜਾ ਰਹੀ ਸੀ। ਘੱਟੇ ਵਿੱਚੋਂ ਡਿੱਗੇ ਪੈਸੇ ਚੁਣਨ ਲਈ ਆਪਣੇ ਅੱਗੇ ਹੀ ਪਾਟੇ ਝੱਗੇ ਗਰੀਬਾਂ ਨੇ ਹੋਰ ਲੰਗਾਰ ਲਏ।

ਇੱਕ ਅੱਧ ਰੁਪਈਆ ਕਿਸੇ ਚਿੱਟ-ਕੱਪੜੀਏ ਦੇ ਲਾਗੇ ਵੀ ਜਾ ਡਿੱਗਾ, ਅੱਖ ਬਚਾ ਕੇ ਓਸ ਉਹਦੇ ਉਤੇ ਪੈਰ ਧਰ ਲਿਆ। ਲੁੱਟਣ ਦਾ ਹੱਕ ਰੱਖਣ ਵਾਲੇ ਕਿਸੇ ਪਾਟੇ ਝੱਗੇ ਵਾਲੇ ਨੇ ਆਪਣੇ ਕਾਹਲੇ ਹੱਥਾਂ ਨਾਲ ਉਹਦਾ ਪੈਰ ਪਰ੍ਹਾਂ ਹਟਾਣਾ ਚਾਹਿਆ, ਪਰ

"ਹੱਟ ਪਰ੍ਹਾਂ, ਭਿਟ ਨਾ ਦੇਈਂ,
"ਚਿੱਟ-ਕੱਪੜੀਆ ਗੱਜਿਆ।

ਓਦੋਂ ਮੈਨੂੰ ਜਾਪਿਆ ਸੀ, ਏਉਂ ਹੀ ਹੁੰਦਾ ਹੈ, ਪਰ ਅੱਜ ਮਨੁੱਖ ਨੂੰ ਏਸ ਤਰ੍ਹਾਂ ਰੁਲਦਿਆਂ ਰੱਖਣ ਵਾਲੀ ਸੱਭਿਅਤਾ ਦਾ ਭਾਗ ਹੋਣੋਂ ਮੈਂ ਸ਼ਰਮਾ ਰਿਹਾ ਹਾਂ।

ਬਾਬਲ ਦੀ ਜੂਹ ਟੱਪੀ ਗਈ। ਪੇਕੇ ਮੁੜ ਗਏ। ਜਾਂਞੀ ਬੰਬੂ-ਕਾਟਾਂ ਵਿੱਚ ਬਹਿ ਗਏ। ਮੈਂ ਵੀ ਘੋੜੀ ਉਤੇ ਪਲਾਕੀ ਮਾਰ ਲਈ। ਕਹਾਰ ਛਪਾ ਛਪ ਪੈਰ ਪੁੱਟਣ ਲੱਗ ਪਏ। ਉਨ੍ਹਾਂ ਦੇ ਮੋਢਿਆਂ ਉਤੇ ਡੋਲੀ ਖੰਭ ਮਾਰਦੇ ਪੰਛੀ ਵਾਂਗ ਝੂਲਣ ਲੱਗ ਪਈ।

ਮੇਰੇ ਮਨ ਵਿੱਚ ਕਈ ਨਕਸ਼ੇ ਖਿੱਚੇ ਜਾ ਰਹੇ ਸਨ; ਨੇੜੇ ਦੇ ਪਿੰਡਾਂ ਤੋਂ ਜਦੋਂ ਲੰਘ ਜਾਵਾਂਗੇ; ਘੋੜੀ ਉਤੇ ਚੜ੍ਹੇ ਦੀ ਉਚਾਈ ਐਨ ਡੋਲੀ ਵਿੱਚ ਬੈਠੀ ਜਿੰਨੀ ਸੀ, ਮੇਰੇ ਪਾਸੇ ਦਾ ਪਰਦਾ ਉਹ ਮਲਕੜੇ ਚੁੱਕ ਛੱਡੇਗੀ, ਹੇਠੋਂ ਕਹਾਰਾਂ ਨੂੰ ਕੁਝ ਦਿੱਸਦਾ ਨਹੀਂ, ਪੈਲੀਆਂ ਵਿੱਚ ਕੰਮ ਕਰਦੇ ਕਿਸਾਨਾਂ ਅੱਗੇ ਘੋੜੀ ਤੇ ਮੇਰਾ ਓਹਲਾ ਹੋਵੇਗਾ। ਬੋਲਾਂਗੇ ਭਾਵੇਂ ਨਹੀਂ -ਕਹਾਰ ਨਾ ਮਾੜਾ ਜਾਚਣ, ਪਰ ਮੈਂ ਤੱਕਾਂਗਾ, ਓਸ ਤਰ੍ਹਾਂ ਤੱਕਾਂਗਾ.... ...ਤੇ ਮੇਰਾ ਚੁੱਪ ਮੂੰਹ ਉਹਨੂੰ ਕਿੰਨਾ ਕੁੱਝ ਦੱਸੇਗਾ।

ਚੌਰਸਤਾ ਲੰਘ ਗਿਆ, ਆਲੋਮਾਰ ਲੰਘ ਗਿਆ, ਘੁੰਏਕੀ ਵੀ ਪਿਛਾਂਹ ਰਹਿ ਗਏ, ਸ਼ਹਿਰ ਹੁਣ ਬਹੁਤੀ ਦੂਰ ਨਾ ਰਹਿ ਗਿਆ ।

ਆੜ੍ਹਾ ਵੀ ਆ ਗਿਆ। ਪਰ ਡੋਲੀ ਦਾ ਕੋਈ ਪਰਦਾ ਨਾ ਸਰਕਿਆ, ਨਾ ਮੈਨੂੰ ਅੰਦਰੋਂ ਕੋਈ ਹਿਲਜੁਲ ਹੀ ਸੁਣਾਈ ਦਿੱਤੀ, ਮੈਂ ਖੰਘੂਰੇ ਮਾਰੇ, ਮੈਂ ਹਉਕੇ ਭਰੇ, ਅੰਦਰੋਂ ਹੁੰਗਾਰਾ ਕੋਈ ਨਾ ਆਇਆ ।

ਮੈਂ ਉਦਾਸ ਹੋ ਗਿਆ। ਸਭ ਨਕਸ਼ਿਆਂ ਉਤੇ ਲਕੀਰ ਫਿਰ ਗਈ। ਘੋੜੀ ਨੂੰ ਅੱਡੀ ਲਾ ਕੇ ਮੈਂ ਸ਼ਹਿਰ ਪਹੁੰਚ ਗਿਆ।

"ਡੋਲਾ ਕਿਥੇ ਈ ਕਾਕਾ?" ਘਬਰਾਈ ਮਾਂ ਨੇ ਗਲ ਲਾ ਕੇ ਪੁੱਛਿਆ ।

"ਅਜੇ ਤਿੰਨ ਮੀਲਾਂ ਤੇ ਹੋਵੇਗਾ।"

"ਫੇਰ ਤੈਨੂੰ ਪੁੱਤਰਾ ਕਾਹਦੀ ਕਾਹਲੀ ਪੈ ਗਈ ਸੀ? ਜਾ, ਮੁੜ ਜਾ, ਡੋਲੇ ਬਿਨਾਂ ਘਰ ਨਹੀਂ ਆਵੀਦਾ।"

ਜੀਅ ਨਹੀਂ ਸੀ ਕਰਦਾ, ਪਰ ਘੋੜੀ ਉਤੇ ਚੜ੍ਹ ਮੈਂ ਪਿਛਾਂਹ ਪਰਤ ਪਿਆ। ਤੇ ਘੁੱਟੀ ਵਲ੍ਹੇਟੀ ਡੋਲੀ ਦੇ ਨਾਲ ਨਾਲ ਕੁੜ੍ਹਦਾ ਤੁਰੀ ਆਇਆ।

ਬੂਹੇ ਅੱਗੇ ਡੋਲੀ ਲੱਥੀ। ਸਾਰਾ ਮਹੱਲਾ ਵੇਖਣ ਆਇਆ। ਸਰਵਾਰਨੇ ਹੋਏ, ਕੁੰਭ ਵਿੱਚ ਰੁਪਈਆ ਧਰਿਆ, ਦਲ੍ਹੀਜਾਂ ਉਤੇ ਤੇਲ ਚੋਇਆ ਗਿਆ- ਮੇਰੀ ਛੋਟੀ ਭੈਣ ਆਪਣੀ ਉਮਰ ਨਾਲ ਤਕਤੀ ਤੇ ਚਾਅਵਾਂ ਭਰੀ ਸੀ- ਇੱਕ ਸਾਡਾ ਮਾਸਤ ਉਹਨੂੰ "ਗੈਰਜਾਂ ਜੱਟੀ" ਆਖਿਆ ਕਰਦਾ ਸੀ, ਛੋਟੀ ਨਨਾਣ ਨੇ ਭਰਜਾਈ ਨੂੰ ਕੁੱਛੜ ਚੁੱਕ ਲਿਆ।

ਮੈਂ ਠਾਕਦਾ ਹੀ ਰਿਹਾ, ਪਰ ਉਹ ਚੁੱਕੀ ਚੁੱਕੀ ਦੋ ਮੰਜ਼ਿਲਾਂ ਚੜ੍ਹ ਕੇ ਉਤੇ ਜਾ ਅਪੜੀ, ਸਾਹ ਚੜ੍ਹੀ ਨੇ ਭਾਰ ਭੁੰਜੇ ਲਾਹ ਕੇ ਆਖਿਆ ,"ਭਰਾ ਜੀ ਤੁਸੀਂ ਕੀ ਕਰਦੇ ਸੌ- ਨਵੀਆਂ ਵਿਆਹੀਆਂ ਨੂੰ ਪਹਿਲੀ ਤੁਰਨੀ ਆਪਣੇ ਪੈਰੀਂ ਕੋਈ ਤੋਰਦੈ?"

ਮੂੰਹ-ਵਖਾਲੇ ਦੀ ਰਸਮ ਲਈ ਸਾਰਾ ਘਰ ਭਰ ਗਿਆ, ਮੈਂ ਮਨ ਵਿੱਚ ਆਖਾਂ, ਵਿਆਹ ਇਨ੍ਹਾਂ ਦਾ ਹੋਇਐ ਕਿ ਮੇਰਾ।

ਸ਼ੁਕਰ ਸ਼ੁਕਰ ਕਰਦਿਆਂ ਦਿਨ ਲੱਥਾ। ਘਰ ਵਿੱਚ ਕੁੱਝ ਵਿਹਲ ਹੋਈ। ਆਪਣੀ ਨਿਰਾਸਤਾ ਨੂੰ ਫੇਰ ਫੋਲ ਫਾਲ ਕੇ ਮੈਂ ਆਸ ਦਾ ਕੋਈ ਚੰਗਿਆੜਾ ਢੂੰਡਣ ਦੀ ਕੋਸ਼ਿਸ਼ ਕੀਤੀ।

ਤਦੇ ਮੈਂ ਵੇਖਿਆ ਕਿ ਮੇਰੀ ਵਹੁਟੀ ਨੇ ਉਹਦੇ ਨਾਲ ਆਈ ਨੈਣ ਦੇ ਕੰਨ ਵਿੱਚ ਕੁਝ ਆਖਿਆ, ਤੇ ਨੈਣ ਨੇ ਮੇਰੀ ਮਾਂ ਨੂੰ ਆਖਿਆ - "ਆਪਣੇ ਘਰ ਵਿੱਚ ਬੀਬੀ ਸਾਡੀ ਲਾਡਲੀ ਜੂ ਸੀ -ਚਾਚੀਆਂ ਭਾਬੀਆਂ ਕਦੇ ਇਹਨੂੰ ਇਕੱਲਿਆਂ ਸੌਣ ਨਹੀਂ ਦਿੱਤਾ - ਕਾਕੇ ਦੀ ਭੈਣ ਨੂੰ ਕਹਿ ਦੇਣਾ, ਅੱਜ ਰਾਤ ਉਹ ਇਹਦੇ ਨਾਲ ਸੌਂ ਰਹੇ।

ਮੇਰੀ ਮਾਂ ਨੇ ਹੱਸ ਕੇ "ਹੱਛਾ" ਆਖ ਦਿੱਤਾ। ਮੈਂ ਓਸ ਵੇਲੇ ਕਮਰਿਆਂ ਵਿੱਚ ਲੰਪ ਬਾਲ ਰਿਹਾ ਸਾਂ।

ਡੱਬੀ ਮੇਰੇ ਹੱਥੋਂ ਡਿੱਗ ਪਈ।

ਓਥੇ ਹੀ ਛੱਡ ਕੇ ਮੈਂ ਕੋਠੇ ਉਤੇ ਜਾ ਚੜ੍ਹਿਆ ਤੇ ਉਤੇ ਵਿਛੀਆਂ ਮੰਜੀਆਂ 'ਚੋਂ ਇੱਕ ਉਤੇ ਲੰਮਾ ਪੈ ਗਿਆ। ਥਕਾਵਟ ਦਾ ਪੱਜ ਪਾ ਕੇ ਰੋਟੀਓਂ ਵੀ ਨਾਂਹ ਕਰ ਦਿੱਤੀ, ਤੇ ਜਿਹੜਾ ਮੋਤੀਏ ਦਾ ਹਾਰ ਮੈਂ ਦੋਂਹ ਦਰਵਾਜ਼ਿਓਂ ਦੂਣਾ ਮੁੱਲ ਦੇ ਕੇ ਪੁਰਵਾ ਕੇ ਲਿਆਇਆ

Sri Satguru Jagjit Singh Ji eLibrary NamdhariElibrary@gmail.com

ਮੇਰਾ ਬੇ-ਫ਼ੈਸਲਾ...

ਸਾਂ, ਉਹ ਮੈਂ ਇੱਕ ਪਾਸੇ ਵਿਛੌਣੇ ਹੇਠਾਂ ਕਰ ਛੱਡਿਆ।

ਮੇਰੀ ਉਦਾਸੀ ਦੀ ਕੋਈ ਹੱਦ ਨਾ ਰਹੀ। 'ਵਾਜਾਂ ਬੰਦ ਹੋ ਗਈਆਂ, ਜਿਉਂ ਸਾਰਾ ਘਰ ਸੌਂ ਗਿਆ ਸੀ- ਮੈਨੂੰ ਨਹੀਂ, ਪਰ ਮੇਰੀ ਆਸ ਨੂੰ ਵੀ ਘੂਕ ਨੀਂਦਰ ਆ ਗਈ।

ਓਸੇ ਘੜੀ ਦੱਬੇ ਪੈਰੀਂ, ਮੇਰੀ ਭੈਣ ਮੇਰੇ ਕੋਲ ਆਈ।

"ਤੁਸੀਂ ਜਾਓ ਭਰਾ ਜੀ -ਨਿੱਕੀ ਬੈਠਕ ਵਿੱਚ।"

"ਪਰ ਉਹ ਤਾਂ ਇਕੱਲੀ ਸੌਂ ਨਹੀਂ ਸਕਦੀ!"

"ਜਾਓ ਵੀ!" ਭੈਣ ਨੇ ਮੇਰੇ ਕੰਨ ਵਿੱਚ ਜ਼ਰਾ ਜ਼ੋਰ ਨਾਲ ਆਖਿਆ- "ਕੁੜੀਆਂ ਏਸੇ ਤਰਾਂ ਹੀ ਆਂਹਦੀਆਂ ਹੁੰਦੀਆਂ ਨੇ।"

"ਤੇ ਓਸ ਤੈਨੂੰ ਆਉਣ ਕੀਕਰ ਦਿੱਤਾ?"

"ਉਨ੍ਹਾਂ ਨੇ ਅੱਖਾਂ ਮੀਟ ਲਈਆਂ, ਥੱਕੇ ਹੋਏ ਦਿੱਸਦੇ ਸਨ- ਪਰ ਮੈਨੂੰ ਪਤੈ ਉਹ ਸੁੱਤੇ ਕੋਈ ਨਹੀਂ।"

ਅੱਖਾਂ ਠੀਕ ਮੀਟੀਆਂ ਹੋਈਅਖ ਸਨ। ਮੈਂ ਹੌਲੀ ਜਿਹੀ ਬੁਲਾਇਆ। ਛਪ ਉਠ ਕੇ ਉਸ ਘੁੰਡ ਕੱਢ ਲਿਆ। ਕੋਲ ਬਹਿ ਕੇ ਘੁੰਡ ਲਾਹੁਣ ਲਈ ਮੈਂ ਆਖੀ ਜਾਵਾਂ ਪਰ ਉਹਦਾ ਜਵਾਬ ਇੱਕੋ ਸੀ- "ਤੁਸੀਂ ਆਪੇ ਲਾਹ ਲਵੋ।"

"ਇਹ ਮੇਰੀ ਆਦਤ ਨਹੀਂ - ਕਿਸੇ ਦੀ ਮਰਜ਼ੀ ਜਾਣੇ ਬਿਨਾਂ ਅੱਜ ਤੱਕ ਮੈਂ ਆਪਣੀ ਮਰਜ਼ੀ ਨਹੀਂ ਕਰ ਸਕਿਆ।"

"ਪਰ ਮੈਂ ਆਪ ਤਾਂ ਘੁੰਡ ਲਾਹੁਣਾ ਨਹੀਂ।" ਮੈਂ ਬੜੇ ਨਿਹੋਰੇ ਸੁੱਟੇ, ਉਹਦਾ ਪਿਆਰ-ਚਾਅ ਛੁਟਿਆਇਆ -ਆਪਣਾ ਪਿਆਰ-ਫ਼ਲਸਫ਼ਾ ਛਾਂਟਿਆ, ਪਰ ਉਹ ਸਿੱਧੀ ਪਧਰੀ ਜਵਾਨੀ ਚੜ੍ਹੀ ਕੁੜੀ ਸੀ, ਭਾਵੇਂ ਮੈਥੋਂ ਵੱਡੀ ਸਿਰਫ ਇੱਕੋ ਹਫ਼ਤਾ ਸੀ, ਪਰ ਜਵਾਨੀ ਬਾਰੇ ਉਹਦੀ ਸੂਝ ਮੇਰੇ ਨਾਲੋਂ ਦੋ ਵਰ੍ਹੇ ਵੱਡੀ ਸੀ।

"ਆਹ ਹਾਰ ਮੈਂ ਤੇਰੇ ਲਈ ਪੁਰਵਾ ਕੇ ਲਿਆਇਆ ਹਾਂ।"

"ਫੇਰ ਪਾ ਦਿਓ ਮੇਰੇ ਗਲ 'ਚ।"

"ਤੂੰ ਗਲ ਆਪਣਾ ਮੈਨੂੰ ਵੇਖ ਲੈਣ ਦੇ।"

"ਮੈਂ ਕੋਈ ਮਨ੍ਹਾਂ ਕੀਤੈ?"

"ਫੇਰ ਤੂੰ ਘੁੰਡ ਕਿਉਂ ਨਹੀਂ ਲਾਂਹਦੀ।"

"ਇਹ ਤੁਸੀਂ ਆਪੇ ਲਾਹੋ।"

ਮੈਂ ਅੱਲੜ੍ਹ ਓਸ ਬੋਲੀ ਵਿੱਚ ਲੁਕੀ ਆਪਣੀ ਆਸ ਨਾ ਪਛਾਣ ਸਕਿਆ, ਤੇ ਨਿਰਾਸ ਹੋ ਕੇ ਗੁੱਸੇ ਹੱਥੋਂ ਠਗਿਆ ਗਿਆ। ਉਹ ਚਾਈਂ-ਚੁਣਿਆ ਹਾਰ ਮੈਂ ਬਾਰੀ ਵਿੱਚੋਂ ਹੇਠਾਂ ਸੁੱਟ ਪਾਇਆ। ਉਹ ਹੱਕੀ ਬੱਕੀ ਹੋ ਗਈ। ਘੁੰਡ ਓਸ ਹੁਣ ਆਪੇ ਚੁੱਕ ਦਿੱਤਾ।

"ਆਹ ਕੀ ਤੁਸਾਂ ਕੀਤਾ?"

ਮੈਂ ਹੇਠਾਂ ਗਲੀ ਵਿੱਚ ਤੱਕਿਆ। ਰਾਤ ਚਾਨਣੀ ਸੀ। ਮੇਰਾ ਹਾਰ ਗਲੀ ਵਿੱਚ ਬੱਧੀ ਖਨੇ ਸ਼ਾਹ ਦੀ ਮੱਝ ਦੇ ਸਿੰਗਾਂ ਉਤੇ ਜਾ ਅਟਕਿਆ ਸੀ।

"ਹੋਰ ਮੈਂ ਕਰਦਾ ਕੀ? ਤੇਰਾ ਦਿਲ ਮੈਨੂੰ ਵੇਖਣ ਨੂੰ ਕਰਦਾ ਜੂ ਨਹੀਂ ਸੀ।"

"ਮੇਰੀਆਂ ਸਹੇਲੀਆਂ ਮੈਨੂੰ ਪੱਕੀ ਕੀਤੀ ਸੀ- ਘੁੰਡ ਆਪੀਂ ਨਹੀਂ ਲਾਹੁਣਾ- ਮਰਦ ਦੇ ਲਾਹੁਣ ਵਿੱਚ. ."

"ਓਹ-ਓਹ-! ਮੈਂ ਸ਼ਰਮਿੰਦਾ ਹੋ ਗਿਆ, ਤੇ ਸਾਡੀ ਸੁਲਾਹ ਹੋ ਗਈ। ਮੇਰਾ ਖਿਆਲ ਸੀ, ਮੈਂ ਗੱਲਾਂ ਬੜੀਆਂ ਚੰਗੀਆਂ ਕਰਨ ਜਾਣਦਾ ਹਾਂ, ਪਰ ਛੁਹ ਧਰੀਆਂ ਗੱਲਾਂ ਮੈਂ ਮਖਣੀ ਦੀਆਂ। ਮੇਰੀ ਵਹੁਟੀ ਨੇ ਉਬਾਸੀ ਲਈ, ਜਿੰਨੀ ਲੰਮੀ ਕਹਾਣੀ ਕਰਦਾ ਗਿਆ, ਓਡੀ ਲੰਮੀ ਉਹਦੀ ਉਬਾਸੀ ਹੁੰਦੀ ਗਈ।

ਹਾਰ ਕੇ ਉਸ ਇੱਕ ਤਜਵੀਜ਼ ਮੇਰੇ ਸਾਹਮਣੇ ਰੱਖੀ, "ਤੁਸੀਂ ਆਦਮੀ ਹੋ, ਦਿਨੇ ਸੁੱਤਿਆਂ ਤੁਹਾਡੀ ਕਿਸੇ ਗੱਲ ਨਹੀਂ ਚੁੱਕਣੀ, ਪਰ ਮੈਂ ਜੇ ਜ਼ਰਾ ਉਂਘਲਾਈ ਵੀ ਤਾਂ ਕੁੜੀਆਂ ਮੈਨੂੰ ਜੀਉਣ ਨਹੀਂ ਦੇਣਾ। ਸਿਰਫ਼ ਦੋ ਘੰਟੇ ਜੇ ਮੈਨੂੰ ਸੌਂ ਲੈਣ ਦਿਓ।"

ਗੱਲ ਉਹਦੀ ਮੈਨੂੰ ਜਚ ਗਈ। ਮੈਂ ਮੰਨ ਲਿਆ। ਉਹ ਸੌਂ ਗਈ। ਮੈਂ ਹੌਲੀ ਹੌਲੀ ਪੱਖਾ ਕਰਦਾ ਰਿਹਾ।

ਦੋ ਘੰਟੇ ਬੀਤ ਗਏ। ਉਹ ਆਪ ਕਿਉਂ ਨਹੀਂ ਉਠੀ- ਮੈਨੂੰ ਗਿਲਾ ਆਇਆ। ਮੈਂ ਜਗਾਇਆ ਨਾ, ਪੰਦਰਾਂ ਮਿੰਟ ਉਤੇ ਹੋ ਗਏ। ਓਸ ਅੱਖਾਂ ਖੋਲ੍ਹੀਆਂ। ਮੇਰੇ ਨਾ ਜਗਾਣ ਦਾ ਹਿਰਖ ਕੀਤਾ।

ਉਹ ਰਾਤ ਗੁਜ਼ਰ ਗਈ। ਓਸੇ ਤਰ੍ਹਾਂ ਚਾਰ ਹੋਰ ਗੁਜ਼ਰ ਗਈਆਂ। ਯਾਰ ਦੋਸਤ ਹੀ ਨਹੀਂ, ਸਿਆਣੇ ਬਿਆਣੇ ਬਾਬੇ ਵੀ ਯਾਦੋਂ ਮਿਟ ਮਿਟ ਜਾਂਦੀਆਂ ਆਪਣੀਆਂ ਮਿਲਣੀਆਂ ਦਾ ਮੇਰੀ ਮਿਲਣੀ ਦਾ ਹਾਲ ਪੁਛ ਪੁਛ ਸੁਆਦ ਲੈਣਾ ਚਾਹੁੰਦੇ ਸਨ, ਪਰ ਮੇਰੀਆਂ ਆਰਲੀਆਂ ਪਾਰਲੀਆਂ ਸੁਣ ਕੇ ਉਹ ਮੈਨੂੰ ਠਿੱਠ ਕਰਨ ਲਗ ਪੈਂਦੇ।

"ਛੱਡ ਓਏ ਮੁੰਡਿਆ, ਤੇਰਾ ਵਿਆਹ ਤਾਂ ਹੋਣਾ ਨਹੀਂ ਸੀ ਚਾਹੀਦਾ।"

ਤੇ ਉਹ ਮੈਨੂੰ ਮਰਦ ਬਣਨ ਲਈ ਪੱਕੀਆਂ ਕਰਦੇ, ਪਰ ਜਦੋਂ ਵੇਲਾ ਆਉਂਦਾ ਇਹੋ ਸੋਚ ਮੈਨੂੰ ਆ ਟੋਕਦੀ- "ਇਹ ਕੀ ਆਖੇਗੀ? ਇਹ ਚੰਗਾ ਮੁੰਡਾ ਕੋਈ ਨਹੀਂ? ਗੱਲਾਂ ਤਾਂ ਸੁੱਚੇ ਪਿਆਰਾਂ ਦੀਆਂ ਮਾਰਦੈ।"

ਨੌਂ ਦਿਨ ਉਹ ਸਾਡੇ ਘਰ ਰਹੀ। ਨੌਂ ਰਾਤਾਂ ਉਹ ਮੇਰੇ ਕੋਲ ਵੀ ਰਹੀ। ਨਵੀਆਂ ਵਿਆਹੀਆਂ ਵਹੁਟੀਆਂ ਨਾਲ ਦਿਨੇ ਗੱਲ ਕਰਨ ਦਾ ਰਿਵਾਜ ਅਜੇ ਚੱਲਿਆ ਨਹੀਂ ਸੀ।

ਦਸਵੇਂ ਦਿਨ ਉਨ੍ਹਾਂ ਦੇ ਪਿੰਡੋਂ ਆਏ ਭਗਤ ਜੀ ਦੇ ਟਾਂਗੇ ਵਿੱਚ ਬੈਠੇ ਅਸੀਂ ਜਾਮਕੀ ਜਾ ਰਹੇ ਸਾਂ। ਭਗਤ ਹੋਰਾਂ ਕੋਲੋਂ ਸੰਗਦਿਆਂ ਅਸਾਂ ਗੱਲਾਂ ਬਾਤਾਂ ਕੀ ਕਰਨੀਆਂ ਸਨ।

"ਕੋਈ ਨਵੇਂ ਵਿਆਹੇ ਹੀ ਹੋਣਗੇ- ਨਹੀਂ ਤਾਂ ਹੁਣੇ ਲੰਘੇ ਟਾਂਗੇ ਵਾਂਗ ਇਹ ਵੀ ਤੁਰਿਆ ਨਾ ਹੁੰਦਾ?"

ਵਿਆਹੇ ਹੋਏ ਦੋਵੇਂ ਕੁਆਰੇ ਅਸੀਂ ਆਪੋ ਆਪਣੀਆਂ ਸੋਚਾਂ ਸੋਚੀ ਜਾ ਰਹੇ ਸਾਂ। ਉਹਦੀ ਸੋਚ ਦਾ ਮੈਨੂੰ ਪਤਾ ਨਹੀਂ, ਆਪਣੀ ਮੈਨੂੰ ਚੰਗੀ ਤਰ੍ਹਾਂ ਯਾਦ ਹੈ -

"ਸਹੁਰੇ ਘਰ ਇਹਦੇ ਨਾਲ ਸੁੱਤੀ ਕਿਸੇ ਭੈਣ ਨੇ ਇਹਦੇ ਨਾਲੋਂ ਉਠ ਕੇ ਵੀ ਨਹੀਂ ਆਉਣਾ।"

ਦੂਜੇ ਦਿਨ ਹੀ ਮੈਂ ਮੁੜ ਪਿਆ ਤੇ ਮਨ ਵਿੱਚ ਆਂਹਦਾ ਸਾਂ -ਐਵੇਂ ਹੀ ਆਪਣੇ ਚੰਗੇ ਚਾਚਾ ਜੀ ਨੂੰ ਨਰਾਜ਼ ਕਰ ਲਿਆ ।

Sri Satguru Jagjit Singh Ji eLibrary NamdhariElibrary@gmail.com

ਗਿਆਨ ਯੁਗ

...ਸੂਈਆਂ ਬਨਾਉਣ ਦੇ ਢੰਗ ਤੋਂ ਲੈ ਕੇ ਤੋਪਾਂ ਢਾਲੇ ਜਾਣ ਤੱਕ ਦਾ ਢੰਗ...

"ਤੈਨੂੰ Descartes ਚੇਤੇ ਹੈ?"

"'ਮੈਂ ਸੋਚਦਾ ਹਾਂ ਇਸ ਲਈ ਮੈਂ ਹਾਂ'?"

"ਜਿੱਥੋਂ ਤੱਕ ਸਾਡੇ ਆਪਣੇ ਸਿਲਸਿਲੇਵਾਰ ਸ਼ੱਕ ਦਾ ਸਵਾਲ ਹੈ, ਇਸ ਵੇਲੇ ਤਾਂ ਅਸੀਂ ਐਨ ਓਸੇ ਸ਼ੁਰੂ ਵਿਚ ਹੀ ਖਲੋਤੇ ਹੋਏ ਹਾਂ। ਹੋ ਸਕਦਾ ਹੈ ਕਿ ਗੱਲ ਇਹ ਨਿੱਕਲੇ ਕਿ ਅਸੀਂ ਸੋਚਾਂ ਹਾਂ, ਅਤੇ ਇਹ ਸੋਚਣ ਤੋਂ ਬਹੁਤ ਵੱਖਰੀ ਚੀਜ਼ ਹੁੰਦੀ ਹੈ। ਇਹ ਮੰਨ ਲੈਣ ਲਈ ਕਾਫ਼ੀ ਚੰਗੀ ਵਜ੍ਹਾ ਮੌਜੂਦ ਹੈ ਕਿ ਅਸੀਂ ਸਿਰਫ਼ ਅਤੇ ਸਿਰਫ਼ ਹਿਲਡੇ ਦੇ ਪਿਤਾ ਦੀ ਲੱਭੀ-ਬਣਾਈ ਕੋਈ ਚੀਜ਼ ਹੀ ਹੋਈਏ, ਸਿਰਫ਼ ਇਸ ਲਈ ਬਣੇ ਕਿਓਂਕਿ ਉਸ ਨੇ ਲਿੱਲੇਸੈਂਡ ਦੇ ਉਸ ਮੇਜਰ ਦੀ ਧੀ ਦਾ ਉਸਦੇ ਜਨਮਦਿਨ ਵਾਲੇ ਦਿਨ ਇੱਕ ਤਰ੍ਹਾਂ ਨਾਲ ਜੀਅ ਲਾਉਣਾ ਸੀ। ਦਿਸਿਆ ਤੈਨੂੰ ਇਹ?"

"ਹਾਂ...."

"ਪਰ ਇਸੇ ਵਿਚ ਹੀ ਇੱਕ ਬਹਿਸ ਵਾਲੀ ਗੱਲ ਵੀ ਤਾਂ ਹੈ। ਜੇ ਅਸੀਂ ਕਹਾਣੀ ਹੀ ਹਾਂ ਅਤੇ ਅਸਲੀਅਤ ਨਹੀਂ, ਤਾਂ ਸਾਨੂੰ ਕੁਝ ਵੀ 'ਮੰਨਣ' ਦਾ ਹੱਕ ਹੀ ਨਹੀਂ ਹੈ। ਓਸ ਹਾਲਤ ਵਿਚ ਤਾਂ ਟੈਲੀਫ਼ੋਨ 'ਤੇ ਸਾਡੀ ਇਹ ਸਾਰੀ ਗੱਲਬਾਤ ਪੂਰੀ ਤਰ੍ਹਾਂ ਖ਼ਿਆਲੀ ਹੀ ਹੈ।"

"ਅਤੇ ਸਾਡੀ ਨਿੱਕੀ ਜਿੰਨੀ ਵੀ ਮਰਜ਼ੀ ਨਹੀਂ ਚੱਲਦੀ ਕਿਓਂਕਿ ਇਹ ਤਾਂ ਮੇਜਰ ਹੀ ਹੈ ਜੋ ਉਹ ਸਭ ਕੁਝ ਵਿਓਂਤਦਾ ਹੈ ਜੋ ਅਸੀਂ ਕਹਿੰਦੇ ਜਾਂ ਕਰਦੇ ਹਾਂ। ਤਾਂ ਭਾਵੇਂ ਅਸੀਂ ਫ਼ੋਨ ਰੱਖ ਹੀ ਦਈਏ।"

"ਨਹੀਂ, ਹੁਣ ਤੂੰ ਸਭ ਕੁਝ ਨੂੰ ਜ਼ਿਆਦਾ ਹੀ ਘਟਾਅ ਕੇ ਵਿਖਾਅ ਰਹੀ ਹੈਂ।"

"ਸਮਝਾਓ, ਫੇਰ।"

"ਕੀ ਤੂੰ ਦਾਅਵੇ ਨਾਲ ਕਹਿ ਸਕਦੀ ਹੈਂ ਕਿ ਲੋਕਾਂ ਉਹ ਸਭ ਵਿਓਂਤਿਆ ਹੁੰਦਾ ਹੈ ਜੋ ਉਹ ਸੁਫ਼ਨੇ ਵਿਚ ਦੇਖਦੇ ਹਨ? ਹੋ ਸਕਦਾ ਹੈ ਕਿ ਹਿਲਡੇ ਦੇ ਪਿਤਾ ਨੂੰ ਸਭ ਪਤਾ ਹੁੰਦਾ ਹੈ ਜੋ ਅਸੀਂ ਕਰਦੇ ਹਾਂ। ਹੋ ਸਕਦਾ ਹੈ ਕਿ ਜਿਵੇਂ ਕੋਈ ਆਪਣੇ ਪਰਛਾਵੇਂ ਤੋਂ ਨਹੀਂ ਭੱਜ ਸਕਦਾ ਹੁੰਦਾ, ਉਸ ਲਈ ਆਪਣੀ ਸਰਬਵਿਆਪਕਤਾ ਤੋਂ ਬਚ ਸਕਣਾ ਵੀ ਓਨਾ ਹੀ ਔਖਾ ਹੋਏ। ਫੇਰ ਵੀ- ਅਤੇ ਇੱਥੇ ਮੈਂ ਇੱਕ ਵਿਓਂਤ ਬਨਾਉਣੀ ਸ਼ੁਰੂ ਕੀਤੀ ਹੈ- ਇਸ ਬਾਰੇ ਕੋਈ ਪੱਕ ਨਹੀਂ ਹੈ ਕਿ ਮੇਜਰ ਨੇ ਉਸ ਸਭ ਕੁਝ ਬਾਰੇ ਫ਼ੈਸਲਾ ਕਰ ਵੀ ਲਿਆ ਹੋਏ ਕਿ ਜੋ ਜੋ ਅਜੇ ਹੋਣਾ ਹੈ। ਕੀ ਪਤਾ ਉਹ ਅਖੀਰੀ ਪਲ ਤੋਂ ਪਹਿਲਾਂ ਫ਼ੈਸਲਾ ਨਾ ਲੈਂਦਾ ਹੋਏ- ਯਾਨੀ ਕਿ, ਸਿਰਜਣਾ ਕਰਨ ਦੇ ਪਲ ਵਿਚ। ਬੱਸ ਇਹ ਤਾਂ ਐਨ ਇਹੋ ਜਿਹੇ ਪਲਾਂ ਵਿਚ ਹੁੰਦਾ ਹੈ ਕਿ ਸ਼ਾਇਦ ਸਾਡਾ ਆਪਣਾ ਕੋਈ ਉੱਦਮ ਹੋਏ ਜੋ ਸਾਨੂੰ ਦੱਸੇ ਕਿ ਕੀ ਅਸੀਂ ਕਹਿਣਾ ਜਾਂ ਕਰਨਾ ਹੈ। ਅਜਿਹਾ ਉੱਦਮ ਕੁਦਰਤੀ ਹੈ ਕਿ ਹੱਦੋਂ ਵੱਧ ਕਮਜ਼ੋਰ ਜਿਹੇ ਫੁਰਨਿਆਂ ਵਾਂਗ ਹੋਏਗਾ- ਉਸ ਦੇ ਮੁਕਾਬਲੇ ਕਿ ਜੋ ਮੇਜਰ ਕੋਲ ਭਾਰੀ artillery ਹੈ। ਬੋਲਦੇ ਕੁੱਤਿਆਂ, ਕੇਲਿਆਂ ਅੰਦਰਲੇ ਸੁਨੇਹਿਆਂ, ਅਤੇ ਪਹਿਲੋਂ ਬੁੱਕ ਕੀਤੇ ਤੂਫ਼ਾਨਾਂ ਜਿਹੀਆਂ ਦਖਲ ਦੇਣੀਆਂ ਬਾਹਰੀ ਤਾਕਤਾਂ ਅੱਗੇ ਤਾਂ ਸਾਡੀ ਕੀ ਹੀ ਚੱਲਣੀ ਹੈ। ਪਰ ਸਾਡੇ ਜ਼ਿੱਦੀਪੁਣੇ ਨੂੰ ਅਸੀਂ ਰੱਦ ਨਹੀਂ ਕਰ ਸਕਦੇ, ਭਾਵੇਂ ਇਹ ਜਿੰਨਾ ਮਰਜ਼ੀ ਕਮਜ਼ੋਰ ਹੋਏ।"

"ਪਰ ਇਹ ਕਿਵੇਂ ਸੰਭਵ ਹੋਏਗਾ?"

"ਕੁਦਰਤੀ ਹੈ ਕਿ ਮੇਜਰ ਨੂੰ ਸਾਡੀ ਨਿੱਕੀ ਜਿਹੀ ਦੁਨੀਆ ਬਾਰੇ ਤਾਂ ਸਭ ਕੁਝ ਹੀ ਪਤਾ ਹੈ, ਪਰ ਇਸਦਾ ਇਹ ਮਤਲਬ ਨਹੀਂ ਹੈ ਕਿ ਉਹ ਏਨਾ ਹੀ ਪੂਰਾ ਤਾਕਤਵਰ ਹੈ। ਚਲੋ ਘੱਟੋਘੱਟ ਸਾਨੂੰ ਜਿਉਣਾ ਤਾਂ ਇੰਝ ਹੀ ਚਾਹੀਦਾ ਹੈ ਕਿ ਜਿਵੇਂ ਨਹੀਂ ਹੈ।"

"ਮੇਰਾ ਖ਼ਿਆਲ ਹੈ ਕਿ ਮੈਨੂੰ ਦਿਸ ਰਿਹਾ ਹੈ ਕਿ ਤੁਸੀਂ ਇਸ ਗੱਲ ਨੂੰ ਕਿੱਧਰ ਲਿਜਾਅ ਰਹੇ ਹੋ।"



"ਸੁਆਦ ਤਾਂ ਇਸ ਵਿਚ ਹੈ ਕਿ ਜੇ ਅਸੀਂ ਆਪਣੇ ਹੀ ਸਿਰ 'ਤੇ ਕੁਝ ਕਰ ਹੀ ਸਕੀਏ- ਕੋਈ ਅਜਿਹੀ ਚੀਜ਼ ਜਿਸ ਦਾ ਮੇਜਰ ਨੂੰ ਕੋਈ ਪਤਾ ਨਾ ਲੱਗੇ।"

"ਜੇ ਸਾਡੀ ਹੋਂਦ ਹੀ ਨਹੀਂ ਹੈ ਤਾਂ ਇਹ ਕਿਵੇਂ ਕਰ ਸਕਦੇ ਹਾਂ ਅਸੀਂ?"

"ਕੌਣ ਕਹਿੰਦਾ ਹੈ ਕਿ ਸਾਡੀ ਹੋਂਦ ਨਹੀਂ ਹੈ? ਸੁਆਲ ਇਹ ਨਹੀਂ ਹੈ ਕਿ ਅਸੀਂ ਹਾਂ ਕਿ ਨਹੀਂ, ਸਗੋਂ ਇਹ ਹੈ ਕਿ ਅਸੀਂ ਕੀ ਹਾਂ ਅਤੇ ਕੌਣ ਹਾਂ। ਅਖਰਿ ਜੇ ਇਹ ਵੀ ਨਿੱਕਲਿਆ ਕਿ ਅਸੀਂ ਤਾਂ ਮਹਿਜ਼ ਮੇਜਰ ਦੀ ਦੂਹਰੀ ਸ਼ਖ਼ਸੀਅਤ ਦੇ ਫੁਰਨੇ ਹੀ ਹਾਂ, ਤਾਂ ਇਸ ਨਾਲ ਵੀ ਸਾਥੋਂ ਸਾਡੀ ਇਹ ਨਿੱਕੀ ਜਿਹੀ ਹੋਂਦ ਖੁਸਣੀ ਜ਼ਰੂਰੀ ਤਾਂ ਨਹੀਂ ਹੈ।"

"ਸਾਡੀ ਅਜ਼ਾਦ ਮਰਜ਼ੀ ਵੀ?"

"ਮੈਂ ਇਸ 'ਤੇ ਕੰਮ ਕਰ ਰਿਹਾ ਹਾਂ, ਸੋਫ਼ੀ।"

"ਪਰ ਹਿਲਡੇ ਦੇ ਪਿਤਾ ਨੂੰ ਪੂਰਾ ਪਤਾ ਹੋਏਗਾ ਕਿ ਤੁਸੀਂ ਇਸ 'ਤੇ ਕੰਮ ਕਰ ਰਹੇ ਹੋ।"

"ਪੱਕੀ ਗੱਲ ਹੈ ਉਹ ਤਾਂ। ਪਰ ਉਸ ਨੂੰ ਇਹ ਨਹੀਂ ਪਤਾ ਕਿ ਅਸਲ ਵਿਓਂਤ ਕੀ ਹੈ। ਮੈਂ ਇੱਕ Archimedian ਨੁਕਤਾ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ।"

"Archimedian ਨੁਕਤਾ ਹੁੰਦਾ ਕੀ ਹੈ?"

"Archimedes ਇੱਕ ਯੂਨਾਨੀ ਵਿਗਿਆਨੀ ਸੀ ਜਿਸ ਨੇ ਕਿਹਾ ਸੀ ਕਿ 'ਮੈਨੂੰ ਖਲੋਣ ਦੇ ਲਈ ਇੱਕ ਪੱਕੀ ਥਾਂ ਦਾ ਨੁਕਤਾ ਦਿਓ ਅਤੇ ਮੈਂ ਧਰਤੀ ਹਿਲਾਅ ਦਿਆਂਗਾ'। ਇਹੋ ਜਿਹਾ ਕੋਈ ਨੁਕਤਾ ਸਾਨੂੰ ਲੱਭਣਾ ਪੈਣਾ ਹੈ ਤਾਂ ਕਿ ਅਸੀਂ ਮੇਜਰ ਦੇ ਅੰਦਰਲੇ

Sri Satguru Jagjit Singh Ji eLibrary NamdhariElibrary@gmail.com

ਬ੍ਰਹਿਮੰਡ ਵਿਚੋਂ ਆਪਣੇ ਆਪ ਨੂੰ ਖਿੱਚ ਕੇ ਬਾਹਰ ਕੱਢ ਸਕੀਏ।"

"ਇਹ ਤਾਂ ਬੜਾ ਵੱਡਾ ਮਾਅਰਕਾ ਮਾਰ ਲਵਾਂਗੇ।"

"ਪਰ ਅਸੀਂ ਆਪਣਾ ਫ਼ਲਸਫ਼ੇ ਦਾ ਕੋਰਸ ਮੁਕਾਉਣ ਤੋਂ ਪਹਿਲਾਂ ਤਾਂ ਖਿਸਕ ਨਹੀਂ ਸਕਾਂਗੇ। ਜਦੋਂ ਤੱਕ ਇਹ ਚੱਲਦਾ ਹੈ ਓਦੋਂ ਤੱਕ ਤਾਂ ਓਸ ਦੀਸਾਡੇ 'ਤੇ ਬਹੁਤੀ ਹੀ ਡਾਢੀ ਪਕੜ ਹੈ ਨਾ।ਸਾਫ਼ ਹੀ ਹੈ ਕਿ ਉਸ ਨੇ ਇਹ ਤੈਅ ਕੀਤਾ ਹੋਇਆ ਹੈ ਕਿ ਮੈਂ ਤੇਰੀ ਅਗਵਾਈ ਕਰ ਕੇ ਤੈਨੂੰ ਸਦੀਆਂ ਵਿਚੋਂ ਲੰਘਾਅ ਐਨ ਸਾਡੇ ਸਮਿਆਂ ਤੱਕ ਲਿਆਉਣਾ ਹੈ। ਪਰ ਸਾਡੇ ਕੋਲ ਥੋੜ੍ਹੇ ਜਿਹੇ ਹੀ ਤਾਂ ਦਿਨ ਰਹਿ ਗਏ ਹਨ ਅਤੇ ਫੇਰ ਓਸ ਮੱਧ ਪੂਰਬ ਵਿਚ ਕਿਤਿਓਂ ਜਹਾਜ਼ੇ ਬਹਿ ਜਾਣਾ ਹੈ। ਜੇ ਅਸੀਂ ਉਸ ਦੇ ਬਿਏਰਕੇਲੀ ਪਹੁੰਚਣ ਤੋਂ ਪਹਿਲਾਂ ਪਹਿਲਾਂ ਉਸ ਦੀ ਲੇਟੀ ਜਿਹੀ ਚੰਬੜਵੀਂ ਖਿਆਲ-ਉਡਾਰੀ ਵਿਚੋਂ ਆਪਣਾ ਆਪ ਕੱਢ ਨਾ ਸਕੇ, ਤਾਂ ਤੇ ਫਿਰ ਅਸੀਂ ਗਏ।"

"ਤੁਸੀਂ ਮੈਨੂੰ ਡਰਾਅ ਦਿੱਤਾ ਹੈ!"

"ਪਹਿਲਾਂ ਮੈਂ ਤੈਨੂੰ "ਫ਼ਰਾਂਸੀਸੀ ਗਿਆਨ ਹੋਣ"ਦੇ ਬਾਰੇ ਸਭ ਤੋਂ ਜ਼ਰੂਰੀ ਤੱਥ ਦੱਸਾਂਗਾ। ਫੇਰ ਅਸੀਂ ਕਾਂਤ ਦੇ ਫ਼ਲਸਫ਼ੇ ਦੀਆਂ ਮੁੱਖ ਗੱਲਾਂ ਵਿਚੋਂ ਲੰਘਾਂਗੇ ਤਾਂ ਕਿ ਅਸੀਂ ਰੋਮਾਂਸਵਾਦ ਤੱਕ ਪੁੱਜ ਸਕੀਏ। ਹੇਗੇਲ ਵੀ ਸਾਡੇ ਲਈ ਤਸਵੀਰ ਦਾ ਇੱਕ ਅਹਿਮ ਹਿੱਸਾ ਹੋਏਗਾ। ਅਤੇ ਉਸ ਦੇ ਬਾਰੇ ਗੱਲ ਕਰਦਿਆਂ ਅਸੀਂ ਕਿਰਕਗਾਰਡ ਦੇ ਹੇਗੇਲਵਾਦੀ ਫ਼ਲਸਫ਼ੇ ਨਾਲ ਰੋਹ ਭਰੇ ਟਕਰਾਅ ਨੂੰ ਅਣਡਿੱਠ ਨਹੀਂ ਕਰ ਸਕਦੇ। ਸੰਖੇਪ ਵਿਚ ਅਸੀਂ ਮਾਰਕਸ, ਡਾਰਵਿਨ, ਅਤੇ ਫ਼ਰਾਇਡ ਦੇ ਬਾਰੇ ਗੱਲ ਕਰਾਂਗੇ। ਅਤੇ ਜੇ ਸਾਰਤਰ ਅਤੇ ਹੋਂਦਵਾਦ ਉੱਤੇ ਕੁਝ ਕੁ ਅਖੀਰੀ ਟਿੱਪਣੀਆਂ ਦੇ ਸਕੇ ਤਾਂ ਸਾਡੀ ਵਿਉਂਤ ਸਹੀ ਰਹੇਗੀ।"

"ਇੱਕ ਹਫ਼ਤੇ ਦੇ ਲਈ ਤਾਂ ਇਹ ਬਹੁਤ ਹੀ ਸਾਰਾ ਕੰਮ ਹੈ।"

"ਏਸੇ ਲਈ ਸਾਨੂੰ ਝੱਟ ਸ਼ੁਰੂ ਕਰ ਦੇਣਾ ਚਾਹੀਦਾ ਹੈ। ਕੀ ਤੂੰ ਹੁਣੇ ਹੀ ਆ ਸਕਦੀ ਹੈਂ?"

"ਮੈਂ ਸਕੂਲ ਜਾਣਾ ਹੈ। ਸਾਡੀ ਕਲਾੱਸ ਵਾਲੇ ਅਸੀਂ ਸਾਰੇ ਇਕੱਠੇ ਹੋ ਰਹੇ ਹਾਂ ਅਤੇ ਫੇਰ ਸਾਨੂੰ ਸਾਡੇ ਗ੍ਰੇਡ ਮਿਲਣੇ ਹਨ।"

"ਛੱਡ ਪਰੇ। ਜੇ ਅਸੀਂ ਸਿਰਫ਼ ਕਹਾਣੀ ਹੀ ਹਾਂ, ਇਹ ਨਿਰੀ ਖਿਆਲ-ਉਡਾਰੀ ਹੀ ਹੈ ਕਿ ਕੈਂਡੀ ਅਤੇ ਸੋਡੇ ਦਾ ਕੋਈ ਸੁਆਦ ਵੀ ਹੁੰਦਾ ਹੈ।"

"ਪਰ ਮੇਰੇ ਗ੍ਰੇਡ....."

"ਸੋਫ਼ੀ, ਜਾਂ ਤੇ ਤੂੰ ਜੀਅ ਰਹੀ ਹੈਂ ਕਈ ਸੈਂਕੜੇ ਅਰਬਾਂ ਖਰਬਾਂ ਗਲੈਕਸੀਆਂ ਵਿਚੋਂ ਇੱਕ ਦੇ ਇੱਕ ਕਮਾਲ ਦੇ ਬ੍ਰਹਿਮੰਡ ਦੇ ਇੱਕ ਨਿਕਚੂ ਜਿਹੇ ਗ੍ਰਹਿ 'ਤੇ - ਅਤੇ ਜਾਂ ਫੇਰ ਤੂੰ ਮੇਜਰ ਦੇ ਦਿਮਾਗ਼ ਦੀਆਂ ਕੁਝ ਕੁ ਬਿਜਲਈ-ਚੁੰਬਕੀ ਆਪਮੁਹਾਰੀਆਂ ਹਰਕਤਾਂ ਦਾ ਨਤੀਜਾ ਹੈਂ।ਅਤੇ ਤੂੰ ਗੱਲ ਕਰ ਰਹੀ ਹੈਂ ਗ੍ਰੇਡਾਂ ਦੀ! ਤੈਨੂੰ ਆਪਣੇ 'ਤੇ ਸ਼ਰਮ ਆਉਣੀ ਚਾਹੀਦੀ ਹੈ!"

"ਮੁਆਫ਼ੀ ਮੰਗਦੀ ਹਾਂ।"

"ਪਰ ਸਾਡੇ ਮਿਲਣ ਤੋਂ ਪਹਿਲਾਂ ਤੂੰ ਸਕੂਲ ਹੋ ਹੀ ਆ। ਹਿਲਡੇ ਉੱਤੇ ਇਸਦਾ ਮਾੜਾ ਅਸਰ ਪੈ ਸਕਦਾ ਹੈ ਜੇ ਤੂੰ ਆਪਣੇ ਸਕੂਲ ਦੇ ਅਖੀਰੀ ਦਿਨ ਸਕੂਲ ਨਾ ਗਈ। ਉਹ ਤਾਂ ਸ਼ਾਇਦ ਆਪਣੇ ਜਨਮਦਿਨ ਵਾਲੇ ਦਿਨ ਵੀ ਸਕੂਲ ਜਾਂਦੀ ਹੀ ਜਾਂਦੀ ਹੈ। ਉਹ ਇੱਕ ਫ਼ਰਿਸ਼ਤਾ ਹੈ, ਬਈ।"

"ਚਲੋ ਫੇਰ ਮੈਂ ਸਕੂਲੋਂ ਸਿੱਧੀ ਆ ਜਾਵਾਂਗੀ।"

"ਅਸੀਂ ਮੇਜਰ ਦੀ ਕੈਬਿਨ ਵਿਚ ਮਿਲਾਂਗੇ।"

"ਮੇਜਰ ਦੀ ਕੈਬਿਨ?"

...ਟਿੱਕ!

ਹਿਲਡੇ ਨੇ ਰਿੰਗ-ਬਾਈਂਡਰ ਨੂੰ ਆਪਣੀ ਗੋਦੀ ਵਿਚ ਜਾਣ ਦਿੱਤਾ। ਉਸ ਦੇ ਪਿਤਾ ਨੇ ਇੱਥੇ ਉਸ ਦੀ ਆਤਮਾ ਨੂੰ ਝੰਜੋੜਿਆ ਸੀ- ਉਹ ਸਕੂਲ ਦੇ ਅਖੀਰੀ ਦਿਨ ਗਈ ਨਹੀਂ ਸੀ।

ਚੋਰ-ਅੱਖੀਂ ਉਸਨੂੰ ਦੇਖਦੇ ਰਹਿਣ ਵਾਲੀ ਗੱਲ ਸੀ ਨਾ!

ਉਹ ਕੁਝ ਚਿਰ ਬੈਠੀ ਸੋਚਦੀ ਰਹੀ ਕਿ ਆਖਿਰ ਅਲਬਰਟੋ ਕਿਹੜੀ ਵਿਉਂਤ ਬਣਾਅ ਰਿਹਾ ਹੋ ਸਕਦਾ ਸੀ। ਕੀ ਉਹ ਅਖੀਰੀ ਸਫ਼ੇ 'ਤੇ ਚੋਰ-ਝਾਤੀ ਮਾਰ ਲਏ? ਨਹੀਂ, ਇਹ ਤਾਂ ਧੋਖਾ ਕਰਨਾ ਹੋਵੇਗਾ। ਕਿਓਂ ਨਾ ਛੇਤੀ ਛੇਤੀ ਅਖੀਰ ਤੱਕ ਪੜ੍ਹ ਲਏ?

ਪਰ ਇਸਦਾ ਉਸਨੂੰ ਯਕੀਨ ਹੋ ਗਿਆ ਸੀ ਕਿ ਅਲਬਰਟੋ ਇੱਕ ਅਹਿਮਨੁਕਤੇ ਦੇ ਬਾਰੇ ਸਹੀ ਸੀ। ਜਿੱਥੇ ਇੱਕ ਗੱਲ ਇਹ ਸੀ ਕਿ ਉਸ ਦੇ ਪਿਤਾ ਕੋਲ ਇੱਕ ਮੋਟਾ ਮੋਟਾ ਖਾਕਾ ਮੌਜੂਦ ਸੀ ਕਿ ਸੋਫ਼ੀ ਅਤੇ ਅਲਬਰਟੋ ਨਾਲ ਕੀ ਵਾਪਰੇਗਾ। ਪਰ ਜਦੋਂ ਉਹ ਲਿਖ ਰਹੇ ਸਨ, ਇਹ ਉਨ੍ਹਾਂ ਨੂੰ ਸ਼ਾਇਦ ਪੂਰਾ ਪੂਰਾ ਨਹੀਂ ਸੀ ਪਤਾ ਕਿ ਐਨ ਕੀ ਕੀ ਕੁਝ ਵਾਪਰਨਾ ਹੈ। ਬੜੀ ਹੀ ਕਾਹਲੀ ਵਿਚ ਉਹ ਕੁਝ ਲਿਖ ਮਾਰ ਸਕਦੇ ਹਨ, ਕੋਈ ਅਜਿਹੀ ਚੀਜ਼ ਜੋ ਲਿਖਣ ਤੋਂ ਬਹੁਤ ਬਾਅਦ ਹੀ ਉਨ੍ਹਾਂ ਦੇ ਧਿਆਨ ਵਿਚ ਆਏ। ਇਹੋ ਜਿਹੀ ਹਾਲਤ ਵਿਚ ਸੋਫ਼ੀ ਅਤੇ ਅਲਬਰਟੋ ਕੋਲ ਕੁਝ ਨਾ ਕੁਝ ਤਾਂ ਰਾਹ ਰਹੇਗਾ।

ਇੱਕ ਵਾਰ ਫੇਰ ਹਿਲਡੇ ਨੂੰ ਇੱਕ ਤਕਰੀਬਨ ਦੈਵੀ-ਉਚਿਆਈ ਦੇਣਾ ਵਿਸ਼ਵਾਸ ਹੋ ਗਿਆ ਕਿ ਸੋਫ਼ੀ ਅਤੇ ਅਲਬਰਟੋ ਸਚਮੁਚ ਹੈ ਸਨ। ਖਲੋਤੇ ਪਾਣੀ ਕਿੰਨੇ ਕੁ ਡੂੰਘੇ ਹੁੰਦੇ ਹਨ, ਕੌਣ ਜਾਣੇ, ਉਸ ਨੂੰ ਇਹ ਸੋਚ ਆਈ। ਕਿਉਂ ਫੁਰਿਆ ਸੀ ਉਸ ਨੂੰ ਇਹ ਫੁਰਨਾ?

ਯਕੀਨੀ ਤੌਰ 'ਤੇ ਇਹ ਕੋਈ ਸਤਹਿ 'ਤੇ ਨਿੱਕੀਆਂ ਲਹਿਰਾਂ ਵਾਂਗ ਖੇਲ੍ਹਦਾ ਖਿਆਲ ਤਾਂ ਹੈ ਨਹੀਂ ਸੀ।


ਸਕੂਲ ਵਿਚ, ਸੋਫ਼ੀ ਨੂੰ ਉਸਦਾ ਜਨਮਦਿਮ ਹੋਣ ਕਰਕੇ ਬਹੁਤ ਤਵੱਜੋ ਮਿਲੀ। ਉਸਦੇ ਜਮਾਤੀਆਂ ਨੂੰ ਤਾਂ ਗਰਮੀਆਂ ਦੀਆਂ ਛੁੱਟੀਆਂ, ਅਤੇ ਗ੍ਰੇਡਾਂ, ਅਤੇ ਸਕੂਲ ਦੇ ਅਖੀਰੀ ਦਿਨ ਮਿਲਦੇ ਸੋਡਿਆਂ ਦੀਆਂ ਸੋਚਾਂ ਦੀ ਚਾਬੀ ਲੱਗ ਵੀ ਗਈ ਹੋਈ ਸੀ।

ਅਧਿਆਪਕਾ ਵੱਲੋਂ ਛੁੱਟੀਆਂ ਲਈ ਸ਼ੁਭ ਇੱਛਾਵਾਂ ਨਾਲ ਕਲਾੱਸ ਖ਼ਤਮ ਕਰਨ ਸਾਰ, ਸੋਫ਼ ਭੱਜੀ ਭੱਜੀ ਘਰ ਗਈ। ਜੋਆਨਾ ਨੇ ਉਸਦੀ ਰਫ਼ਤਾਰ ਘਟਾਉਣ ਦੀ ਕੋਸ਼ਿਸ਼ ਕੀਤੀ ਪਰ ਸੋਫ਼ੀ ਨੇ ਭੱਜੀ ਜਾਂਦੀ ਨੇ ਹੀ ਜੁਆਬ ਦਿੱਤਾ ਕਿ ਉਸ ਨੂੰ ਇੱਕ ਕੰਮ ਹੈ।

Sri Satguru Jagjit Singh Ji eLibrary NamdhariElibrary@gmail.com

(ਪਟਿਆਲਾ- ਸੰ.) ਜਦ ਮੈਂ ਪਹਿਲੀ ਸਿੰਡੀਕੇਟ ਦੀ ਮੀਟਿੰਗ ਬੁਲਾਉਣੀ ਸੀ ਤਾਂ ਸਿਖਿਆ-ਸਕੱਤਰ ਨਾਲ ਸਲਾਹ ਕੀਤੀ। ਉਸ ਨੇ ਕਿਹਾ ਕਿ ਯੂਨੀਵਰਸਿਟੀ ਤੋਂ ਬਾਹਰ ਵਾਲਾ ਕੋਈ ਵੀ ਮੈਂਬਰ ਪਟਿਆਲੇ ਯੂਨੀਵਰਸਿਟੀ ਵਿੱਚ ਮੀਟਿੰਗ 'ਚ ਨਹੀਂ ਆਏਗਾ ਕਿਉਂਕਿ ਅਧਿਆਪਕਾਂ ਨੇ ਇਨ੍ਹਾਂ ਦੀ ਉਥੇ ਕਾਫ਼ੀ ਲਾਹ-ਪਾਹ ਕੀਤੀ ਸੀ ਅਤੇ ਹੁਣ ਵੀ ਯਕੀਨ ਨਹੀਂ ਕਿ ਕੀ ਕਰਨਗੇ। ਮੈਂ ਬਥੇਰਾ ਕਿਹਾ ਕਿ ਮੈਂ ਜ਼ਿੰਮੇਵਾਰੀ ਲੈਂਦਾ ਹਾਂ, ਐਸਾ ਕੁਝ ਨਹੀਂ ਹੋਵੇਗਾ, ਪਰ ਉਹ ਨਾ ਮੰਨਿਆ। ਆਖ਼ਰ ਮੀਟਿੰਗ ਸਕੱਤਰੇਤ ਦੇ ਕਮੇਟੀ ਰੂਮ ਵਿੱਚ ਰੱਖੀ ਗਈ। ਜਦ ਮੈਂ ਮੀਟਿੰਗ ਵਾਲੇ ਵਕਤ 'ਤੇ ਪਹੁੰਚਿਆ ਤਾਂ ਨਾ ਹੀ ਸਿਖਿਆ-ਸਕੱਤਰ ਅਤੇ ਨਾ ਹੀ ਪਟਿਆਲੇ ਦੇ ਸਥਾਨਕ ਸਿਆਸੀ ਸਿੰਡਕ ਅਤੇ ਨਾ ਹੀ ਉਥੋਂ ਦੇ ਗੌਰਮਿੰਟ ਕਾਲਜ ਦਾ ਪ੍ਰਿੰਸੀਪਲ ਆਇਆ। ਖ਼ੈਰ ਪੰਜ ਮਿੰਟ ਇੰਤਜ਼ਾਰ ਕਰ ਕੇ ਮੈਂ ਮੀਟਿੰਗ ਸ਼ੁਰੂ ਕਰ ਦਿੱਤੀ ਕਿਉਂਕਿ ਕੋਰਮ ਪੂਰਾ ਸੀ। ਇਹ ਇਕੋ ਗਰੁੱਪ ਵਿੱਚ ਵੀਹ ਮਿੰਟ ਲੇਟ ਆਏ। ਹੈਰਾਨ ਵੀ ਹੋਏ ਕਿ ਉਨ੍ਹਾਂ ਤੋਂ ਬਿਨਾ ਹੀ ਮੀਟਿੰਗ ਸ਼ੁਰੂ ਹੋ ਗਈ। ਇਹ ਆਪਣੇ ਆਪ ਨੂੰ ਸਿੰਡੀਕੇਟ ਦਾ ਬਹੁਤ ਸ਼ਕਤੀਸ਼ਾਲੀ ਗਰੁੱਪ ਸਮਝਦੇ ਸਨ। ਸਿੱਖਿਆ-ਸਕੱਤਰ ਇਨ੍ਹਾਂ ਨਾਲ ਰਲ਼ਿਆ ਹੋਇਆ ਸੀ ਅਤੇ ਸਿੱਖਿਆ-ਮੰਤਰੀ ਦੀ ਇਨ੍ਹਾਂ ਨੂੰ ਅਸ਼ੀਰਵਾਦ ਸੀ। ਮੀਟਿੰਗ ਵਿੱਚ ਗੱਡੇ ਮੁਰਦੇ ਉਠਾਉਣ ਦੀ ਇਨ੍ਹਾਂ ਬੜੀ ਕੋਸ਼ਿਸ਼ ਕੀਤੀ; ਪਰ ਮੈਂ ਸਾਫ਼-ਸਾਫ਼ ਦੱਸ ਦਿੱਤਾ ਕਿ ਮੈਂ ਪਿਛਲੀਆਂ ਕਿਸੇ ਦੀਆਂ ਕੀਤੀਆਂ ਨਾਲ ਆਪਣੇ-ਆਪ ਨੂੰ ਬੰਨ੍ਹਣਾ ਨਹੀਂ ਚਾਹੁੰਦਾ। ਯੂਨੀਵਰਸਿਟੀ ਦੀ ਲੀਹੋਂ ਲੱਥੀ ਗੱਡੀ ਵਾਪਸ ਲਾਈਨ 'ਤੇ ਪਾਉਣਾ ਚਾਹੁੰਦਾ ਹਾਂ ਅਤੇ ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਆਸ ਰੱਖਦਾ ਹਾਂ। ਜਦ ਇਨ੍ਹਾਂ ਦੀ ਨਾ ਚੱਲੀ ਤਾਂ ਚੁੱਪ ਤਾਂ ਕਰ ਗਏ ਪਰ ਮੇਰੀ ਸਾਰੀ ਟਰਮ ਹੀ ਇਹ ਇਸੇ ਤਰ੍ਹਾਂ ਅੜਿੱਕਾਬਾਜ਼ੀ ਅਤੇ ਪੱਖਪਾਤ ਵਿੱਚ ਹੀ ਲੱਗੇ ਰਹੇ। ਇਥੇ ਵਾਈਸ-ਚਾਂਸਲਰ ਦੀ ਬੜੀ ਅਜੀਬ ਸਥਿਤੀ ਹੈ। ਇਕ ਤਾਂ ਵਾਈਸ-ਚਾਂਸਲਰ ਕੋਲ ਨਿਯਮਾਂ ਦੇ ਮੁਤਾਬਕ ਕਿਸੇ ਦੀ ਐਕਸਪਲੇਨੇਸ਼ਨ (ਵਜ੍ਹਾ ਦੱਸੋ) ਲੈਣ ਦੇ ਵੀ ਅਧਿਕਾਰ ਨਹੀਂ। ਸਾਰੇ ਅਧਿਕਾਰ ਸਿੰਡੀਕੇਟ ਕੋਲ ਹਨ। ਸਿੰਡੀਕੇਟ ਦੀ ਹਾਲਤ ਇਹ ਹੈ ਕਿ ਇਸ ਵਿੱਚ ਤਕਰੀਬਨ ਛੇ ਮੈਂਬਰ ਤਾਂ ਸਿਧੇ ਜਾਂ ਅਸਿੱਧੇ ਤੌਰ 'ਤੇ ਸਰਕਾਰ ਨਾਮਜ਼ਦ ਕਰਦੀ ਹੈ, ਚਾਹੇ ਉਹ ਸੈਨਿਟ ਥਾਈਂ ਆਉਣ, ਚਾਹੇ ਸਿੱਧੇ। ਇਹ ਬਹੁਤਾ ਕਰਕੇ ਸਥਾਨਕ ਜਾਂ ਇਰਦ-ਗਿਰਦ ਦੇ ਸਿਆਸੀ ਆਗੂ ਜਾਂ ਕਰਿੰਦੇ ਹੁੰਦੇ ਹਨ, ਜੋ ਆਪਣੀ ਚੰਮ ਦੀ ਚਲਾਉਣ ਦੀ ਹੀ ਸੋਚਦੇ ਹਨ। ਇਨ੍ਹਾਂ ਪਾਸ ਮੀਟਿੰਗ ਤੋਂ ਪਹਿਲਾਂ ਯੂਨੀਵਰਸਿਟੀ ਦੇ ਕਰਮਚਾਰੀ, ਅਧਿਕਾਰੀ ਅਤੇ ਅਧਿਆਪਕ ਚੌਂਕੀਆਂ ਭਰਦੇ ਹਨ। ਉਹ ਇਨ੍ਹਾਂ ਵਿੱਚੋਂ ਆਪਣੇ ਚਹੇਤੇ ਅਤੇ ਵਿਰੋਧੀ ਮੰਨ ਕੇ ਤੁਰਦੇ ਹਨ। ਇਨ੍ਹਾਂ ਸਿਆਸੀ ਬੰਦਿਆਂ ਦਾ ਕਈ ਵਾਰ ਜੁਗਲ ਸਿੱਖਿਆ ਸਕੱਤਰ ਨਾਲ ਹੁੰਦਾ ਹੈ। ਜੇ ਨਾ ਵੀ ਹੋਵੇ ਤਾਂ ਸਿੱਖਿਆ ਸਕੱਤਰ ਪਿੱਛੇ ਹੱਥ ਖੜ੍ਹੇ ਕਰਨ ਵਾਲੇ ਪੰਜ ਪ੍ਰਿੰਸੀਪਲ ਸਿੰਡੀਕੇਟ ਦੇ ਮੈਂਬਰ ਹੁੰਦੇ ਹਨ। ਆਮ ਤੌਰ 'ਤੇ ਸਿੱਖਿਆ ਸੈਕਟਰੀ ਦੀ ਵੀ ਵਾਈਸ-ਚਾਂਸਲਰ ਨਾਲ ਮੀਜਾ ਘੱਟ ਹੀ ਮਿਲਦੀ ਹੈ। ਇਹ ਬਿਊਰੋਕਰੈਟ ਆਪਣੀ ਤਾਕਤ ਦੀ ਧਾਂਕ ਵਾਈਸ-ਚਾਂਸਲਰ 'ਤੇ ਜਮਾਉਣ ਦੀ ਕੋਸ਼ਿਸ਼ ਵਿੱਚ ਹੁੰਦਾ ਹੈ, ਜਦੋਂ ਕਿ ਇਕ ਸੁਚੇਤ ਵਾਈਸ-ਚਾਂਸਲਰ, ਸਕੱਤਰ ਦੀ ਪੋਜ਼ੀਸ਼ਨ ਨੂੰ ਕਾਫ਼ੀ ਛੋਟੀ ਸਮਝਦਾ ਹੈ। ਇਸ 'ਉਪਰਲੇ ਹੱਥ' ਲਈ ਦੋਹਾਂ ਵਿੱਚ ਅੰਦਰੋ-ਅੰਦਰੀ ਤਣਾਉ ਰਹਿੰਦਾ ਹੈ। ਕੁਝ ਕਮਜ਼ੋਰ ਵਾਈਸ-ਚਾਂਸਲਰ ਅਧੀਨਤਾ ਕਬੂਲ ਕਰ ਲੈਂਦੇ ਹਨ; ਕਿਉਂਕਿ ਸਾਰਾ ਪੈਸਾ ਸਕੱਤਰ ਰਾਹੀਂ ਆਉਣਾ ਹੁੰਦਾ ਹੈ ਅਤੇ ਸਿੰਡੀਕੇਟ ਵਿੱਚ ਇਸਦਾ ਪ੍ਰਿੰਸੀਪਲਾਂ ਅਤੇ ਡੀ.ਪੀ.ਆਈ. ਦਾ ਗਰੁੱਪ ਵੀ ਤਗੜਾ ਹੁੰਦਾ ਹੈ।

ਇਨ੍ਹਾਂ ਤੋਂ ਇਲਾਵਾ ਇਕ ਡੀਨ ਅਕਾਦਮਿਕ ਨੂੰ ਛੱਡ ਕੇ ਜੋ ਵਾਈਸ-ਚਾਂਸਲਰ ਦੇ ਪੱਖ ਦਾ ਹੁੰਦਾ ਹੈ, ਬਾਕੀ ਦੇ ਅਧਿਆਪਕਾਂ ਦੇ ਨੁਮਾਇੰਦੇ ਵੀ ਵਾਈਸ-ਚਾਂਸਲਰ ਨੂੰ ਆਮ ਤੌਰ 'ਤੇ ਕੱਟਦੇ ਹੀ ਹਨ, ਸਹਿਯੋਗ ਘੱਟ ਦਿੰਦੇ ਹਨ। ਪ੍ਰੋ ਵਾਈਸ-ਚਾਂਸਲਰ ਤਾਂ ਮੂਲ ਤੋਂ ਹੁੰਦਾ ਹੀ ਐਂਟੀ-ਵਾਈਸ-ਚਾਂਸਲਰ ਹੈ। ਇਸ ਤਰ੍ਹਾਂ ਸਿੰਡੀਕੇਟ



ਮੈਂ ਸਮਝਦਾ ਹਾਂ ਕਿ ਵਾਈਸ-ਚਾਂਸਲਰ ਦੀ ਤਿੰਨ ਸਾਲ ਦੀ ਟਰਮ ਬਹੁਤ ਥੋੜ੍ਹੀ ਹੈ। ਸਾਲ ਲੱਗ ਜਾਂਦਾ ਹੈ ਬਾਹਰੋਂ ਆਏ ਨੂੰ ਇਹ ਸਮਝਣ ਲਈ ਕਿ ਕੌਣ ਕੀ ਹੈ? ਇਕ ਸਾਲ ਰਹਿੰਦੇ 'ਤੇ ਯੂਨੀਅਨਾਂ ਸਰਗਰਮ ਹੋ ਜਾਂਦੀਆਂ ਹਨ ਅਤੇ ਜੇ ਵਾਈਸ-ਚਾਂਸਲਰ ਦੀ ਹੋਰ ਇਕ ਟਰਮ ਦੀ ਇੱਛਾ ਹੋਵੇ ਤਾਂ ਉਹ ਉਸ ਲਈ ਦੌੜ-ਭੱਜ ਸ਼ੁਰੂ ਕਰ ਦਿੰਦਾ ਹੈ।

ਵਿਚ ਵਾਈਸ-ਚਾਂਸਲਰ ਇਕੱਲਾ ਹੀ ਰਹਿ ਜਾਂਦਾ ਹੈ-ਕਿਸੇ ਨਾ ਕਿਸੇ ਪੱਖੋਂ ਅਤੇ ਕਿਸੇ ਨਾ ਕਿਸੇ ਢੰਗ ਨਾਲ ਬਾਕੀ ਆਮ ਤੌਰ 'ਤੇ ਵਿਰੋਧੀ ਹੀ ਹੁੰਦੇ ਹਨ। ਜੇ ਵੀ.ਸੀ. ਕਿਤੋਂ ਵੀ ਮਾੜਾ-ਮੋਟਾ ਕਮਜ਼ੋਰ ਹੋਵੇ, ਇਹ ਉਸ ਉਤੇ ਗਲ਼ਬਾ ਪਾ ਲੈਂਦੇ ਹਨ। ਇਸ ਯੂਨੀਵਰਸਿਟੀ ਦੀ ਸਭ ਤੋਂ ਵੱਡੀ ਬਦਕਿਸਮਤੀ ਇਸ ਦੀ ਸਿੰਡੀਕੇਟ ਰਹੀ ਹੈ। ਮੇਰੇ ਵਿਚਾਰ ਵਿਚ ਇਸ ਬਣਤਰ ਵਾਲੀ ਸਿੰਡੀਕੇਟ ਨੇ ਹਰ ਵੀ.ਸੀ. ਦੀਆਂ ਬੇੜੀਆਂ ਵਿਚ ਵੱਟੇ ਪਾਏ ਹਨ ਅਤੇ ਯੂਨੀਵਰਸਿਟੀ ਦੇ ਮਹੌਲ ਨੂੰ ਖ਼ਰਾਬ ਕਰਨ ਵਿਚ ਇਸੇ ਬਣਤਰ ਅਤੇ ਉਸ ਵਿਚ ਸਿਆਸੀ ਸਰਕਾਰੀ ਗਰੁੱਪ ਦਾ ਡੂੰਘਾ ਹੱਥ ਰਿਹਾ ਹੈ। ਇਸ ਪੱਖ ਦੀ ਮੈਨੂੰ ਛੇਤੀ ਹੀ ਸਮਝ ਲੱਗ ਗਈ ਅਤੇ ਮੈਂ ਚੌਕਸ ਹੋ ਗਿਆ। ਕਿਉਂਕਿ ਮੇਰਾ ਕੋਈ ਨਿੱਜੀ ਸੁਆਰਥ ਕਿਸੇ ਕਿਸਮ ਦਾ ਕੋਈ ਨਹੀਂ ਸੀ, ਮੇਰੀ ਕੋਈ ਪੱਖ-ਪਾਤ ਦੀ ਰੁਚੀ ਨਹੀਂ ਸੀ ਅਤੇ ਮੁੱਖ-ਮੰਤਰੀ ਦੀ ਸਹਾਇਤਾ ਮੈਨੂੰ ਪੂਰੀ ਸੀ ਅਤੇ ਨਾਲ ਹੀ ਅਧਿਆਪਕਾਂ ਅਤੇ ਯੂਨੀਵਰਸਿਟੀ ਕਰਮਚਾਰੀਆਂ ਨਾਲ ਮੇਰੀ ਸਦਭਾਵਨਾ ਸੀ- ਆਮ ਤੌਰ 'ਤੇ ਮੈਂ ਇਨ੍ਹਾਂ ਗਰੁੱਪਾਂ ਤੋਂ ਮਾਰ

ਨਹੀਂ ਖਾਧੀ, ਸਗੋਂ ਇਨ੍ਹਾਂ ਦੇ ਕੰਮ ਨਾ ਹੋਣ ਨਾਲ ਇਹ ਮੈਥੋਂ ਕਾਫ਼ੀ ਤੰਗ ਸਨ। ਇਕ ਵਾਰ ਮੈਨੂੰ ਜ਼ਰੂਰ ਕਾਫ਼ੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇਕ ਮੀਟਿੰਗ ਵਿਚ ਮੈਂ ਆਪਣੀ ਹੀ ਗ਼ਲਤੀ ਨਾਲ ਐਸਾ ਆਈਟਮ ਸਿੰਡੀਕੇਟ ਵਿਚ ਲੈ ਗਿਆ ਜਿਸ ਨਾਲ ਇਕ ਸਿਆਸੀ ਸਿੰਡਿਕ ਦੇ ਚਾਲ-ਚਲਨ ਦਾ ਸਬੰਧ ਸੀ। ਮੈਂ ਤਾਂ ਇਹ ਆਈਟਮ ਪ੍ਰੈਸ-ਰਿਪੋਰਟਾਂ ਦੀ ਨਿਖੇਧੀ ਲਈ ਲੈ ਕੇ ਗਿਆ ਸੀ ਅਤੇ ਇਨ੍ਹਾਂ ਰਿਪੋਰਟਾਂ ਦੇ ਸੋਮੇ ਨੂੰ ਮਲਾਮਤ ਦੇਣ ਲਈ ਸੋਚਿਆ ਸੀ, ਪਰ ਮੈਨੂੰ ਪੁੱਠੀ ਪੈ ਗਈ। ਸਿਆਸੀ ਸਿੰਡਿਕ ਅਤੇ ਉਸਦਾ ਸਰਪ੍ਰਸਤ ਸਾਥੀ ਏਨਾ ਪੁੱਠਾ-ਸਿੱਧਾ ਬੋਲੇ ਕਿ ਮੈਨੂੰ ਕੁਝ ਸੁੱਝੇ ਹੀ ਨਾ। ਆਖ਼ਰ ਮੈਂ ਚੁੱਪ ਕਰ ਕੇ ਸੁਣਦਾ ਰਿਹਾ। ਮੇਰੀ ਕਾਫ਼ੀ ਲਾਹ-ਪਾਹ ਹੋਈ। ਪਰ ਆਖ਼ਰ ਜੋ ਫ਼ੈਸਲਾ ਹੋਇਆ ਉਹ ਐਸਾ ਸੀ ਕਿ ਉਸ ਸਿੰਡਿਕ ਦੀ ਸਗੋਂ ਮਿੱਟੀ ਪੁੱਟੀ ਗਈ। ਪਹਿਲੋਂ ਸੋਚਿਆ ਕਿ ਕਹਾਂ ਇਹ ਫ਼ੈਸਲਾ ਤੇਰੇ ਹਿੱਤ ਵਿਚ ਨਹੀਂ- ਪਰ ਮਨ ਦੁਖੀ ਸੀ, ਮੈਂ ਚੁੱਪ ਕਰ ਰਿਹਾ। ਉਸ ਦਿਨ ਇਹ ਗਰੁੱਪ ਬਹੁਤ ਖ਼ੁਸ਼ ਸੀ ਕਿ ਅੱਜ ਵਾਈਸ-ਚਾਂਸਲਰ ਦੀ ਬੜੀ ਐਸੀ-ਤੈਸੀ ਕੀਤੀ। ਮੈਂ ਦੁਖੀ ਤਾਂ ਸਾਂ, ਪਰ ਉਸ ਫ਼ੈਸਲੇ ਨੇ ਮੈਨੂੰ ਯਕੀਨ ਦੁਆ ਦਿੱਤਾ ਕਿ ਇਹ ਗਰੁੱਪ ਉੱਚਾ ਅਤੇ ਗਲਤ ਬੋਲਣ ਜੋਗੀ ਹੀ ਕਾਬਲੀਅਤ ਰੱਖਦਾ ਹੈ- ਇਨ੍ਹਾਂ ਦੇ ਆਪਣੇ ਹੱਕ ਵਿਚ ਕੀ ਹੈ, ਇਸ ਗੱਲ ਦੀ ਵੀ ਸੋਝੀ ਨਹੀਂ ਇਨ੍ਹਾਂ ਨੂੰ! ਦੋ ਮਹੀਨੇ ਬਾਅਦ ਸਿੰਡੀਕੇਟ ਵਿਚ ਨਵੀਆਂ ਨਾਮਜ਼ਦਗੀਆਂ ਹੋਣੀਆਂ ਸਨ। ਆਮ ਤੌਰ 'ਤੇ, ਕੋਈ ਆ ਜਾਏ ਮੈਂ ਕਦੀ ਦਖ਼ਲ ਨਹੀਂ ਸੀ ਦਿੱਤਾ ਪਰ ਇਸ ਵਾਰ ਇੱਥੇ ਇੱਜ਼ਤ ਦਾ ਸਵਾਲ ਸੀ। ਮੈਂ ਇਨ੍ਹਾਂ ਨੂੰ ਵਾਪਸ ਸਿੰਡੀਕੇਟ ਵਿਚ ਨਹੀਂ ਆਉਣ ਦਿੱਤਾ। ਇੱਕ ਸਟੇਜ 'ਤੇ ਤਾਂ ਮੈਂ ਇਥੋਂ ਤੱਕ ਵੀ ਗਿਆ ਕਿ ਜੇ ਇਹ ਵਾਪਸ ਫੇਰ ਸਿੰਡੀਕੇਟ ਦੇ ਮੈਂਬਰ ਹੋਏ ਤਾਂ ਮੈਂ ਅਸਤੀਫ਼ਾ ਦੇ ਦਿਆਂਗਾ। ਦਰਅਸਲ, ਇਹ ਮੈਨੂੰ ਵੰਗਾਰ ਚੁੱਕੇ ਸੀ ਕਿ ਅਸੀਂ ਸਿਆਸਤਦਾਨ ਹੁੰਦੇ ਹਾਂ, ਅਸੀਂ ਅੱਗੋਂ ਵੀ ਸਿੰਡੀਕੇਟ ਵਿਚ ਆ ਕੇ ਵਿਖਾਵਾਂਗੇ। ਇਨ੍ਹਾਂ ਨੂੰ ਮੌਕੇ ਦੇ ਗਵਰਨਰ ਦੀ ਸਪੋਰਟ ਸੀ- ਭਾਵੇਂ ਉਦੋਂ ਮਨਿਸਟਰੀ ਅਕਾਲੀਆਂ ਦੀ ਸੀ ਅਤੇ ਇਹ ਕਾਂਗਰਸੀ ਸਨ। ਮੇਰਾ ਇਹ ਸਭ ਕੁਝ ਬਿਆਨ ਕਰਨ ਤੋਂ ਭਾਵ ਹੈ ਕਿ ਯੂਨੀਵਰਸਿਟੀਆਂ ਦੇ ਸਿੰਡੀਕੇਟ ਜਾਂ ਮੈਨੇਜਮੈਂਟ ਬੋਰਡ ਬਹੁਤ ਸੋਚ-ਸਮਝ ਕੇ ਨਿਰਪੱਖ ਹੋ ਕੇ ਐਸੇ ਬਣਾਉਣੇ ਚਾਹੀਦੇ ਹਨ, ਜਿਨ੍ਹਾਂ ਵਿਚ ਸਿਰ-ਕੱਢ ਵਿਦਿਆ ਸ਼ਾਸਤਰੀ ਅਤੇ ਪ੍ਰਸ਼ਾਸਕ ਹੋਣ। ਅੱਵਲ ਤਾਂ ਸਿਆਸੀ ਬੰਦਿਆਂ ਦਾ ਕੰਮ ਹੀ ਕੋਈ ਨਹੀਂ ਕਿਸੇ ਯੂਨੀਵਰਸਿਟੀ ਦੇ ਪ੍ਰਬੰਧਕੀ ਬੋਰਡ ਜਾਂ ਸਿੰਡੀਕੇਟ ਵਿੱਚ। ਜੇ ਕੋਈ ਸਿਆਸੀ ਲੀਡਰ ਲੈਣਾ ਵੀ ਹੈ ਤਾਂ ਉੱਚ-ਕੋਟੀ ਦਾ ਹੋਣਾ ਚਾਹੀਦਾ ਹੈ ਅਤੇ ਜਿਸ ਦਾ ਵਿੱਦਿਆ ਨਾਲ ਕਾਫ਼ੀ ਮੱਸ ਹੋਵੇ। ਸਥਾਨਕ ਸਿਆਸੀ ਲੀਡਰ ਮੈਂਬਰ ਤਾਂ ਕਦੀ ਵੀ ਨਹੀਂ ਹੋਣਾ ਚਾਹੀਦਾ।

ਜਦ ਮੈਂ ਵਾਈਸ-ਚਾਂਸਲਰ ਦੀ ਜ਼ਿੰਮੇਵਾਰੀ ਸੰਭਾਲੀ, ਮੈਂ ਬੜਾ ਹੈਰਾਨ ਸਾਂ ਕਿ ਮੇਰੀਆਂ ਦੋ-ਤਿੰਨ ਚਿੱਠੀਆਂ ਲਿਖਣ 'ਤੇ ਵੀ ਸਿਖਿਆ-ਮੰਤਰੀ ਨੇ ਮੈਨੂੰ ਮਿਲਣ ਦਾ ਵਕਤ ਨਹੀਂ ਦਿੱਤਾ। ਜਦ ਇਕ ਵਾਰ ਦਿੱਤਾ ਵੀ ਤਾਂ ਮੇਰੇ ਜਾਣ 'ਤੇ ਕਿਤੇ ਉਠ ਕੇ ਚਲੇ ਗਏ। ਇਸ ਤੋਂ ਬਾਅਦ ਮੈਂ ਵਕਤ ਮੰਗਿਆ ਹੀ ਨਾ। ਜਦ ਮੇਰੇ ਵੱਲੋਂ ਚੁੱਪ-ਚਾਂਦ ਹੀ ਹੋ ਗਈ ਤਾਂ ਤਕਰੀਬਨ ਚਾਰ ਮਹੀਨੇ ਬਾਅਦ (ਉਨ੍ਹਾਂ) ਮੈਨੂੰ ਪਟਿਆਲੇ ਸਰਕਟ ਹਾਊਸ ਵਿਚ ਇਕ ਦਿਨ ਸੱਦਿਆ। ਜਦ ਮੈਂ ਗਿਆ ਤਾਂ ਸਾਰਿਆਂ ਨੂੰ ਕਮਰੇ 'ਚੋਂ ਤੋਰ ਦਿੱਤਾ ਅਤੇ ਮੇਰੇ ਨਾਲ ਇਕੱਲੇ ਬੈਠ ਗਏ। ਪਹਿਲੋਂ ਤਾਂ ਮੇਰੀਆਂ ਕਾਫ਼ੀ ਵਡਿਆਈਆਂ ਕੀਤੀਆਂ। ਤੁਸੀਂ ਮੰਨੇ-ਪ੍ਰਮੰਨੇ ਅਕਾਦਮੀਸ਼ਨ ਹੋ, ਆਦਿ। ਫਿਰ ਕਹਿਣ ਲੱਗੇ, ਪਰ ਮੈਂ ਨਾਰਾਜ਼ ਹਾਂ ਕਿ ਤੁਸੀਂ ਮੈਨੂੰ, ਚਾਰ ਮਹੀਨੇ ਹੋ ਗਏ, ਮਿਲੇ ਹੀ ਨਹੀਂ। ਸਿਖਿਆ-ਮੰਤਰੀ ਤੋਂ ਬਿਨਾਂ ਕੰਮ ਨਹੀਂ ਚੱਲਦਾ ਹੁੰਦਾ। ਮੈਨੂੰ ਮਿਲਣਾ ਤੁਹਾਡਾ ਫ਼ਰਜ਼ ਸੀ। ਮੈਂ ਇਹ ਧੂੰਆਂ-ਧਾਰ ਗੱਲਾਂ ਚੁੱਪ ਕਰ ਕੇ ਸੁਣਦਾ ਰਿਹਾ ਅਤੇ ਜਦ ਉਹਨਾਂ ਦਾ ਜ਼ੋਰ ਲੱਗ ਹਟਿਆ ਤਾਂ ਮੈਂ ਕਿਹਾ, "ਜੇ ਇਜਾਜ਼ਤ ਹੋਵੇ ਤਾਂ ਮੈਂ ਵੀ ਕੁਛ ਕਹਾਂ?" ਮੈਂ ਸਾਰੀ ਗੱਲ ਸੁਣਾਈ ਕਿ ਮੈਂ ਕਿੰਨੀ ਕੋਸ਼ਿਸ਼ ਕੀਤੀ ਤੁਹਾਨੂੰ ਮਿਲਣ ਦੀ। ਜਿੱਦਣ ਤੁਸੀਂ ਵਕਤ ਦੇ ਕੇ ਵੀ ਚਲੇ ਗਏ ਦਫ਼ਤਰੋਂ, ਮੈਂ ਸਮਝਿਆ ਤੁਸੀਂ ਮੈਨੂੰ ਮਿਲਣਾ ਨਹੀਂ ਚਾਹੁੰਦੇ। ਤੁਸੀਂ ਹੁਣ ਸੱਦਿਆ, ਮੈਂ ਆ ਗਿਆ। ਮੈਂ ਵੀ ਜਾਣਦਾ ਹਾਂ ਕਿ ਸਿੱਖਿਆ-ਮੰਤਰੀ ਬਿਨਾ ਕੰਮ ਨਹੀਂ ਚੱਲਦਾ, ਪਰ ਜੇ, ਮੰਤਰੀ ਜੀ , ਤੁਸੀਂ ਮਿਲਣਾ ਹੀ ਨਾ ਚਾਹੋ ਤਾਂ ਮੈਂ ਕੀ ਕਰ ਸਕਦਾ ਹਾਂ। ਦਰਵਾਜ਼ਿਆਂ ਅੱਗੇ ਘੁੰਮਣਾ ਮੇਰੀ ਫ਼ਿਤਰਤ ਨਹੀਂ। ਜਦ ਵਕਤ ਦਿਓਗੇ, ਸੱਦੋਗੇ, ਜੇ ਨਾ ਆਵਾਂ ਤਾਂ ਦੋਸ਼ੀ ਹਾਂ। ਨਾਲੇ ਯੂਨੀਵਰਸਿਟੀ ਦੇ ਸਹੀ ਜਾਂ ਵਧੀਆ ਜਾਂ ਘਟੀਆ ਚੱਲਣ ਦੀ ਜ਼ਿੰਮੇਵਾਰੀ ਵਿੱਚ ਤੁਸੀਂ ਵੀ ਓਨੇ ਹੀ ਭਾਈਵਾਲ ਹੋ। ਮੇਰੀ ਕੋਈ ਘਰ ਦੀ ਦੁਕਾਨ ਤਾਂ ਹੈ ਨਹੀਂ ਇਹ ਸੰਸਥਾ! ਖਰੀਆਂ-ਖਰੀਆਂ ਸੁਣ ਵਜ਼ੀਰ ਸਾਹਿਬ ਹਿੱਲ ਗਏ ਅਤੇ ਸੁਲਹ ਦੇ ਵਾਤਾਵਰਣ ਵਿਚ ਗੱਲਾਂ ਹੋਣ ਲੱਗੀਆਂ। ਆਖ਼ਰ ਇਕ ਪਰਚੀ ਉਤੇ ਦੋ ਰੋਲ-ਨੰਬਰ ਲਿਖੇ, ਦੇ ਕੇ ਕਹਿਣ ਲੱਗੇ- 'ਇਹ ਲਾਅ ਦੇ ਵਿਦਿਆਰਥੀ ਹਨ, ਇਨ੍ਹਾਂ ਦੀਆਂ ਗ਼ੈਰ-ਹਾਜ਼ਰੀਆਂ ਮਾਫ਼ ਕਰ ਦੇਣਾ ਇਮਤਿਹਾਨ ਦੇਣ ਲਈ।' ਪੱਟਿਆ ਪਹਾੜ ਤਾਂ ਨਿਕਲਿਆ ਚੂਹਾ! ਮੈਂ ਕਦੀ ਸੋਚਿਆ ਵੀ ਨਹੀਂ ਸੀ ਕਿ ਇਕ ਵਜ਼ੀਰ ਏਨੀ ਚੜ੍ਹਤ ਤੋਂ ਏਨਾ ਭੁੰਜੇ ਡਿੱਗ ਪਏਗਾ। ਖ਼ੈਰ ਮੈਂ ਆ ਗਿਆ। ਪਰਚੀ ਪਾੜ ਦਿੱਤੀ ਕਿਉਂਕਿ ਮੈਂ ਤਾਂ ਗ਼ੈਰ-ਹਾਜ਼ਰੀਆਂ ਮਾਫ਼ ਕਰਨ ਦੇ ਹੱਕ ਵਿਚ ਹੀ ਨਹੀਂ ਸਾਂ ਅਤੇ ਮੈਂ ਆਪਣੇ ਤਿੰਨ ਸਾਲ ਦੀ ਟਰਮ ਵਿਚ ਇਕ ਗ਼ੈਰ-ਹਾਜ਼ਰੀ ਵੀ ਕਿਸੇ ਦੀ ਵੀ ਮਾਫ਼ ਨਹੀਂ ਕੀਤੀ। ਇਹ ਸੀ ਪੰਜਾਬ ਸਰਕਾਰ ਦੇ ਉਦੋਂ ਦੇ ਸਤਿਕਾਰਯੋਗ ਸਿੱਖਿਆ ਮੰਤਰੀ ਜੀ ਨਾਲ ਮੇਰੀ ਪਹਿਲੀ ਮੁਲਾਕਾਤ।

ਗ਼ੈਰ-ਹਾਜ਼ਰੀਆਂ ਦੇ ਸਬੰਧ ਵਿਚ ਇਕ ਹੋਰ ਕੇਸ ਮੇਰੇ ਕੋਲ ਪਟਿਆਲੇ ਦੇ ਇਨਕਮ ਟੈਕਸ ਅਧਿਕਾਰੀਆਂ ਦਾ ਆਇਆ ਜੋ ਸ਼ਾਮ ਦੀਆਂ ਕਲਾਸਾਂ ਦੇ ਵਿਦਿਆਰਥੀ ਸਨ ਅਤੇ ਆਦਤਨ ਕਦੀ ਕਲਾਸਾਂ ਵਿਚ ਹਾਜ਼ਰ ਨਹੀਂ ਸਨ ਹੁੰਦੇ। ਜਦ ਮੈਂ ਨਾਂਹ ਕਰ ਦਿੱਤੀ ਤਾਂ ਪੰਜ-ਛੇ ਜਣੇ ਇਕੱਠੇ ਹੋ ਕੇ ਆਏ ਅਤੇ ਜ਼ੋਰ ਪਾਉਣ ਲੱਗੇ ਕਿ ਗ਼ੈਰ-ਹਾਜ਼ਰੀਆਂ ਮਾਫ਼ ਕਰ ਦਿਓ, ਅਸੀਂ ਬੜੇ ਕੰਮ ਆਉਣ ਵਾਲੇ ਅਫ਼ਸਰ ਹਾਂ। ਮੈਂ ਸੁਣਦਾ

Sri Satguru Jagjit Singh Ji eLibrary NamdhariElibrary@gmail.com

ਰਿਹਾ ਅਤੇ ਆਖ਼ਰ ਕਿਹਾ ਕਿ ਤੁਸੀਂ ਤਾਂ ਬਹੁਤ ਜ਼ਿੰਮੇਵਾਰ ਅਫ਼ਸਰ ਹੋ- ਜੇ ਤੁਸੀਂ ਵੀ ਜ਼ਿੰਮੇਵਾਰੀ ਤੋਂ ਕੰਮ ਨਾ ਲਵੋ ਤਾਂ ਬਾਕੀ ਦੇ ਕੀ ਕਰਨਗੇ? ਤੁਹਾਡੇ 'ਤੇ ਤਾਂ ਆਮ ਵਿਦਿਆਰਥੀਆਂ ਨਾਲੋਂ ਵੱਧ ਸਖ਼ਤੀ ਨਾਲ ਰੂਲ ਲਾਗੂ ਹੋਣੇ ਚਾਹੀਦੇ ਹਨ। ਬਾਕੀ ਰਹੀ ਕੰਮ ਆਉਣ ਦੀ ਗੱਲ, ਤਨਖ਼ਾਹ ਤੋਂ ਬਿਨਾਂ ਮੇਰੀ ਕੋਈ ਆਮਦਨ ਨਹੀਂ; ਤੁਸੀਂ ਮੇਰੇ ਕਿਸੇ ਕੰਮ ਨਹੀਂ ਆ ਸਕਦੇ। ਗ਼ੈਰ-ਹਾਜ਼ਰੀਆਂ ਤਾਂ ਮਾਫ਼ ਨਾ ਹੋਈਆਂ, ਪਿਆਰ ਨਾਲ ਚਾਹ ਪਿਆ ਕੇ ਤੋਰ ਦਿੱਤੇ। ਮੈਨੂੰ ਯਕੀਨ ਹੈ ਕਿ ਉਨ੍ਹਾਂ ਬੁਰਾ ਨਹੀਂ ਮੰਨਿਆ ਅਤੇ ਮੇਰੀ ਗੱਲ ਸਮਝ ਗਏ।

ਇਕ ਹੋਰ ਕੇਸ ਇਕ ਲੜਕੀ ਦਾ ਆਇਆ ਜਿਸ ਦਾ ਸਿਰਫ਼ ਇਕ ਲੈਕਚਰ ਘੱਟ ਸੀ, ਉਹਦੇ ਕਹਿਣ ਮੁਤਾਬਕ। ਇਸ ਨੇ ਆਪਣੇ ਬਾਪ-ਰਿਸ਼ਤੇਦਾਰਾਂ ਨੂੰ ਲੈ ਕੇ ਪਤਾ ਨਹੀਂ ਕੀ-ਕੀ ਪਾਪੜ ਵੇਲੇ। ਆਪਣੇ ਪਿਉ ਅਤੇ ਦੋ ਹੋਰ ਬੰਦਿਆਂ ਨਾਲ ਮੇਰੇ 'ਤੇ ਜ਼ੋਰ ਦੇਣ ਲੱਗੀ ਕਿ ਇੱਕੋ ਹੀ ਤਾਂ ਲੈਕਚਰ ਘੱਟ ਹੈ। ਮੈਂ ਉਹਦੇ ਬਾਪ ਨੂੰ ਸਮਝਾਇਆ ਕਿ ਇਕ ਨਹੀਂ, ਇਹਦੇ ਬਹੁਤ ਲੈਕਚਰ ਘੱਟ ਹਨ। ਪਹਿਲੋਂ ਇਹਨੇ ਆਪਣੇ ਪ੍ਰਿੰਸੀਪਲ ਤੋਂ ਗ਼ੈਰ-ਹਾਜ਼ਰੀਆਂ ਦੀ ਮਾਫ਼ੀ ਲਈ, ਫੇਰ ਕੁਝ ਪ੍ਰਤੀਸ਼ਤ ਡੀਨ ਅਕਾਦਮਕ ਮਾਮਲਿਆਂ ਤੋਂ ਮਾਫ਼ ਕਰਵਾਏ- ਜਦ ਫੇਰ ਵੀ ਪੂਰੀ ਗ਼ੈਰ-ਹਾਜ਼ਰੀ ਮਾਫ਼ ਨਹੀਂ ਹੋਈ ਤਾਂ ਮੇਰੇ ਕੋਲ ਆਈ ਹੈ। ਜੇ ਇਕੋ ਲੈਕਚਰ ਦੀ ਗੱਲ ਸੀ ਤਾਂ ਆਹ ਕਈਆਂ ਜਣਿਆਂ ਦੇ ਏਨੇ ਦਿਨ ਜ਼ਾਇਆ ਕਰਨ ਨਾਲੋਂ ਅਤੇ ਇਸ ਖੱਜਲ-ਖੁਆਰੀ ਨਾਲੋਂ ਇਕ ਲੈਕਚਰ ਹੀ ਅਟੈਂਡ ਕਿਉਂ ਨਾ ਕਰ ਲਿਆ? ਆਖ਼ਰ ਕੋਈ ਜਵਾਬ ਨਹੀਂ ਸੀ। ਲੈਕਚਰ ਦੀ ਗ਼ੈਰ-ਹਾਜ਼ਰੀ ਮਾਫ਼ ਨਾ ਹੋਈ। ਤਰਸ ਤਾਂ ਆਇਆ ਪਰ ਮਾਮਲਾ ਅਸੂਲ ਦਾ ਸੀ ਅਤੇ ਬੱਚੇ ਨੂੰ ਸਬਕ ਦੇਣ ਦਾ ਸੀ।

ਅਤਿਵਾਦ: ਮੇਰਾ ਵਾਈਸ-ਚਾਂਸਲਰੀ ਦਾ ਸਮਾਂ ਬਹੁਤ ਔਖਾ ਸਮਾਂ ਸੀ। ਰੋਜ਼ ਨਿਰਦੋਸ਼ ਵਿਅਕਤੀ ਅੱਤਵਾਦੀਆਂ ਦੇ ਹੱਥੋਂ ਮਾਰੇ ਜਾਂਦੇ ਸਨ। ਪੁਲੀਸ ਵੀ ਕਾਫ਼ੀ ਜ਼ਿਆਦਤੀਆਂ ਕਰਦੀ ਸੀ। ਯੂਨੀਵਰਸਿਟੀ ਨੇ ਬਹੁਤ ਯੋਗਦਾਨ ਪਾਇਆ, ਸ਼ਹਿਰ ਵਿਚ ਅਮਨ ਮਾਰਚ ਕਰ ਕੇ ਅਤੇ ਜਨਤਾ ਵਿੱਚ ਵਿਚਰ ਕੇ ਵੀ। ਪਟਿਆਲੇ ਦਾ ਅਮਨ ਮਾਰਚ ਕਾਫ਼ੀ ਤਾਰੀਖ਼ੀ ਸੀ। ਇਸ ਅਮਨ ਮਾਰਚ ਦੀ ਮੈਂ ਅਗਵਾਈ ਕੀਤੀ ਅਤੇ ਬਹੁਤ ਹੀ ਲੋਕਾਂ ਨੇ ਹਿੱਸਾ ਲਿਆ। ਆਖ਼ਰ ਇਕ ਦਿਨ ਬੱਸ ਵਿਚੋਂ ਕੱਢ ਕੇ ਦਸ ਬੰਦੇ ਮਾਰੇ ਜਾਣ ਨਾਲ ਕਾਂਗਰਸ ਦੀ ਸ੍ਰ. ਦਰਬਾਰਾ ਸਿੰਘ ਦੀ ਸਰਕਾਰ ਖ਼ਤਮ ਹੋ ਗਈ ਅਤੇ ਗਵਰਨਰ ਦਾ ਰਾਜ ਲਾਗੂ ਹੋ ਗਿਆ। ਸਖ਼ਤੀ ਵਧ ਗਈ ਅਤੇ ਬੇ-ਅਮਨੀ ਵੀ। ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਬੈਨ ਕਰ ਦਿੱਤੀ ਗਈ। ਮੈਂ ਇਸ ਦੇ ਹੱਕ ਵਿਚ ਨਹੀਂ ਸਾਂ। ਮੈਂ ਗਵਰਨਰ ਅਤੇ ਉਸ ਵੇਲੇ ਦੇ ਗਵਰਨਰ ਦੇ ਸਲਾਹਕਾਰ ਡਾ. ਸਿੱਧੂ ਨਾਲ ਗੱਲਬਾਤ ਕੀਤੀ। ਮੇਰਾ ਵਿਚਾਰ ਸੀ ਕਿ ਫ਼ੈਡਰੇਸ਼ਨ ਨੂੰ ਗ਼ੈਰ-ਕਨੂੰਨੀ ਕਰਾਰ ਦੇਣ ਨਾਲ ਗੜਬੜ ਹੋਰ ਵਧ ਸਕਦੀ ਹੈ। ਗਵਰਨਰ ਨੇ ਕਿਹਾ ਕਿ ਅਸੀਂ ਹੁਣ ਤੱਕ 112 ਬੰਦੇ ਇਸ ਫ਼ੈਡਰੇਸ਼ਨ ਦੇ ਫੜੇ ਹਨ। ਇਨ੍ਹਾਂ ਵਿਚ ਸਿਰਫ਼ ਛੇ ਵਿਦਿਆਰਥੀ ਹਨ। ਇਸ ਕਰਕੇ ਤੁਹਾਡੇ ਵਿਦਿਅਕ ਢਾਂਚੇ 'ਤੇ ਇਨ੍ਹਾਂ ਗ੍ਰਿਫ਼ਤਾਰੀਆਂ ਦਾ ਕੋਈ ਅਸਰ ਨਹੀਂ ਹੋਣਾ ਚਾਹੀਦਾ। ਮੈਂ ਕਿਹਾ ਕਿ ਮੈਂ ਵਿਦਿਅਕ ਅਦਾਰਿਆਂ ਦੀ ਨਹੀਂ, ਸਗੋਂ ਸਾਰੇ ਪੰਜਾਬ ਦੀ ਸੋਚ ਰਿਹਾ ਹਾਂ। ਜੇ 112 ਬੰਦਿਆਂ ਵਿਚੋਂ 106 ਵਿਦਿਆਰਥੀ ਨਹੀਂ ਤਾਂ ਇਨ੍ਹਾਂ ਨੂੰ ਵਿਦਿਆਰਥੀ ਸੰਸਥਾ ਦਾ ਨਾਂ ਦੇ ਕੇ ਇਨ੍ਹਾਂ ਨੂੰ ਇਹ ਇੱਜ਼ਤ ਕਿਉਂ ਬਖ਼ਸ਼ੀ ਜਾਂਦੀ ਹੈ? ਕੀ ਸਰਕਾਰ ਕੋਲ ਹੋਰ ਕਨੂੰਨ ਨਹੀਂ ਜਿਸ ਹੇਠ ਇਹ ਬੰਦੇ ਹਿਰਾਸਤ ਵਿਚ ਲਏ ਜਾਂਦੇ? ਗਵਰਨਰ ਪਾਂਡੇ (ਆਈ.ਸੀ.ਐਸ.) ਬਹੁਤ ਸਮਝਦਾਰ ਅਤੇ ਹੰਢੇ ਹੋਏ ਪ੍ਰਸ਼ਾਸਕ ਸਨ। ਮੇਰੇ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਹਿਣ ਲੱਗੇ- ਇਹ ਹੁਕਮ ਉਤੋਂ ਹੋਏ ਹਨ। ਮੇਰੇ ਵੱਸ ਦੀ ਗੱਲ ਨਹੀਂ। ਦੂਸਰੇ ਦਿਨ ਅਸੀਂ ਚਾਰੇ ਵਾਈਸ-ਚਾਂਸਲਰਾਂ ਨੇ ਗਵਰਨਰ ਨੂੰ ਇਸੇ ਮਾਮਲੇ ਬਾਰੇ ਮਿਲਣਾ ਸੀ। ਪ੍ਰੋਗਰਾਮ ਸੀ ਕਿ ਵਾਈਸ-ਚਾਂਸਲਰਾਂ ਦੀ ਸਲਾਹ ਦਾ ਆਸਰਾ ਲੈ ਕੇ ਕੇਂਦਰੀ ਸਰਕਾਰ ਨੂੰ ਇਹ ਬੈਨ ਹਟਾਉਣ ਲਈ ਕਿਹਾ ਜਾਏ। ਸਰਕਾਰ (ਗਵਰਨਰ) ਵੀ ਇਸ ਨਾਲ ਸਹਿਮਤ ਸੀ, ਪਰ ਇਕ ਵਾਈਸ-ਚਾਂਸਲਰ ਨੇ ਆਪਣਾ ਨਾਂ ਅਖ਼ਬਾਰ ਵਿੱਚ ਛਪਿਆ ਵੇਖਣ ਲਈ ਪਹਿਲਾਂ ਹੀ ਸ਼ਾਮ ਨੂੰ ਬਿਆਨ ਦੇ ਦਿੱਤਾ ਕਿ ਅਸੀਂ ਚਾਰੇ ਵਾਈਸ-ਚਾਂਸਲਰ ਸਰਕਾਰ ਨਾਲ ਗੱਲਬਾਤ ਕਰ ਕੇ ਇਹ ਬੈਨ ਉਠਾਉਣ ਲੱਗੇ ਹਾਂ। ਇਸ ਨਾਲ ਇਹ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਵੀ ਖ਼ੁਸ਼ ਕਰਨਾ ਚਾਹੁੰਦੇ ਸਨ। ਇਸ ਦਾ ਨਤੀਜਾ ਹੋਇਆ ਕਿ ਸਾਡੇ ਜਾਣ ਤੋਂ ਪਹਿਲੋਂ ਹੀ ਗਵਰਨਰ ਅਤੇ ਐਡਵਾਈਜ਼ਰ ਭਰੇ-ਪੀਤੇ ਬੈਠੇ ਸਨ। ਮੀਟਿੰਗ ਸ਼ੁਰੂ ਹੁੰਦਿਆਂ ਹੀ ਬਿਆਨ ਦੀ ਚਰਚਾ ਸ਼ੁਰੂ ਹੋ ਗਈ ਅਤੇ ਗੱਲ ਕਿਸੇ ਸਿਰੇ ਨਾ ਲੱਗੀ। ਪਰ ਕਿਉਂਕਿ ਸਰਕਾਰ ਨੂੰ ਇਹ ਯਕੀਨ ਹੋ ਚੁੱਕਾ ਸੀ ਕਿ ਇਹ ਕਦਮ ਗਲਤ ਚੁੱਕਿਆ ਗਿਆ ਹੈ, ਛੇਤੀ ਹੀ ਇਹ ਬੈਨ, ਪਿੱਛੋਂ, ਹਟਾ ਲਿਆ ਗਿਆ ਸੀ।

ਕਈ ਵਾਰ ਸਰਕਾਰੀ ਅਤੇ ਖ਼ਾਸ ਕਰਕੇ ਪੁਲੀਸ ਦੀ ਪਹੁੰਚ ਏਨੀ ਲਕੀਰ ਦੀ ਫ਼ਕੀਰ ਹੁੰਦੀ ਹੈ ਅਤੇ ਸੋਚ ਤੋਂ ਵਾਂਝੀ ਹੁੰਦੀ ਹੈ ਕਿ ਉਹ ਫ਼ਾਇਦੇ ਨਾਲੋਂ ਨੁਕਸਾਨ ਵੱਧ ਕਰਦੀ ਹੈ। ਇਕ ਦਿਨ ਯੂਨੀਵਰਸਿਟੀ ਦਾ ਇਕ ਵਿਦਿਆਰਥੀ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ ਕਿ ਮੇਰੀ ਚੋਣ ਆਰਮੀ ਕਮਿਸ਼ਨ ਵਿਚ ਹੋ ਗਈ ਹੈ ਪਰ ਮੈਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਵਾਈਸ-ਪ੍ਰੈਜ਼ੀਡੈਂਟ ਰਿਹਾ ਹਾਂ। ਮੇਰੀ ਮਦਦ ਕਰੋ ਅਤੇ ਪੁਲੀਸ ਨੂੰ ਕਹਿਕੇ ਮੇਰੀ ਰਿਪੋਰਟ ਠੀਕ ਕਰਵਾ ਦਿਓ। ਮੈਂ ਡੀਨ ਵਿਦਿਆਰਥੀ ਭਲਾਈ ਦੇ ਹੱਥ ਸੰਗਰੂਰ ਦੇ ਐਸ.ਐਸ.ਪੀ. ਨੂੰ ਸੁਨੇਹਾ ਭੇਜਿਆ ਕਿ ਇਸ ਵਿਦਿਆਰਥੀ ਦਾ ਕਮਿਸ਼ਨ ਵਾਸਤੇ ਕੇਸ ਮੇਰੀ ਜ਼ਿੰਮੇਵਾਰੀ 'ਤੇ ਸਹੀ ਕਰ ਦੇਵੇ। ਉਸ ਨੇ ਕਿਹਾ ਕਿ ਮੈਂ ਤਾਂ ਉਸ ਮੁੰਡੇ ਨੂੰ ਗ੍ਰਿਫ਼ਤਾਰ ਕਰਨਾ ਹੈ। ਜਦ ਮੈਨੂੰ ਇਹ ਮਹਿਸੂਸ ਹੋਇਆ ਕਿ ਪੁਲੀਸ ਇਸ ਕੇਸ ਨੂੰ ਖਾਹ-ਮਖਾਹ ਖ਼ਰਾਬ ਕਰੇਗੀ ਤਾਂ ਮੈਂ ਸਿੱਧਾ ਗਵਰਨਰ ਪਾਸ ਚਲਾ ਗਿਆ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਜਿਹੜਾ ਨੌਜੁਆਨ ਦਰਖ਼ਾਸਤ ਦੇ ਕੇ ਆਪਣੇ ਆਪ ਨੂੰ ਭਾਰਤੀ ਫ਼ੌਜ ਵਿਚ ਭਰਤੀ ਹੋਣਾ ਲੋਚਦਾ ਹੈ ਅਤੇ

Sri Satguru Jagjit Singh Ji eLibrary NamdhariElibrary@gmail.com

ਉਸ ਵਿਚ ਏਨੀ ਕਾਬਲੀਅਤ ਹੈ ਕਿ ਚੁਣਿਆ ਵੀ ਗਿਆ ਹੈ, ਉਹ ਦੇਸ਼ ਜਾਂ ਸਮਾਜ ਵਿਰੋਧੀ ਕਿਵੇਂ ਹੋ ਸਕਦਾ ਹੈ? ਜੇ ਫ਼ੈਡਰੇਸ਼ਨ ਦਾ ਮੈਂਬਰ ਰਿਹਾ ਹੈ ਤਾਂ ਕਿਹੜੀ ਵੱਡੀ ਗੱਲ ਹੈ, ਮੈਂ ਕਈ ਸਿਰ-ਕੱਢ ਕਾਂਗਰਸੀਆਂ ਦੇ ਨਾਂ ਦੱਸ ਸਕਦਾ ਹਾਂ, ਜੋ ਆਪਣੇ ਵਿਦਿਆਰਥੀ ਸਮੇਂ ਇਸ ਫ਼ੈਡਰੇਸ਼ਨ ਦੇ ਪ੍ਰਧਾਨ ਰਹੇ ਹਨ। ਇਹ ਤੁਹਾਡੀ ਮਰਜ਼ੀ ਹੈ ਕਿ ਇਸ ਨੌਜੁਆਨ ਨੂੰ ਦੇਸ਼ ਦੇ ਭਵਿੱਖ ਦਾ ਜਰਨੈਲ ਬਣਾ ਦਿਓ ਜਾਂ ਇਕ ਬੜਾ ਜ਼ਹੀਨ ਪਰ ਸਤਿਆ ਹੋਇਆ ਅੱਤਵਾਦੀ ਬਣਾ ਕੇ ਇਸ ਦੀ ਬੰਦੂਕ ਦਾ ਮੂੰਹ ਆਪਣੇ ਹੀ ਲੋਕਾਂ ਵੱਲ ਕਰ ਦਿਓ। ਗਵਰਨਰ ਸਾਹਿਬ ਦੇ ਗੱਲ ਪੱਲੇ ਪੈ ਗਈ ਅਤੇ ਇੰਟੈਲੀਜੈਂਸ ਦੇ ਪੁਲੀਸ ਡਾਇਰੈਕਟਰ ਨੂੰ ਟੈਲੀਫ਼ੋਨ ਕਰ ਕੇ ਮੇਰੇ ਸਾਹਮਣੇ ਹੀ ਐਸ.ਐਸ.ਪੀ.ਸੰਗਰੂਰ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਕਿ ਇਸ ਨੌਜੁਆਨ ਦੀ ਕਮਿਸ਼ਨ ਲਈ ਪੁਲੀਸ ਕਲੀਅਰੈਂਸ ਦਿੱਤੀ ਜਾਏ। ਅੱਜ ਉਹ ਨੌਜੁਆਨ ਭਾਰਤੀ ਫ਼ੌਜ ਦਾ ਅਫ਼ਸਰ ਹੈ, ਨਹੀਂ ਤਾਂ ਕਿਤੇ ਮਾਰਿਆ ਹੀ ਜਾਂਦਾ ਜਾਂ ਖਾੜਕੂ ਗਰਦਾਨਿਆ ਜਾਂਦਾ। ਸਾਡਾ ਪ੍ਰਸ਼ਾਸਨ ਅਤੇ ਪੁਲੀਸ, ਕੇਸ ਨੂੰ ਉਸਦੇ ਨਫ਼ੇ-ਨੁਕਸਾਨ ਦੇ ਅਧਾਰ 'ਤੇ ਨਹੀਂ ਵੇਖਦੀ। ਹਰੇਕ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਇੱਕੋ ਡੰਡਾ ਵਰਤਿਆ ਜਾਂਦਾ ਹੈ। ਬੇਦਰਦੀ, ਬੇਰਹਿਮੀ, ਬੇਈਮਾਨੀ ਹਰ ਪਾਸੇ ਪ੍ਰਬਲ ਹਨ। ਕਿਸੇ ਨੌਜੁਆਨ ਨੂੰ ਸੁਧਾਰ ਕੇ ਸ਼ਹਿਰੀ ਬਣਾਉਣ ਦੀ ਤਾਂ ਕੋਈ ਸੋਚਦਾ ਹੀ ਨਹੀਂ। ਨਾ ਬਣਨ ਵਾਲਿਆਂ ਨੂੰ ਵੀ ਖਾੜਕੂ ਬਣਾਈ ਜਾਂਦੇ ਹਨ ਆਪਣੀਆਂ ਬੇਸਮਝੀਆਂ ਨਾਲ ਅਤੇ ਬੇਰਹਿਮੀਆਂ ਨਾਲ। ਇਸ ਤਰ੍ਹਾਂ ਇਕ ਸਿੱਖ ਨੌਜੁਆਨ ਅਧਿਆਪਕ ਦੀ ਜੋ ਦੁਰਦਸ਼ਾ ਹੋਈ, ਮੈਨੂੰ ਹਮੇਸ਼ਾਂ ਖਟਕਦੀ ਰਹੇਗੀ। ਇਹ ਨੌਜੁਆਨ ਧਰਮ ਦਾ ਵਿਦਵਾਨ ਸੀ। ਕਿਤੇ ਇਸੇ ਵਿਸ਼ੇ ਦੀ ਇਕ ਜਰਮਨ ਸਕਾਲਰ ਇਸ ਦੇ ਸੰਪਰਕ ਵਿਚ ਆਈ। ਉਸ ਦੀਆਂ ਸਿੱਖੀ, ਆਦਿ, ਦੀਆਂ ਇੱਕ-ਦੋ ਚਿੱਠੀਆਂ ਪੁਲੀਸ ਦੇ ਹੱਥ ਆ ਗਈਆਂ। ਇਨ੍ਹਾਂ ਚਿੱਠੀਆਂ ਵਿਚ ਤਾਂ ਕੁਝ ਵੀ ਨਹੀਂ ਸੀ, ਪਰ ਮੂੰਹ ਮਾਰਨ ਵਾਲਿਆਂ ਨੇ ਇਸ ਨੂੰ ਸ਼ੱਕੀ ਬਣਾ ਦਿੱਤਾ। ਪੁਲੀਸ ਨੇ ਇਸ ਦੇ ਘਰ ਛਾਪਾ ਮਾਰਿਆ। ਇਹ ਹੈ ਨਹੀਂ ਸੀ ਘਰ। ਜਦ ਵਾਪਸ ਆਏ ਨੂੰ ਪਤਾ ਲੱਗਾ ਤਾਂ ਆਪਣੇ ਆਪ ਪੇਸ਼ ਹੋ ਗਿਆ। ਇਸ ਨੂੰ ਕਾਫ਼ੀ ਚਿਰ ਪੁਲੀਸ ਨੇ ਫੜੀ ਰੱਖਿਆ। ਤਸੀਹੇ ਵੀ ਦਿੱਤੇ। ਇਸ ਵਿਚਾਰੇ ਵਿਚ ਨਾ ਕੁਝ ਸੀ ਨਾ ਨਿਕਲਿਆ। ਇਸ ਦੀ ਬੀਵੀ ਅਤੇ ਬੱਚੇ ਬੜੇ ਪ੍ਰੇਸ਼ਾਨ ਹੋਏ। ਖ਼ੈਰ ਮੈਂ ਇਸ ਦੀ ਤਨਖ਼ਾਹ ਬੰਦ ਨਾ ਕੀਤੀ। ਜਦ ਤੱਕ ਕਿਸੇ ਕੇਸ ਵਿਚ ਇਲਜ਼ਾਮ ਸਾਬਿਤ ਨਹੀਂ ਹੁੰਦਾ, ਮੁਅੱਤਲ ਕਰਨ ਦਾ ਵੀ ਕੋਈ ਸੁਰ ਨਹੀਂ ਸੀ। ਇਸ ਦੇ ਬੀਵੀ-ਬੱਚਿਆਂ ਨੂੰ ਤਨਖ਼ਾਹ ਤਾਂ ਮਿਲਦੀ ਰਹੀ; ਪਰ ਇਸ ਪ੍ਰੋਫ਼ੈਸਰ ਦੀ ਪੁਲੀਸ ਨੇ ਬੁਰੀ ਹਾਲਤ ਕੀਤੀ। ਮੈਂ ਵੀ ਬੜੀ ਕੋਸ਼ਿਸ਼ ਕੀਤੀ ਪਰ ਪੁਲੀਸ ਰਾਜ ਵਿਚ ਕੋਈ ਸੁਣਵਾਈ ਹੀ ਨਹੀਂ ਸੀ। ਇਸ ਨੇ ਮੈਨੂੰ ਹਵਾਲਾਤ 'ਚੋਂ ਇਕ ਚਿੱਠੀ ਲਿਖੀ ਜੋ ਬੜੀ ਦਰਦਨਾਕ ਸੀ। ਮੈਂ ਉਸ ਵੇਲੇ ਦੇ ਗਵਰਨਰ ਦੇ ਦੋ ਸਲਾਹਕਾਰਾਂ (ਸ. ਧਨੋਆ ਅਤੇ ਸ੍ਰੀ ਸੁਰਿੰਦਰ ਨਾਥ) ਨੂੰ ਉਹ ਚਿੱਠੀ ਦਿੱਤੀ ਕਿ ਮੇਰੀ ਸ਼ਾਹਦੀ 'ਤੇ ਇਸ ਨੌਜੁਆਨ ਵਿਦਵਾਨ ਨੂੰ ਛੱਡ ਦਿੱਤਾ ਜਾਏ। ਖ਼ੈਰ ਜ਼ਮਾਨਤ 'ਤੇ ਉਸ ਨੂੰ ਛੱਡ ਦਿੱਤਾ ਗਿਆ, ਪਰ ਪੁਲੀਸ ਫੇਰ ਪਿੱਛਾ ਨਾ ਛੱਡੇ। ਕਚਹਿਰੀ ਵਿਚ ਗਏ ਨੂੰ ਇਹ ਵੀ ਡਰ ਕਿ ਫੇਰ ਨਾ ਫੜਿਆ ਜਾਏ। ਪੁਲੀਸ ਕਿਸੇ ਨਾ ਕਿਸੇ ਕੇਸ ਵਿਚ ਫਸਾ ਕੇ ਫੇਰ ਫੜਨ ਨੂੰ ਤਤਪਰ ਸੀ। ਇਲਜ਼ਾਮ ਲਾਏ ਕਿ ਇਸ ਨੇ ਸਟੇਸ਼ਨ ਸਾੜਿਆ ਅਤੇ ਹੋਰ ਵੀ ਜੋ ਕੋਈ ਅੱਗੇ-ਪਿੱਛੇ ਘਟਨਾ ਹੋਈ ਇਸ ਦੇ ਸਿਰ ਮੜ੍ਹ ਦਿੱਤੀ। ਆਖ਼ਰ ਮੈਂ ਗਵਰਨਰ ਅਤੇ ਸਾਰੇ ਐਡਵਾਈਜ਼ਰਾਂ ਕੋਲ ਪਿੱਟ-ਸਿਆਪਾ ਕੀਤਾ ਕਿ ਇਕ ਚੰਗੇ ਭਲੇ ਸਮਝਦਾਰ ਵਿਦਵਾਨ ਨੂੰ ਕਿਉਂ ਅਪਰਾਧ ਅਤੇ ਵਿਦਰੋਹ ਦੇ ਰਸਤੇ 'ਤੇ ਬਦੋ-ਬਦੀ ਧੱਕਿਆ ਜਾ ਰਿਹਾ ਹੈ? ਮਸਾਂ ਸੁਣਵਾਈ ਹੋਈ। ਕਈਆਂ ਚਿਰਾਂ ਪਿੱਛੋਂ ਇਸਦਾ ਛੁਟਕਾਰਾ ਹੋਇਆ। ਮੈਂ ਸਮਝਦਾ ਹਾਂ ਕਿ ਪੰਜਾਬ ਪੁਲੀਸ ਜਿੰਨੀ ਘਟੀਆ ਅਤੇ ਗਿਰੀ ਹੋਈ ਪੁਲੀਸ ਸ਼ਾਇਦ ਹੀ ਕਿਤੇ ਹੋਵੇ। ਝੂਠ ਬੋਲਣਾ ਅਤੇ ਝੂਠੇ ਕੇਸ ਬਣਾਉਣਾ ਤਾਂ ਇਨ੍ਹਾਂ ਦੀ ਆਦਤ ਹੀ ਬਣ ਗਈ ਹੈ। ਸੱਚ ਇਨ੍ਹਾਂ ਦੇ ਕਿਤੇ ਨੇੜਿਓਂ-ਤੇੜਿਓਂ ਦੀ ਵੀ ਨਹੀਂ ਲੰਘਿਆ। ਪੁਲੀਸ ਹੁੰਦੀ ਤਾਂ ਜਨਤਾ ਦੀ ਸੇਵਾ ਲਈ ਹੈ, ਪਰ ਇਹ ਛਿੱਤਰ ਅਤੇ ਡੰਡੇ ਦੀ ਸੇਵਾ ਤੋਂ ਬਿਨਾਂ ਜਨਤਾ ਦੀ ਹੋਰ ਕੋਈ 'ਸੇਵਾ' ਨਹੀਂ ਕਰਦੇ। ਇਹ ਤਾਂ ਸਰਕਾਰੀ ਮਨਜ਼ੂਰ-ਸ਼ੁਦਾ ਅਪਰਾਧੀ ਹਨ ਜੋ ਜਨਤਾ, ਖ਼ਾਸ ਕਰਕੇ ਭਲੇਮਾਣਸਾਂ ਦਾ ਲਹੂ ਪੀਂਦੇ ਹਨ। ਮੇਰਾ ਪੱਕਾ ਯਕੀਨ ਹੈ ਕਿ ਜੇ ਪੰਜਾਬ ਦੀ ਪੁਲੀਸ ਉਕੀ ਖ਼ਤਮ ਕਰ ਦਿੱਤੀ ਜਾਏ ਤਾਂ ਘੱਟੋ-ਘੱਟ ਤਿੰਨ-ਚੌਥਾਈ ਅਪਰਾਧ ਆਪਣੇ-ਆਪ ਖ਼ਤਮ ਹੋ ਜਾਣਗੇ। ਲੋਕਾਂ ਨੂੰ ਇਨ੍ਹਾਂ ਦੀਆਂ ਸ਼ਕਲਾਂ ਤੋਂ ਨਫ਼ਰਤ ਹੈ। ਇਹਨਾਂ ਵਿਚੋਂ ਬਹੁਤ ਸਾਰੇ ਆਪ ਲੁਟੇਰੇ , ਅਪਰਾਧੀ, ਕਾਤਲ ਅਤੇ ਭਰਿਸ਼ਟ ਹਨ। ਪਤਾ ਨਹੀਂ ਜੇ ਅਗਲਾ ਜਨਮ ਹੈ ਤਾਂ ਉਸ ਵਿੱਚ ਇਨ੍ਹਾਂ ਦਾ ਕਿੱਦਾਂ ਨਬੇੜਾ ਹੋਏਗਾ। ਆਪ ਵੀ ਖ਼ੂਨ ਪੀਂਦੇ ਹਨ ਆਪਣੇ ਬੀਵੀ-ਬੱਚਿਆਂ ਨੂੰ ਵੀ ਲੋਕਾਂ ਦਾ ਖ਼ੂਨ ਪਿਲਾਉਂਦੇ ਹਨ। ਇਨ੍ਹਾਂ ਨੂੰ ਵੇਖ ਕੇ ਘ੍ਰਿਣਾ ਹੁੰਦੀ ਹੈ ਅਤੇ ਡਰ ਲੱਗਦਾ ਹੈ ਲੋਕਾਂ ਨੂੰ। ਕਹਿੰਦੇ ਹਨ ਕਈ ਜਨਮਾਂ ਦੇ ਚੰਗੇ ਕਰਮ ਕਰਨ ਨਾਲ ਆਦਮੀ ਨੂੰ ਇਕ ਜਨਮ ਰਾਜ-ਯੋਗ ਵਿਚ ਮਿਲਦਾ ਹੈ। ਇਸ ਜਨਮ ਵਿਚ ਉਸ ਦੇ ਹੱਥ ਸੱਤਾ ਅਤੇ ਇਨਸਾਫ਼ ਕਰਨ ਵਾਲੀ ਪਦਵੀ ਮਿਲਦੀ ਹੈ। ਕਿਸੇ ਰਾਜੇ ਬਾਦਸ਼ਾਹ ਤੋਂ ਲੈ ਕੇ ਸਾਰੀਆਂ ਉਚ-ਅਧਿਕਾਰ ਵਾਲੀਆਂ ਪਦਵੀਆਂ ਰਾਜ-ਯੋਗ ਵਿੱਚ ਹੁੰਦੀਆਂ ਹਨ। ਜੇ ਇਸ ਰਾਜ-ਯੋਗ ਵਿਚ ਆਦਮੀ ਇਨਸਾਫ਼ 'ਤੇ ਚਲਦਾ ਹੈ, ਹਮਦਰਦੀ ਵਿਖਾਉਂਦਾ ਹੈ ਅਤੇ ਆਪਣੀ ਸੱਤਾ ਜਾਂ ਅਧਿਕਾਰ ਕਿਸੇ ਦੀ ਸਹੀ ਮਦਦ ਲਈ ਵਰਤਦਾ ਹੈ ਤਾਂ ਉਹ ਨਿਰਵਾਣ ਪ੍ਰਾਪਤ ਕਰ ਜਾਂਦਾ ਹੈ। ਪਰ ਇਸ ਯੋਗ ਵਿਚ ਗਲਤ ਰਸਤੇ 'ਤੇ ਚਲਣ ਵਾਸਤੇ ਕਾਫ਼ੀ ਖਿੱਚ ਹੁੰਦੀ ਹੈ। ਆਮ ਲੋਕ ਆਪਣੀ ਸੱਤਾ ਜਾਂ ਅਧਿਕਾਰ ਬੇਇਨਸਾਫ਼ੀ, ਭ੍ਰਿਸ਼ਟਾਚਾਰ ਅਤੇ ਦੂਸਰਿਆਂ ਨੂੰ ਦੁਖੀ ਕਰਨ 'ਤੇ ਵਰਤ ਦਿੰਦੇ ਹਨ। ਇਹੋ ਜਿਹੇ ਵਿਅਕਤੀ ਸਿੱਧੇ ਨਰਕਾਂ ਦੇ ਅਧਿਕਾਰੀ ਹੋ ਜਾਂਦੇ ਹਨ। ਪੁਲੀਸ ਦਾ ਅਧਿਕਾਰੀ ਹੋਣਾ ਵੀ ਰਾਜ-ਯੋਗ ਵਿਚ ਪੈਦਾ ਹੋਣਾ ਹੈ। ਇਹ ਭ੍ਰਿਸ਼ਟ ਅਤੇ ਜ਼ਾਲਮ ਅਧਿਕਾਰੀ ਆਪਣੇ ਪਿਛਲੇ ਜਨਮਾਂ ਦੀ ਕੀਤੀ ਕਮਾਈ ਖ਼ੂਹ ਵਿਚ ਪਾਈ ਜਾਂਦੇ ਹਨ। ਕਿਤੇ ਤਾਂ ਹਿਸਾਬ ਦੇਣਾ

Sri Satguru Jagjit Singh Ji eLibrary NamdhariElibrary@gmail.com

ਹੀ ਪੈਂਦਾ ਹੈ:

'ਉਥੇ ਕਰਮਾਂ 'ਤੇ ਹੋਣ ਨਬੇੜੇ,
ਜ਼ਾਤ ਕਿਸੇ ਪੁਛਣੀ ਨਹੀਂ'

ਚਲੋ ਪੁਲੀਸ ਵਾਲਿਆਂ ਦੀ ਕੀ ਹੋਰ ਗੱਲ ਕਰਨੀ ਹੈ, ਪ੍ਰਮਾਤਮਾ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ!

ਕਿਸੇ ਯੂਨੀਵਰਸਿਟੀ ਨੂੰ ਸਮਝਣ ਲਈ ਉਸ ਦੀਆਂ ਵੱਖ-ਵੱਖ ਪਰਤਾਂ ਨੂੰ ਸਮਝਣਾ ਜ਼ਰੂਰੀ ਹੈ। ਕਿਸੇ ਵੀ ਵਾਈਸ-ਚਾਂਸਲਰ ਨੂੰ ਕੁਝ ਦੇਰ ਲੱਗਦੀ ਹੈ ਇਨ੍ਹਾਂ ਨੂੰ ਸਮਝਣ ਨੂੰ ਅਤੇ ਇਨ੍ਹਾਂ ਦੀ ਮਾਨਸਿਕਤਾ ਨੂੰ ਸਮਝਣਾ ਬਹੁਤ ਜ਼ਰੂਰੀ ਵੀ ਹੈ। ਮੈਂ ਸਮਝਦਾ ਹਾਂ ਕਿ ਵਾਈਸ-ਚਾਂਸਲਰ ਦੀ ਤਿੰਨ ਸਾਲ ਦੀ ਟਰਮ ਬਹੁਤ ਥੋੜ੍ਹੀ ਹੈ। ਸਾਲ ਲੱਗ ਜਾਂਦਾ ਹੈ ਬਾਹਰੋਂ ਆਏ ਕਿਸੇ ਵਿਅਕਤੀ ਨੂੰ ਇਹ ਸਮਝਣ ਲਈ ਅਤੇ ਇਹ ਜਾਨਣ ਲਈ ਕਿ ਕੌਣ ਕੀ ਹੈ? ਇਕ ਸਾਲ ਰਹਿੰਦੇ 'ਤੇ ਯੂਨੀਅਨਾਂ ਸਰਗਰਮ ਹੋ ਜਾਂਦੀਆਂ ਹਨ ਅਤੇ ਜੇ ਵਾਈਸ-ਚਾਂਸਲਰ ਦੀ ਹੋਰ ਇਕ ਟਰਮ ਦੀ ਇੱਛਾ ਹੋਵੇ ਤਾਂ ਉਹ ਉਸ ਲਈ ਦੌੜ-ਭੱਜ ਸ਼ੁਰੂ ਕਰ ਦਿੰਦਾ ਹੈ। ਇਨ੍ਹਾਂ ਦੋਹਾਂ ਪੱਖਾਂ ਤੋਂ ਯੂਨੀਵਰਸਿਟੀ ਦੇ ਕੰਮ ਦਾ ਨੁਕਸਾਨ ਹੁੰਦਾ ਹੈ। ਮੇਰੇ ਵਿਚਾਰ ਵਿੱਚ ਵੀ.ਸੀ. ਦੀ ਟਰਮ ਪੰਜ ਸਾਲ ਦੀ ਹੋਣੀ ਚਾਹੀਦੀ ਹੈ ਅਤੇ ਇਕੋ ਟਰਮ ਹੀ ਹੋਣੀ ਚਾਹੀਦੀ ਹੈ। ਦੂਜੀ ਬਿਲਕੁਲ ਨਹੀਂ। ਮੇਰੇ ਆਪਣੇ ਕਰੀਅਰ ਲਈ ਤਾਂ ਤਿੰਨ ਸਾਲ ਕਾਫ਼ੀ ਸਨ ਕਿਉਂਕਿ ਮੇਰੇ ਵਾਸਤੇ ਨੈਸ਼ਨਲ ਅਵਾਰਡ "ਪ੍ਰੋਫੈਸਰ ਆਫ ਐਮੀਨੈਂਸ" ਦਾ ਫ਼ੈਸਲਾ ਹੋ ਚੁੱਕਾ ਸੀ। ਜਦ ਮੈਂ ਵਾਈਸ-ਚਾਂਸਲਰ ਦੀ ਪਦਵੀ ਗ੍ਰਹਿਣ ਕਰ ਲਈ ਤਾਂ 15-20 ਦਿਨ ਪਿਛੋਂ ਇਹ ਅਵਾਰਡ ਮੈਨੂੰ ਦਿੱਤਾ ਗਿਆ ਕਿਉਂਕਿ ਮੈਂ ਵੀ.ਸੀ. ਦੀ ਡਿਊਟੀ ਸੰਭਾਲ ਲਈ ਸੀ। ਉਸ ਵਕਤ ਛੱਡ ਕੇ ਜਾਣਾ ਨਾ ਮੇਰੇ ਲਈ ਅਤੇ ਨਾ ਹੀ ਯੂਨੀਵਰਸਿਟੀ ਲਈ ਵਾਜਬ ਸੀ, ਇਸ ਕਰਕੇ ਮੈਂ ਬੇਨਤੀ ਕੀਤੀ ਸੀ ਕਿ ਤਿੰਨ ਸਾਲ ਇਸ ਅਵਾਰਡ ਨੂੰ ਮੁਲਤਵੀ ਕਰ ਦਿੱਤਾ ਜਾਏ। ਮੈਂ ਤਾਂ ਇਸ ਕਰਕੇ ਉਤਾਵਲਾ ਸਾਂ ਕਿ ਕਦ ਮੇਰੀ ਟਰਮ ਪੂਰੀ ਹੋਵੇ ਅਤੇ ਕਦ ਮੈਂ ਉਹ ਅਵਾਰਡ ਲਵਾਂ, ਕਿਉਂਕਿ ਆਈ.ਸੀ.ਆਰ. ਦਾ ਸੋਸ਼ਲ ਸਾਇੰਸਜ਼ ਦਾ ਇਹ ਪਹਿਲਾ ਅਵਾਰਡ ਸੀ (ਹਾਲਾਂ ਤੱਕ ਕੋਈ ਹੋਰ ਅਵਾਰਡ ਵੀ ਕਿਸੇ ਨੂੰ ਨਹੀਂ ਮਿਲਿਆ) ਅਤੇ ਮੇਰੇ ਵਾਸਤੇ ਬੜੇ ਮਾਣ ਦੀ ਗੱਲ ਸੀ- ਪਰ ਯੂਨੀਵਰਸਿਟੀ ਲਈ ਮੇਰੇ ਵਾਸਤੇ ਇਹ ਸਮਾਂ ਥੋੜ੍ਹਾ ਸੀ। ਮੇਰਾ ਟੀਚਾ ਸੀ ਕਿ ਯੂਨੀਵਰਸਿਟੀ ਦੇ ਕੈਂਪਸ ਦੀ ਵਿਦਿਆ ਪ੍ਰਣਾਲੀ ਕਾਲਜਾਂ ਨਾਲੋਂ ਵੱਖਰੀ ਕਰ ਦਿਆਂ, ਜਿਥੇ ਕਿ ਯੂਨੀਵਰਸਿਟੀ ਜਦੋਂ ਤੱਕ ਹੋਰ ਤਬਦੀਲੀ ਨਹੀਂ ਆਉਂਦੀ, ਕਾਲਜਾਂ ਦੇ ਵਿਦਿਆਰਥੀਆਂ ਦੇ ਇਮਤਿਹਾਨ ਤਾਂ ਲੈਂਦੀ ਰਹੇ ਪਰ ਕੈਂਪਸ ਦੀ ਪੜ੍ਹਾਈ ਵੱਖਰੀ ਹੋਵੇ ਅਤੇ ਇਸਦਾ ਪੂਰਾ ਸਿਸਟਮ ਹੀ ਵੱਖਰਾ ਹੋਵੇ। ਮੇਰਾ ਪ੍ਰੋਗਰਾਮ ਸੀ ਕਿ ਸਾਰੀ ਪੜ੍ਹਾਈ ਸੈਮੀਨਾਰ ਸਿਸਟਮ 'ਤੇ ਪਾ ਦਿੱਤੀ ਜਾਵੇ। ਇਹ ਤਾਂ ਮੈਂ ਕਰ ਵੀ ਦਿੱਤਾ ਸੀ। ਪਰ ਜੋ ਮੇਰੇ ਦਿਮਾਗ਼ ਵਿੱਚ ਸੀ ਉਹ ਸਿਰਫ਼ ਮੈਂ ਹੀ ਸਮਝਦਾ ਸਾਂ। ਭਾਵੇਂ ਯੂਨੀਵਰਸਿਟੀ ਦੀ ਅਕਾਦਮਕ ਕੌਂਸਲ ਅਤੇ ਹੋਰ ਕਮੇਟੀਆਂ ਇਸ ਵਿੱਚ ਪੂਰੀ ਤਰ੍ਹਾਂ ਜ਼ਿੰਮੇਵਾਰ ਸਨ, ਪਰ ਜੋ ਉਲਝਣਾਂ ਪੈਦਾ ਹੁੰਦੀਆਂ ਹਨ, ਉਨ੍ਹਾਂ ਦਾ ਹੱਲ ਮੈਂ ਹੀ ਕਰ ਸਕਦਾ ਸਾਂ। ਇਹ ਨਹੀਂ ਕਿ ਕਿਸੇ ਹੋਰ ਦੀ ਕਾਬਲੀਅਤ ਜਾਂ ਸਮਰਥਾ ਨਹੀਂ ਸੀ, ਸਗੋਂ ਇਸ ਕਰਕੇ ਕਿ ਇਹ ਸਾਰਾ ਪ੍ਰੋਗਰਾਮ ਅਤੇ ਇਸਦੀ ਰੂਪ-ਰੇਖਾ ਇਕ ਵੱਖਰੀ ਕਿਸਮ ਦੀ ਮੇਰੀ ਆਪਣੀ ਸੀ, ਇਸ ਕਰਕੇ ਸਮੱਸਿਆਵਾਂ ਵੀ ਵੱਖਰੀਆਂ ਸਨ, ਜਿਨ੍ਹਾਂ ਨੂੰ ਮੈਂ ਬਖ਼ੂਬੀ ਸਮਝਦਾ ਸਾਂ। ਸੋ ਮੈਂ ਡਰਾਮਾ ਵਿਭਾਗ ਤੋਂ ਲੈ ਕੇ ਸਪੇਸ ਸਾਇੰਸ ਤੱਕ ਸਾਰੀ ਪੜ੍ਹਾਈ ਸੈਮੀਨਾਰ ਸਿਸਟਮ ਵਿਚ ਬਦਲ ਦਿੱਤੀ। ਪਰਿਵਰਤਨ ਮੇਰੇ ਵਿਚਾਰ ਵਿੱਚ ਠੀਕ ਚੱਲ ਰਿਹਾ ਸੀ। ਪਰ ਹਾਲੇ ਪੂਰੀਆਂ ਪੱਕੀਆਂ ਲੀਹਾਂ ਉਤੇ ਨਹੀਂ ਪਿਆ ਸੀ ਕਿ ਮੇਰੀ ਟਰਮ ਖ਼ਤਮ ਹੋ ਗਈ। ਪਿਛੋਂ ਇਹ ਉਲਝਣਾਂ ਪੂਰੀ ਤਰ੍ਹਾਂ ਸੁਲਝਾਈਆਂ ਨਾ ਜਾ ਸਕੀਆਂ। ਜੇ ਮੇਰੇ ਪਾਸ ਦੋ ਸਾਲ ਹੋਰ ਹੁੰਦੇ ਤਾਂ ਮੈਂ ਇਮਤਿਹਾਨਾਂ ਦਾ ਸਿਸਟਮ ਵੀ "ਇੰਟਰਨਲ ਈਵੈਲੂਏਸ਼ਨ" ਦੇ ਅਧਾਰ 'ਤੇ ਕਰ ਦੇਣਾ ਸੀ ਅਤੇ ਅਮਰੀਕਨ ਯੂਨੀਵਰਸਿਟੀਆਂ ਵਾਂਗੂੰ ਸਾਰੇ ਵਿਦਿਅਕ ਢਾਂਚੇ ਵਿੱਚ ਸਡੌਲਤਾ ਅਤੇ ਪ੍ਰਗਤੀਸ਼ੀਲਤਾ ਆ ਜਾਣੀ ਸੀ। ਨਕਲਾਂ ਅਤੇ ਟਿਊਸ਼ਨਾਂ ਦਾ ਨਾਸੂਰ ਖ਼ਤਮ ਹੋ ਜਾਣਾ ਸੀ ਪਰ ਮੇਰੇ ਕੋਲ ਤਾਂ ਇਹ ਸਭ ਕੁਝ ਕਰਨ ਲਈ ਸਮਾਂ ਹੀ ਨਹੀਂ ਸੀ। ਸਾਡੇ ਸਿਆਸੀ ਆਗੂਆਂ ਨੂੰ ਤਾਂ ਇਨ੍ਹਾਂ ਚੀਜ਼ਾਂ ਦੀ ਸੋਚਣ ਦੀ ਵਿਹਲ ਹੀ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਇਨ੍ਹਾਂ ਪ੍ਰਗਤੀਆਂ ਦਾ ਕੋਈ ਫ਼ਾਇਦਾ ਹੀ ਹੁੰਦਾ ਹੈ। ਇਹ ਇਨ੍ਹਾਂ ਕਦੀ ਸੋਚਿਆ ਹੀ ਨਹੀਂ ਕਿ ਕੌਣ ਇਹੋ ਜਿਹੀ ਜ਼ਿੰਮੇਵਾਰੀਆਂ ਨਿਭਾਅ ਸਕਦਾ ਹੈ। ਉਸ ਵੇਲੇ ਦੇ ਮੁੱਖ-ਮੰਤਰੀ ਨੂੰ ਤਾਂ ਜੇਲ੍ਹ 'ਚੋਂ ਛੁਟੇ ਕਿਸੇ ਵਿਅਕਤੀ ਨੂੰ ਵਾਈਸ-ਚਾਂਸਲਰੀ ਦੇਣ ਦੀ ਅਚੋਵਾਈ ਲੱਗੀ ਹੋਈ ਸੀ।

ਫੇਰ ਵੀ ਮੈਂ ਆਪਣਾ ਤਜਰਬਾ ਥਾਪਰ ਇੰਸਟੀਚਿਊਟ 'ਤੇ ਕੀਤਾ ਜੋ ਉਸ ਵਕਤ ਯੂਨੀਵਰਸਿਟੀ ਨਾਲ ਐਫ਼ੀਲੀਏਟਡ ਸੀ। ਇਹ ਸਾਰੀ ਪੜ੍ਹਾਈ ਸੈਮੀਨਾਰ ਸਿਸਟਮ 'ਤੇ ਸੀ। ਮੈਂ ਇਨ੍ਹਾਂ ਨੂੰ ਇੰਟਰਨਲ ਈਵੈਲੂਏਸ਼ਨ ਦੀ ਸਕੀਮ ਬਣਾਅ ਕੇ ਦਿੱਤੀ ਕਿ ਤੁਸੀਂ ਇਸ ਸਿਸਟਮ ਨਾਲ ਸਿਰਫ਼ ਨਤੀਜਾ ਯੂਨੀਵਰਸਿਟੀ ਨੂੰ ਭੇਜ ਦਿਆ ਕਰੋ ਅਤੇ ਯੂਨੀਵਰਸਿਟੀ ਇਹ ਨਤੀਜਾ ਜਿਉਂ ਦਾ ਤਿਉਂ ਡਿਕਲੇਅਰ ਕਰ ਦਿਆ ਕਰੇਗੀ। ਇਸਦੇ ਨਾਲ ਹੀ ਉਨ੍ਹਾਂ ਦੀ ਮਦਦ ਕਰਕੇ ਇਹ ਇੰਸਟੀਚਿਊਟ "ਡੀਮਡ ਯੂਨੀਵਰਸਿਟੀ" ਵੀ ਬਣਵਾ ਦਿੱਤੀ ਗਈ। ਇਸ ਨਾਲ ਭਾਵੇਂ ਸਰਕਾਰ ਮੇਰੇ ਨਾਲ ਨਰਾਜ਼ ਹੋ ਗਈ ਕਿ ਸਾਡਾ ਕੰਟਰੋਲ ਖ਼ਤਮ ਕਰ ਦਿੱਤਾ।

ਮੈਂ ਸਿੱਖਿਆ-ਮੰਤਰੀ ਅਤੇ ਸਿੱਖਿਆ-ਸਕੱਤਰ ਨੂੰ ਸਮਝਾਇਆ ਕਿ ਵਿਦਿਆ ਦੇ ਖੇਤਰ ਵਿੱਚ ਗੱਲ ਕੰਟਰੋਲ ਦੀ ਨਹੀਂ ਹੁੰਦੀ। ਕੰਟਰੋਲ ਨੂੰ ਤਾਂ ਤੁਹਾਡੇ ਕੋਲ ਹੋਰ ਬਹੁਤ ਅਦਾਰੇ ਅਤੇ ਸੰਸਥਾਵਾਂ ਨੇ। ਇਥੇ ਸਵਾਲ ਇਸ ਪ੍ਰਦੇਸ਼ ਵਿੱਚ ਅੱਛਾ ਵਿਦਿਆ ਢਾਂਚਾ ਉਸਾਰਨ ਦਾ ਹੈ। ਇਕ ਅੱਛੀ ਵਿਦਿਅਕ ਸੰਸਥਾ ਦਾ "ਡੀਮਡ ਯੂਨੀਵਰਸਿਟੀ" ਬਣ ਜਾਣਾ ਸਾਡੇ ਸਾਰਿਆਂ ਲਈ ਮਾਣ ਦੀ ਗੱਲ ਹੋਣੀ ਚਾਹੀਦੀ ਹੈ ਪਰ ਜਦ ਕਿਸੇ ਦੀ ਅਥਾਰਟੀ ਖ਼ਤਮ ਹੁੰਦੀ ਹੈ ਤਾਂ ਇਹੋ ਜਿਹੀਆਂ ਗੱਲਾਂ ਉਹਨੂੰ ਬਹੁਤੀਆਂ ਚੰਗੀਆਂ ਨਹੀਂ ਲੱਗਦੀਆਂ।

Sri Satguru Jagjit Singh Ji eLibrary NamdhariElibrary@gmail.com

A Powerful Ambassador

Why I Saw 365 Movies in 365 Days!



I am a storyteller at heart, so it isn't surprising that I fell in love with movies.

When we were children, Bollywood was very different from what it is today. Most movies were in black and white. Then, there were Eastmancolor movies and black and white movies with some songs in colour, until finally, the move was made to colour feature films.

Meena Kumari's tragedies often brought tears to my eyes while Madhubala and Asha Parekh's beautiful song sequences remain etched in my mind. I can't let go of Sadhana and Waheeda Rahman's effortless beauty, while Sanjeev Kumar's powerful acting and Rajesh Khanna's charisma will remain with my generation until we are gone.

I have followed the evolution of Bollywood through the use of technology and also from simple innocent romances to the aggressive and bold portrayal of it today and from classical dances to the drill-team type of dances to breakdance and now, twerking.

Movies were generally taboo in those days and considered a luxury in a village such as mine. We lived in Shiggaon without access to a movie theatre. Besides, there was no electricity in those days. But to our absolute delight, we did get touring talkies in the summer, which were tents set up specifically to screen movies. It was the Lord's answer to our desperation! If we really wanted to see a film, we were accompanied by an adult and our chaperone would decide which movie we would watch. We could only see religious and inspiring movies such as Sri Krishna Tulabharam, Rama Vanavasa and Girija Kalyana. Occasionally, an exception was made and we were allowed to watch a children's movie under adult supervision. We would then go and tell our friends about it. On the big day, my cousins and I would eat early and fill our stomachs so that we wouldn't have to take a break during the movie. We would talk about the film for days on end after the screening. However, the movie-watching days were rare throughout the year.

But nothing stays the same forever. Life changed and I came to the small city of Hubli for my education where there were plenty of movie theatres. And yet, the taboo remained—a teenage girl shouldn't see romantic scenes. So while I happily saw them when I went with my friends, I had to listen to my aunt and close my eyes when I saw the same scenes with her or other senior members of the family.

As the months went past, I became bolder. At the end of every exam season, a bunch of us girls would go together to the movies. We would lie to our families that we were going for a film like Dashavathara (about the ten avatars of Lord Vishnu) and go watch a film of the dreamy hero Rajendra Kumar. All of us had secret crushes on the heroes but we felt awkward sharing this with each other.

When I made it to college, I became what must have been considered 'really bold'. I told my parents, 'I refuse to watch religious films. I have seen enough of them to last me a lifetime. Now, I want to see Rajesh Khanna's movies.'

I lived in a joint family and it was clear that the elders in the family felt astonished and perhaps a little embarrassed at my intensely transparent desire to watch a superstar's movies, especially a hero known for his ridiculous good looks and charm and the ability to drive away all common sense from a girl's mind.

From that day on, my aunt kept a close watch on my grades. The slightest hint of a fall would earn me the

Sri Satguru Jagjit Singh Ji eLibrary NamdhariElibrary@gmail.com

comment, 'It is no wonder that your marks are going down. The crappy romantic movies have distracted you and you are no longer able to focus as much as you should.'

Poor Rajesh Khanna was often blamed for my cousins' and my low marks. If only he had known!

Later, I made my way to Bengaluru for my post-graduation. It was heaven! The area known as Majestic boasted of at least thirty movie theatres such as Sangam, Alankar, Kempe Gowda and Majestic, on either side of the road. I frequently managed to watch two movies in one trip.

Once I was left to my own devices in the working ladies' hostel in Pune, there was absolutely no one to stop me and my love for films grew by leaps and bounds. It grew to such an extent that I could study only when movie soundtracks were playing in the background. Many of the students made fun of me.

One day, a few girls gathered at a friend's home.

Someone said to me, 'Movies are a wonderful source of entertainment. But it is like eating dessert every day. It is not good for your health and you will start disliking it at some point.'

'No way,' I protested. 'You can eat different desserts on different days and you'll never reach a point of disliking it. It's the same thing with movies.'

'Easy to say. Not so easy to implement. Are you willing to see a movie every day?'

'Of course I am.' I had no doubt that I could.

My friends were quite thrilled. 'Well, then let's bet on it. If you see 365 movies in 365 days, we will give you one hundred rupees and honour you as Miss Cinema.'

I nodded, quite excited. Thus I began my filmi journey.

Pune was a great city for watching movies. In those days, Nilayam Theatre would screen Raj Kapoor movies—a different one each day. There, I saw all his movies—from the earliest one to the most recent. Once that was done, I switched to the famous director–actor Guru Dutt and watched all his movies in Lakshmi Narayan Theatre. Boredom was nowhere in sight. Just when that was nearing its end, Prabhat Film Company, a pioneer in Marathi movies, began showing their films in Natraj Theatre, which was a stone's throw from my hostel. Some of these were movies from before my time and were those my father had seen when he was a student. So I watched them too—Manoos, Kunku, Shejari and Ramshastri, among others. During the days movies were in short supply, I stocked up on English classics at Rahul 70 mm Theatre—Gone with the Wind, To Sir with Love, Come September, The Ten Commandments, films featuring Charlie Chaplin, Laurel and Hardy, and other silent movies with subtitles. Occasionally, Deccan Theatre screened Kannada movies too.

At the end of the year, I had successfully watched 365 movies and became such an



expert that I could rate any movie that my friends could think of. I even understood the fundamentals for a movie's successful run. Necessary prerequisites consist of a tight story, good music, crisp conversation, excellent script and dialogues, fine acting by the lead roles, appropriate costumes, outstanding direction and careful editing. Then there was the matter of luck which remains undefined to this day. I have encountered films with excellent storylines that have turned out to be box-office flops. So while there is no exact formula for success, too much melodrama and a non-realistic storyline dooms a movie from the start. My deep interest in films took me to the next level—assessing the acting abilities of the heroes and the skills of the director. Thus I gradually turned into a movie pundit.

Now I am unable to watch as many movies as I would like due to my schedule, yet, I prefer going to a movie theatre, rather than watching it at home.

(MORE ON MOVIES- Ed)

I also have an interest in visiting countries that aren't considered popular tourist destinations. A few years ago,

Sri Satguru Jagjit Singh Ji eLibrary NamdhariElibrary@gmail.com

A Powerful Ambassador
Why I Saw 365 Movies in 365 Days!

I added Iran, Poland, Cuba, the Bahamas, Uzbekistan and Iceland to the list. These less visited countries have many advantages. They are not crowded and have fewer hotel reservations. The flight tickets to these places can be obtained at a short notice and you have the freedom to walk about anywhere you choose. Out of these four countries, the Bahamas was the most exotic of them all, even as I was introduced to the other countries and their specialties—whether it be their markets, vegetables, customs, cuisine, fashion and much more. I enjoy going to farmers' markets to sample the local goodies and always pick up something that I can carry around and eat.

During my visit to Iran, I was utterly fascinated to see yesteryear's Persia, especially since I was aware that we use almost 5000 Persian words in the local language of north Karnataka. The historical connection goes back to the days of the Adil Shahi dynasty. The official language in the court and the military was Persian. So it isn't surprising that many words and nuances of Persian architecture were absorbed by the locals in their language and can still be viewed in Bijapur and Bidar in Karnataka.

In the olden days, trade was an important part of administration and was responsible for bringing revenue into the kingdom. Many trader groups were in existence at that time, which enabled the exchange of goods from China to India and from India to the Western world. This also encouraged the sharing of culture through food, dance, theatre and cloth.

I decided to visit the local market in Shiraz, a prominent city, in an effort to better understand the culture and the type of merchandise and fare. At the market, I noticed a man busy making naans in a small stall and a few people waiting around for their order. The process was fascinating and the naans were ready to be served in a matter of a few minutes. When guests come home in Iran, women do not head to the kitchen and make rotis like we do in India. Instead, the man of the house goes to the naan and roomali roti (another type of thin flatbread) shop and gets them freshly made and in big quantities.

All the cooking made me feel hungry and I approached the man. 'I want to buy two of them,' I said in English.

It was clear that he wasn't too familiar with English, but he understood my request. Soon, he handed me two warm naans on a paper. I noticed him observing my sari and the bindi on my forehead.

Since I didn't know the cost, I offered him a higher denomination currency note so that he could charge me appropriately and return the change. 'Amitabh Bachchan?' he asked.

When I didn't respond, he persisted, 'Salman Khan? Shah Rukh Khan?' After hearing the names of the famous Bollywood heroes, I realized what he was trying to say. 'Yes,' I replied. 'I am from the same country as them.'

He smiled. 'No money,' he said.

Even when I insisted, he refused. He added, 'India. Bollywood. Very nice.

Good dance. Good dress. Good music. Iranian like.'

I understood. Iranians like Bollywood. Since I come from the same land as some of the heroes they like, the man didn't want to take any money from me. He wanted to give them to me as a gift. He probably thought of it as a way of doing something in return for the heroes' countrymen.

'Salaam!' His words broke through my train of thought and he moved on to the next client behind me.

I held those precious naans closely and came back to my room and turned the television on. To my pleasant surprise and amusement, I saw Amitabh Bachchan conversing in Persian with Jaya Bhaduri in the movie Kabhi Khushi Kabhie Gham. I had no doubt—Bollywood movies were definitely a rage in this country. The Iranians may not understand the meaning of the songs, but they must like our storylines, the beautiful and flowing silk lehengas, the foot-tapping music, the grandeur of the sets and the acting of the lead characters.

My next visit was to Havana, the capital of Cuba. The city is cut off from Western

Sri Satguru Jagjit Singh Ji eLibrary NamdhariElibrary@gmail.com

civilization and remains isolated from most of the world. The local language is Spanish and I couldn't say a single word except 'gracias' or thank you. To my surprise, there didn't seem to be any tourists from India. The weather was warm and there were beautiful sheltered markets that helped us escape the heat. The markets had almost everything possible on sale, including handicrafts, fruits and juices.

So with a glass of coconut water in hand, I wandered through the markets with my sister, who found a bag in a store filled with wooden and leather goods. As I helped her inspect the quality of the bag, she began to negotiate the price—a habit that is part of the Indian DNA, irrespective of one's financial position. Using her hands, the seller indicated the price—fifteen pesos. I noticed a young man standing by watching the interaction with obvious interest. Meanwhile, my sister instantly indicated ten without knowing the true value of the item she was buying. The seller came down to eleven pesos but my sister proudly refused to budge. The woman grinned, agreed and said something in Spanish. I heard the names Madhuri Dixit and Aamir Khan thrown in as the transaction finally took place.

Just when we were about to walk away, the young man on the side finally spoke. 'Do you know why that lady gave you the bag for only ten pesos?' he asked in broken English.

I shook my head.

'She says that she is a big fan of Aamir Khan and Madhuri Dixit. She wants you to tell them that they have fans in Havana and the rest of Cuba.'

I was surprised. 'Can you ask the seller where she sees their movies?'

The seller smiled when she heard the question and said something to the young man.

'She gets the DVDs,' he turned to me and said.

'Are they pirated?' I asked.

'I don't know,' he said. 'I can ask her if you want.'

I decided not to pursue the conversation since we couldn't communicate effectively. While I didn't get all my answers, it was clear that Bollywood enjoyed a big presence internationally, and that I had got a five-peso discount because of it!

I recalled one of my visits to Mumbai where I had met a new-age Indian actor-director and had an animated discussion about movies, of course!

'Bollywood is not just about cinema,' I said. 'If somebody talks about the importance of good values, it may impact one person in the crowd. If someone writes about them, then it may change a few more. But if it is shown in Bollywood through a powerful story, then the impact is much more drastic. As an actor, one must own the responsibility to spread the right messages.'

He agreed with me.

The influence of Bollywood is phenomenal indeed.

My travel adventures also took me to Bukhara, the fifth largest city of Uzbekistan. As I went for an evening stroll, the faint tunes of a familiar song 'Tujh Mein Rab Dikhta Hai' wafted towards me. It was from the movie Rab Ne Bana Di Jodi. Just like the children who couldn't resist following the Pied Piper of Hamelin, my legs directed me towards the source of the music.

Within minutes, I found myself outside a restaurant by a pond—Lyabi House. As I attempted to enter, the doorman stopped me gently with a wave of his hand.

'I'm sorry, but the restaurant is at full capacity today and all our tables are occupied,' he said.

'But that song is mine!' I said, feeling as excited and proud as a six-year-old and pointing inside. 'I am from the country of that music!'

The doorman smiled and stepped aside to let me in.

Hurriedly, I entered the main room and walked right up to the singer, focused on his performance. By now, the music had changed and this time it was 'Tum Hi Ho' from Aashiqui 2. 'I am from India and this song is from my country,' I said to him, the moment he stopped singing.

'Hindustan?' he asked.

I nodded.

'Namaste!' he grinned and nodded his head vigorously, as if to acknowledge what I had just said. I looked around, and for the first time, I became aware of other people in the restaurant.

We tried to communicate quickly—he in Uzbek and I

Sri Satguru Jagjit Singh Ji eLibrary NamdhariElibrary@gmail.com

A Powerful Ambassador
Why I Saw 365 Movies in 365 Days!

in Hindi with aspattering of as many Persian words that I could remember. We failed quite miserably.

Then he smiled and his melodious voice filled the air—'Main Shayar To Nahi'. The song must have been quite popular among the locals because suddenly there was a round of applause from the people in the room.

This wasn't about a big achievement such as a space mission or a sports victory, but about running into common people listening to a slice of India in an unknown corner of the world. My whole being felt a rush of mixed emotions— above everything else, a sense of pride that I belonged to a special country.

Even people in a country like England share their love for Bollywood dance. Indian restaurants are popular and are often based on the theme of Bollywood. Iceland also has a restaurant named Gandhi in Reykjavik. There is a statue of late Yash Chopra, a renowned Indian filmmaker, in Interlaken, Switzerland, and a poster of Shah Rukh Khan and Kajol at the entrance of Mount Titlis, a mountain of the Uri Alps.

Bollywood has also contributed to Hollywood's food dishes. There is a drink called Piggy Chops in Milk Bar, West Hollywood, named after actress Priyanka Chopra, which consists of bananas, almonds, caramel sauce, vanilla ice cream and a splash of ginseng. Mallika Shake, on the other hand, is named after Mallika Sherawat and is a delicious mix of blueberries, blackberries, raspberries and strawberries, topped with chocolate sauce.

Young girls now want to dress like these heroines. I have seen several girls in my friend's boutique asking for dresses like the one Anushka Sharma wore in Band Baaja Baaraat or what Madhuri Dixit wore in Hum Aapke Hain Kaun.

Before my trip to Uzbekistan, I visited Iceland. I was a south Indian who wasn't used to wearing a sweater at any time of the year. Then how would I wear five layers of clothes? I must be the only crazy one wanting to visit the country, or so I thought. I was pretty sure that I wouldn't run into an Indian there because of the freezing temperatures.

When I finally reached the country for a prearranged tour, I met a nice local guide who greeted me in an accent I could barely understand. 'Do you want to see the locales of the "Gerua" song?' he asked.

I didn't understand a word and gazed at him in silence until he felt visibly uncomfortable. So he dug around in his bag and pulled out a DVD of the movie Dilwale starring Kajol and Shah Rukh Khan.

'Yes!' I exclaimed, as light dawned on me. I had seen the movie and had wondered where one of the song and dance sequences was shot.

On the way to Black Sand beach, he showed us the video of the song. The black pebbles and the floating icebergs took my breath away and we ended up spending a considerable amount of time there.

'We all love this song. It has made Iceland very popular with your countrymen and enhanced our tourism prospects,' he said.

As we headed back to the hotel, a Spanish fellow traveller next to me added, 'That is very true. We have benefited from Bollywood, too. The "Senorita" song from the movie Zindagi Na Milegi Dobara which was shot in Spain has made our country popular. The movie also brought the tomato festival to the limelight!'

I nodded. 'The movie has indeed made Spain a favoured holiday destination for Indians. We fancy the cities of Barcelona and Madrid and the La Tomatino festival. Somebody should consider giving an award to the movie's director Zoya Akhtar for enhancing the country's tourism income.'

I sat back and my mind wandered over the journey of Bollywood from black and white to colour movies, from Prithviraj Kapoor to Ranbir Kapoor, and from the touring talkies that operated for only three months a year to the movie-on-demand access that we have today.

Bollywood has graduated from being a part of the movie industry to becoming a vital partner when it comes to business generation. All in all, it is a great ambassador for our unique country.

Ex-Chairperson,INFOSYS Fdn
(UK's PM's mother in law)

Sri Satguru Jagjit Singh Ji eLibrary NamdhariElibrary@gmail.com



Hansa REGD.

Hansa Woolen Blankets & Mink Blankets

Manufacturer & Exporter of Wool & Wool Blended Fabrics, Blankets, Felt Cloth, Gaming Cloth (Billiard Cloth) & Shawls.
Exporting to 27 Countries.

Export Office:

Amritsar Swadeshi Textile Corp Pvt Ltd
Key Person: Mr Rajiv Khanna
Tel: +91 92160 14406, 82830 33162
Email: Info@hansablankets.com
VPO Nag Kalan, Majitha Road, Amritsar

Please visit us at :
www.aswm.com

Snow Bear Mink Blanket

The Most Modern Plant with Korean Collaboration in India Producing World Class Mink Blankets for International as well as for Home Market.
FOR TRADE ENQUIRIES PLEASE CONTACT :
Mr. Sachin Khanna, Email: info@aswm.com











Mink Blankets | Felt Cloth | Gaming Cloth | Shawls & Fabrics

Sri Satguru Jagjit Singh Ji eLibrary NamdhariElibrary@gmail.com